ਮਾਰਚ 2024

# ਗੁਰਮਤਿ ਵਿਰਸਾ

# GURMAT VIRSA गुरमति विरसा

Year-5, Issue-8, March 2024, Ludhiana gurmatvirsa@gmail.com Multilingual Price 25/-




## ਅੰਤਰਰਾਸ਼ਟਰੀ ਸਿੱਖ ਯੂਥ ਅਸੈਂਬਲੀ

### ਦੁਨੀਆ ਦੇ 4 ਦੇਸ਼ ਅਤੇ ਭਾਰਤ ਦੇ 21 ਰਾਜਾਂ ਤੋਂ 200 ਗੁਰਸਿੱਖ ਨੌਜਵਾਨ ਪਹਿਲੀ ਵਾਰ ਇਕ ਛੱਤ ਹੇਠ


ਅੰਤਰਰਾਸ਼ਟਰੀ ਸਿੱਖ ਯੂਥ ਅਸੈਂਬਲੀ
INTERNATIONAL SIKH YOUTH ASSEMBLY 2024
POWERED BY
NIRVANA
INTERNATIONAL

# ਗੁਰਮਤਿ ਵਿਰਸਾ

ਮਾਰਚ 2024 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ

## ਫ਼ੱਗਣ-ਚੇਤ ਮਹੀਨੇ ਦੇ ਖਾਸ ਦਿਹਾੜੇ

- ਨਾਨਕਸ਼ਾਹੀ ਸੰਮਤ 553 ਸ਼ੁਰੂ : 1 ਚੇਤ (14 ਮਾਰਚ)
- ਗੁਰਤਾਗੱਦੀ ਪਾਤਸ਼ਾਹੀ 7ਵੀਂ : 1 ਚੇਤ (14 ਮਾਰਚ)
- ਦਿੱਲੀ ਫਤਹਿ ਦਿਵਸ : 2 ਚੇਤ (15 ਮਾਰਚ)
- ਜੋਤੀ ਜੋਤਿ ਪਾਤਸ਼ਾਹੀ ਛੇਵੀਂ : 6 ਚੇਤ (19 ਮਾਰਚ)
- ਸ਼ਹੀਦੀ ਭਾਈ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ: 12 ਚੇਤ (25 ਮਾਰਚ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
**Editor- Gurbachan Singh Panwa ***
Responsible for collection of all Printed matter as per PRB Act
**Registration Number of the Newspaper**
**PUNMUL/2019/78309**

## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?

| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 8 |
| ਸ਼ਬਦ ਵਿਚਾਰ | 9 |
| ਗੁਰਮਤਿ ਦੇ ਸੰਦਰਭ ਵਿਚ: ਹੋਲੀ ਅਤੇ ਹੋਲਾ ਮਹੱਲਾ | 14 |
| ਬਾਬਾ ਬਘੇਲ ਸਿੰਘ ਵਲੋਂ ਦਿੱਲੀ ਫਤਹਿ | 17 |
| ਸ਼ਹੀਦ ਭਾਈ ਸੁਬੇਗ ਸਿੰਘ ਜੀ ਸ਼ਾਹਬਾਜ਼ ਸਿੰਘ ਜੀ | 18 |
| ਖੋਰਿਆ ਜਾ ਰਿਹਾ ਸਾਡਾ ਪੰਜਾਬ | 20 |
| ਨੰਨੇ ਵਾਰਸ | 22 |
| ਪ੍ਰਚਾਰ ਦਾ ਅਸਰ ਕਿਉਂ ਨਹੀਂ ਹੋ ਰਿਹਾ? | 24 |
| ਪੰਜਾਬੀਓ, ਦੇਸ਼ ਪੰਜਾਬ ਸੀ ਸਾਡਾ! | 26 |
| ਕਰੋੜਾਂ ਟਨ ਖਾਧ ਪਦਾਰਥ ਕਰ ਦਿੱਤੇ ਜਾਂਦੇ ਹਨ ਬਰਬਾਦ | 27 |
| ਕਾਵਿ ਕਿਆਰੀ | 29 |
| ਲੜੀਵਾਰ ਕਿਤਾਬ: ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 30 |
| ਲੜੀਵਾਰ ਕਿਤਾਬ: ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ... | 31 |
| ਸਿੱਖ ਤਿਓਹਾਰ (ਸਿੱਖ ਰਹੁਰੀਤ) ਕਿਤਾਬਚਾ | 33 |
| साहिब-ए-कमाल श्री गुरू गोबिंद सिंघ जी का विलक्षण... | 35 |
| Praises of Shri Guru Gobind Singh Ji by Bhai Nand... | 36 |
| ਸਿਹਤ ਸੰਭਾਲ | 38 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਜਨਵਰੀ ਮਹੀਨੇ ਦੀਆਂ ਸਰਗਰਮੀਆਂ | 41 |




## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਮਿਸ਼ਨਰੀ ਲਹਿਰ ਦੀ ਉੱਤਪਤੀ ਅਤੇ ਇਸਦੀ ਦੇਣ

ਇਹ ਲੇਖ ਨਨਕਾਣੇ ਸਾਹਿਬ ਦੇ ਸਾਕੇ ਨੂੰ ਸਮਰਪਿਤ ਹੈ

ਗੁਰੂਆਂ ਦੇ ਸਮੇਂ ਤੋਂ ਹੀ ਪੁਜਾਰੀ ਲੋਕ ਸਿੱਖ ਸਿਧਾਂਤ ਵਿਚ ਰਲਾ ਪਾਉਣ ਦੇ ਯਤਨ ਵਿਚ ਸੀ ਪਰ ਉਹ ਕਾਮਯਾਬ ਨਹੀਂ ਹੋ ਸਕੇ। ਗੁਰੂ ਕਾਲ ਮਗਰੋਂ ਅਜਿਹੇ ਗ੍ਰੰਥ ਤਿਆਰ ਕਰਾਏ, ਜਿਨ੍ਹਾਂ ਵਿਚ ਬ੍ਰਾਹਮਣੀ ਮੱਤ ਦਾ ਬੋਲਬਾਲਾ ਸੀ। ਗੁਰ ਬਿਲਾਸ ਛੇਵੀਂ, ਬਾਲੇ ਵਾਲੀ ਜਨਮ ਸਾਖੀ ਤੇ ਬਚਿਤ੍ਰ ਨਾਟਕ ਵਿਚ ਅਜਿਹੀ ਸਮੱਗਰੀ ਪਰੋਸੀ ਗਈ ਜਿਹੜੀ ਗੁਰਬਾਣੀ ਦੀ ਕਸਵੱਟੀ 'ਤੇ ਪੂਰੀ ਨਹੀਂ ਉਤਰਦੀ। ਗੁਰਦੁਆਰਿਆਂ ਵਿਚ ਸ਼ਬਦ ਵੀਚਾਰ ਦੀ ਥਾਂ 'ਤੇ ਇਨ੍ਹਾਂ ਗ੍ਰੰਥਾਂ ਦੀ ਵੀਚਾਰ ਨੇ ਥਾਂ ਲੈ ਲਿਆ। ਜਿਸ ਵਿਚਾਰਧਾਰਾ ਦਾ ਗੁਰੂ ਨਾਨਕ ਸਾਹਿਬ ਜੀ ਨੇ ਖੰਡਨ ਕੀਤਾ ਸੀ ਗੁਰੂ ਕਾਲ ਮਗਰੋਂ ਓਸੇ ਵਿਚਾਰਧਾਰਾ ਨੇ ਸਿੱਖੀ ਪਹਿਰਾਵੇ ਵਿਚ ਜਨਮ ਲੈ ਲਿਆ।

ਵਕਤ ਬੀਤਣ ਨਾਲ ਬ੍ਰਾਹਮਣੀ ਸੋਚ ਵਾਲੇ ਨਿਰਮਲੇ ਤੇ ਉਦਾਸੀਆਂ ਨੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲ ਲਿਆ। ਹੌਲੀ ਹੌਲੀ ਸਿੱਖੀ ਵਿਚਾਰਧਾਰਾ 'ਤੇ ਬ੍ਰਾਹਮਣੀ ਕਰਮ-ਕਾਂਡ ਦੀ ਰੰਗਤ ਚੜ੍ਹਨੀ ਸ਼ੁਰੂ ਹੋ ਗਈ। ਕਹਾਣੀ ਇੰਨੀ ਵਿਗੜ ਗਈ ਕਿ ਦੇਖਣ ਨੂੰ ਅਸੀਂ ਸਿੱਖ ਲੱਗਦੇ ਸੀ ਪਰ ਸਾਡੇ ਧਰਮ-ਕਰਮ ਸਨਾਤਨੀ ਮੱਤ ਵਾਲੇ ਹੋ ਗਏ ਸਨ। ਇਤਿਹਾਸ ਨੂੰ ਅਜਿਹੀ ਰੰਗਤ ਦਿੱਤੀ ਗਈ ਕਿ ਪੜ੍ਹਣ ਸੁਣਨ ਵਾਲਾ ਇਹੀ ਸਮਝਦਾ ਸੀ ਕਿ ਸ਼ਾਇਦ ਗੁਰੂਆਂ ਦਾ ਜੀਵਨ ਦੇਵੀ ਦੇਵਤਿਆਂ ਵਰਗਾ ਹੀ ਹੋਣਾ ਹੈ। ਗੁਰਬਾਣੀ ਵਿਚਾਰਨ ਵਾਲੇ ਵਿਦਵਾਨਾਂ ਨੇ ਦੇਖਿਆ ਕਿ ਸ਼ਬਦ ਗੁਰਬਾਣੀ ਦਾ ਲਿਆ ਜਾਂਦਾ ਹੈ ਤੇ ਵਿਆਖਿਆ ਗਰੁੜ ਪੁਰਾਣ ਵਰਗੇ ਗ੍ਰੰਥਾਂ ਦੀ ਕੀਤੀ ਜਾਂਦੀ ਹੈ। ਇਤਿਹਾਸ ਵੀ ਉਹ ਸੁਣਾਇਆ ਜਾ ਰਿਹਾ ਹੈ ਜੋ ਗੈਰ ਕੁਦਰਤੀ ਹੋਵੇ। ਬੜੀ ਸ਼ਿਦਤ ਨਾਲ ਮਹਿਸੂਸ ਕੀਤਾ ਗਿਆ ਕਿ ਜਿਹੜਿਆਂ ਕਰਮ ਕਾਂਡਾਂ ਵਿਚੋਂ ਗੁਰੂ ਨਾਨਕ ਸਾਹਿਬ ਜੀ ਨੇ ਸਾਨੂੰ ਕੱਢਿਆ ਸੀ ਓਸੇ ਹੀ ਨਿਵਾਣ ਵਾਲੀ ਅਵਸਥਾ ਵਿਚ ਅਸੀਂ ਫਿਰ ਚਲੇ ਗਏ ਹਾਂ।

### ਸਿੰਘ ਸਭਾ ਲਹਿਰ ਦੀ ਸਥਾਪਤੀ

ਅਕੂਤਬਰ 1872 ਈ. ਨੂੰ ਸਿੱਖ ਕੌਮ ਦੀ ਅਜਿਹੀ ਤਰਾਸਦੀ ਦੇਖ ਕੇ ਵਿਚਾਰਵਾਨ ਵੀਰਾਂ ਨੇ ਸਿੰਘ ਸਭਾ ਲਹਿਰ ਕਾਇਮ ਕੀਤੀ। ਗੁਰਬਾਣੀ ਸਿਧਾਂਤ ਦੀ ਵਿਚਾਰ ਗੁਰਬਾਣੀ ਅਨੁਸਾਰ ਕਰਨ ਦਾ ਯਤਨ ਅਰੰਭਿਆ। ਉਹਨਾਂ ਨੇ ਪੰਜਾਬੀ ਜ਼ਬਾਨ ਦੀ ਪ੍ਰਫੁੱਲਤਾ, ਗੁਰਬਾਣੀ ਵਿਚਾਰ ਵਾਲਾ ਸਾਹਿਤ, ਮੈਗਜ਼ੀਨ ਤੇ ਸਿੱਖਾਂ ਵਿਚ ਵਿਦਿਆ ਦੇ ਪ੍ਰਚਾਰ ਪਸਾਰ ਲਈ ਮੁੱਢਲੇ ਯਤਨ ਅਰੰਭੇ। ਵਿਦਿਆ ਦੇ ਪ੍ਰਸਾਰ ਲਈ ਖਾਲਸਾ ਸਕੂਲ-ਕਾਲਜ ਹੋਂਦ ਵਿਚ ਆਏ। ਨਿਰ-ਸੰਦੇਹ ਸਿੱਖੀ ਦੇ ਸਿਧਾਂਤ ਵਿਚ ਮੁੜ ਨਿਖਾਰ ਆਇਆ ਤੇ ਸਿੱਖ ਕੌਮ ਵਿਚ ਨਵੀਂ ਜਾਗਰਤੀ ਆਉਣੀ ਅਰੰਭ ਹੋਈ। ਇਹ ਉਹ ਦੌਰ ਸੀ ਜਦੋਂ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ




ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


ਉਦਾਸੀਏ ਤੇ ਨਿਰਮਲਿਆਂ ਦੇ ਹੱਥਾਂ ਵਿਚ ਸੀ। ਪਿਤਾ ਪੁਰਖੀ ਮਹੰਤ ਗੁਰਦੁਆਰਿਆਂ ਵਿਚ ਕਾਬਜ਼ ਹੋਣ ਕਰਕੇ ਸਿੱਖ ਸਿਧਾਤਾਂ ਵਲੋਂ ਮੂੰਹ ਮੋੜ ਚੁੱਕੇ ਸਨ। ਨਨਕਾਣਾ ਸਾਹਿਬ ਵਿਖੇ ਕੁਝ ਅਜੇਹੀਆਂ ਬਦ-ਇਖ਼ਲਾਕ ਘਟਨਾਵਾਂ ਵਾਪਰੀਆਂ ਜਿਥੋਂ ਗੁਰਦੁਆਰਾ ਸੁਧਾਰ ਲਹਿਰ ਦਾ ਜਨਮ ਹੋਇਆ।

ਸਿੰਘ ਸਭਾ ਹੋਂਦ 'ਚ ਆਉਣ ਨਾਲ ਸਿੱਖ ਕੌਮ ਵਿਚ ਵਿਦਿਆ ਦਾ ਪ੍ਰਚਾਰ ਤੇ ਪ੍ਰਸਾਰ ਹੋਇਆ। ਗੁਰਦੁਆਰਿਆਂ ਦੇ ਨਾਂ ਸਿੰਘ ਸਭਾ ਰੱਖਣੇ ਸ਼ੁਰੂ ਹੋਏ। ਸਿੱਖੀ ਬ੍ਰਾਹਮਣੀ ਮਤ ਨਾਲੋਂ ਨਿਖੜਨੀ ਸ਼ੁਰੂ ਹੋਈ। ਪਰ ਅਜੇ ਬਹੁਤ ਮਿਹਨਤ ਦੀ ਜ਼ਰੂਰਤ ਸੀ, ਕਿਉਂਕਿ ਗੁਰਦੁਆਰਿਆਂ ਵਿਚ ਮਨਮਤ ਦਾ ਪੂਰਾ ਬੋਲਬਾਲਾ ਸੀ।

### ਗੁਰਦੁਆਰਾ ਸੁਧਾਰ ਲਹਿਰ

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਉਪਰੰਤ ਸਿੱਖ ਕੌਮ ਤੇ ਮੁਗਲੀਆ ਹਕੂਮਤ ਨੇ ਜ਼ੁਲਮ ਦੀ ਇੰਤਾਹ ਕਰ ਦਿੱਤੀ। ਇਸਲਾਮ ਦੇ ਝੰਡੇ ਥੱਲੇ ਲਿਆਉਣ ਤੇ ਆਪਣੀ ਈਨ ਮਨਾਉਣ ਲਈ ਹਕੂਮਤ ਵਲੋਂ ਹਰ ਹੀਲਾ ਵਰਤਿਆ ਗਿਆ। ਸਿੰਘਾਂ ਦਾ ਚੁਣ ਚੁਣ ਕੇ ਸ਼ਿਕਾਰ ਖੇਡਿਆ ਗਿਆ। ਗੁਲਾਮੀ ਨਾਲ ਜੂਝਦਿਆਂ ਸਿੰਘਾਂ ਨੂੰ ਆਪਣੇ ਘਰ ਬਾਰ ਛੱਡਣੇ ਪਏ। ਇਸ ਬਿਖਮ ਸਮੇਂ ਵਿਚ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਦੇ ਕਬਜ਼ੇ ਵਿਚ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਹੰਤਾਂ ਨੇ ਇਤਿਹਾਸਕ ਗੁਰਦੁਆਰਿਆਂ ਦੀ ਮੁੱਢਲੇ ਸਮੇਂ ਵਿਚ ਸੇਵਾ-ਸੰਭਾਲ ਕੀਤੀ ਹੈ। ਪਰ ਲੰਬਾ ਸਮਾਂ ਗੁਰਦੁਆਰਿਆਂ ਵਿਚ ਬੈਠਣ ਕਰਕੇ ਇਹਨਾਂ ਦੇ ਜੀਵਨ ਵਿਚ ਬਹੁਤ ਸਾਰੀਆਂ ਤੁਰੱਟੀਆਂ, ਕਮੀਆਂ ਤੇ ਬਦ-ਇਖ਼ਲਾਕ ਵਰਗੀਆਂ ਬਿਮਾਰੀਆਂ ਨੇ ਜਨਮ ਲੈ ਲਿਆ। ਮਹੰਤ ਗੁਰਦੁਆਰਿਆਂ ਨੂੰ ਆਪਣੀ ਨਿਜੀ ਜਾਇਦਾਦ ਸਮਝਣ ਲੱਗ ਪਏ ਸਨ। ਸਮੁੱਚੇ ਪ੍ਰਬੰਧ ਵਿਚ ਨਿਘਾਰ ਆ ਗਿਆ। ਏਥੋਂ ਤੱਕ ਕੇ ਗੁਰਦੁਆਰਾ ਨਨਕਾਣਾ ਸਾਹਿਬ ਦੇ ਅੰਦਰ ਮਹੰਤਾਂ ਵਲੋਂ ਕੀਤੇ ਜਾਂਦੇ ਕੁਕਰਮਾਂ ਦੀ ਕਹਾਣੀ ਹਰ ਰੋਜ਼ ਲੰਬੀ ਹੁੰਦੀ ਜਾ ਰਹੀ ਸੀ।

ਸਿੱਖ ਕੌਮ ਦੇ ਸੂਝਵਾਨ ਲੀਡਰਾਂ ਨੇ ਇਹ ਫੈਸਲਾ ਲਿਆ ਕਿ ਗੁਰਦੁਆਰੇ ਸਿੱਖੀ ਦੇ ਪ੍ਰਚਾਰ ਲਈ ਹੋਣੇ ਚਾਹੀਦੇ ਹਨ ਤੇ ਇਹਨਾਂ ਦਾ ਪ੍ਰਬੰਧ ਸੰਗਤ ਕੋਲ ਹੋਣਾ ਚਾਹੀਦਾ ਹੈ। ਕਾਬਜ਼ ਧਿਰ ਭਾਵ ਮਹੰਤਾਂ ਨੂੰ ਸਰਕਾਰ ਦੀ ਸਰਪ੍ਰਸਤੀ ਹਾਸਲ ਸੀ।

### ਸਾਕਾ ਨਨਕਾਣਾ ਸਾਹਿਬ

ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਬਹੁਤ ਵੱਡਾ ਇਤਿਹਾਸਕ ਅਸਥਾਨ ਹੈ ਏਥੇ ਸਿੱਖ ਕੌਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਦਾ ਅਗਮਨ ਹੋਇਆ ਹੈ। ਇਸ ਮਹਾਨ ਅਸਥਾਨ ਦਾ ਪ੍ਰਬੰਧ ਪਹਿਲਾਂ ਸਾਧੂ ਰਾਮ, ਕ੍ਰਿਸ਼ਨ ਰਾਮ ਤੇ ਫਿਰ ਮਹੰਤ ਨਰੈਣੂ ਕੋਲ ਰਿਹਾ। ਇਨ੍ਹਾਂ ਮਹੰਤਾਂ ਵਲੋਂ ਗੁਰਦੁਆਰਾ ਜਨਮ ਅਸਥਾਨ ਵਿਖੇ ਨਾਚੀਆਂ ਦੇ ਨਾਚ ਤੇ ਮੁਜਰੇ ਕਰਾਉਣੇ ਆਮ ਜੇਹੀ ਗੱਲ ਹੋ ਗਈ ਸੀ। ਨਨਕਾਣਾ ਸਾਹਿਬ ਦੀਆਂ ਹਿਰਦੇ ਵੇਦਕ ਘਟਨਾਵਾਂ ਸੁਣ ਕੇ ਸੰਗਤਾਂ ਵਿਚ ਬਹੁਤ ਗੁੱਸੇ ਦੀ ਲਹਿਰ ਫੈਲ ਗਈ। ਹਾਲਾਤ ਨੂੰ ਮੱਦੇ ਨਜ਼ਰ ਰੱਖਦਿਆਂ 26 ਜਨਵਰੀ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੰਗਾਮੀ ਇੱਕਤ੍ਰਤਾ ਕੀਤੀ। ਫੈਸਲਾ ਕੀਤਾ ਗਿਆ ਕਿ ਨਨਕਾਣਾ ਸਾਹਿਬ ਵਿਖੇ 4,5,6 ਮਾਰਚ 1921 ਨੂੰ ਭਾਰੀ ਇਕੱਠ ਸੱਦਿਆ ਜਾਏ। ਇਸ ਪੰਥਕ ਇਕੱਠ ਵਿਚ ਗੁਰਦੁਆਰਾ ਨਨਕਾਣਾ ਸਾਹਿਬ ਵਿਚ ਹੋ ਰਹੀਆਂ ਘਟਨਾਵਾਂ ਨੂੰ ਤੁਰੰਤ ਰੋਕਿਆ ਜਾਏ। ਸਮੁੱਚੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਉਸਾਰੂ ਤਰੀਕੇ ਨਾਲ ਕਿਵੇਂ ਚਲਾਇਆ ਜਾ ਸਕੇ।

ਦੂਜੇ ਪਾਸੇ ਜਦੋਂ ਨਰੈਣੂ ਨੂੰ ਪਤਾ ਲੱਗਾ ਕਿ ਪੰਥਕ ਆਗੂ ਗੁਰਦੁਆਰਾ ਜਨਮ ਅਸਥਾਨ ਨੂੰ ਮੇਰੇ ਕੋਲੋਂ ਅਜ਼ਾਦ ਕਰਾਉਣ ਲਈ ਇਕੱਠ ਕਰ ਰਹੇ ਹਨ ਤਾਂ ਉਸ ਨੇ ਅੰਦਰ ਖਾਤੇ ਹਰ ਪਰਕਾਰ ਦੀ ਤਿਆਰੀ ਆਰੰਭ ਕਰ ਦਿੱਤੀ। ਲਾਲਾ ਲਜਪੱਤ ਰਾਏ ਦਾ ਸਹਿਯੋਗ ਤੇ ਹਿੰਦੂ ਸਾਧਾਂ ਵਲੋਂ ਹੱਲਾਸ਼ੇਰੀ ਸੀ। ਏਥੋਂ ਤਕ ਕਿ ਮਹੰਤ ਨੂੰ ਸਰਕਾਰ ਵਲੋਂ ਪੂਰੀ ਹਮਾਇਤ ਹਾਸਲ ਸੀ। ਨਰੈਣੂ ਪੂਰਾ ਹੌਂਸਲੇ ਵਿਚ ਸੀ ਕਿ ਮੇਰਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਉਸ ਨੇ ਗੁਰਦੁਆਰਾ ਜਨਮ ਅਸਥਾਨ ਵਿਖੇ ਭਾਰੀ ਮਾਤਰਾ ਵਿਚ ਬਰੂਦ, ਗੋਲੀ ਸਿੱਕਾ, ਟਕੂਏ, ਪਿਸਤੌਲ, ਬੰਦੂਕਾਂ ਤੇ ਮਿੱਟੀ ਦੇ ਤੇਲ ਦੇ ਪੀਪੇ ਇਕੱਠੇ ਕਰ ਲਏ। ਮਹੰਤ ਨੇ ਸੰਗਤਾਂ ਨਾਲ ਮੁਕਾਬਲਾ ਕਰਨ ਲਈ ਇਲਾਕੇ ਦੇ ਬਦਮਾਸ਼, ਮਾਰ ਧਾੜ ਤੇ ਬਦਨਾਮ ਲੋਕਾਂ ਨੂੰ ਗੁਰਦੁਆਰਾ ਸਾਹਿਬ ਵਿਖੇ ਸੱਦ ਲਿਆ।

ਮਹੰਤ ਦੀਆਂ ਘਿਨਾਉਣੀਆਂ ਹਰਕਤਾਂ ਦੀ ਸੂਹ ਇਲਾਕੇ ਦੀਆਂ ਸੰਗਤਾਂ ਕੋਲ ਪਹੁੰਚੀ ਤਾਂ ਉਨ੍ਹਾਂ ਨੇ 17 ਫਰਵਰੀ 1921 ਨੂੰ ਇੱਕ ਵਿਸ਼ੇਸ਼ ਇਕੱਤ੍ਰਤਾ ਕਰਕੇ ਮਤਾ ਪਾਸ ਕੀਤਾ ਕੀਤਾ ਕਿ ਭਾਈ ਲਛਮਣ ਸਿੰਘ ਧਾਰੋਵਾਲ ਤੇ ਸਰਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਗੁਰਦੁਆਰਾ ਨਾਨਕਾਣਾ ਸਾਹਿਬ ਨੂੰ ਮਹੰਤਾਂ ਕੋਲੋਂ ਅਜ਼ਾਦ ਕਰਾਉਣ ਲਈ ਜੱਥੇ ਲੈ ਕੇ ਜਾਣਗੇ।

ਜਦੋਂ ਭਾਈ ਲਛਮਣ ਸਿੰਘ ਦਾ ਜੱਥਾ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋਇਆ ਤਾਂ ਮਹੰਤ ਨਰੈਣੂ ਵਲੋਂ ਬਾਹਰਲਾ ਗੇਟ ਬੰਦ ਕਰਕੇ ਸ਼ਾਂਤਮਈ ਸਿੰਘਾਂ 'ਤੇ ਹਰ ਪ੍ਰਕਾਰ ਦਾ ਹਮਲਾ ਬੋਲ ਦਿੱਤਾ। ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਅਧਮੋਇਆ ਕਰਕੇ ਜੰਡ ਨਾਲ ਪੁੱਠਾ ਲਟਕਾਇਆ ਗਿਆ। ਏਥੇ ਬੱਸ ਨਹੀਂ ਕੀਤਾ ਗਿਆ ਉਸ ਦੇ ਥੱਲੇ ਅੱਗ ਬਾਲ ਕਿ ਜਿਉਂਦੇ ਨੂੰ ਸ਼ਹੀਦ ਕੀਤਾ ਗਿਆ। 150 ਦੇ ਕਰੀਬ ਸਿੰਘਾਂ ਨੂੰ ਬੇ-ਰਹਿਮੀ ਨਾਲ ਮਹੰਤ ਤੇ ਉਸ ਦੇ ਗੁੰਡਿਆਂ ਨੇ ਸ਼ਹੀਦ ਕੀਤਾ। ਮਿੱਟੀ ਦੇ ਤੇਲ ਨਾਲ ਲਾਸ਼ਾਂ ਨੂੰ ਸਾੜੀ ਵੀ ਜਾ ਰਿਹਾ ਸੀ।

ਇਸ ਘਟਨਾ ਨੇ ਸਾਰੇ ਪੰਥ ਨੂੰ ਹਿਲਾ ਕੇ ਰੱਖ ਦਿੱਤਾ। 22 ਫਰਵਰੀ 1921 ਨੂੰ ਪੰਜਾਬ ਦਾ ਗਵਰਨਰ ਮਕਲੈਗਨ ਆਪਣੀ ਐਗਜ਼ੈਕਟਿਵ ਦੇ ਮੈਂਬਰਾਂ ਸਮੇਤ ਨਨਕਾਣਾ ਸਾਹਿਬ ਪਹੁੰਚਿਆ। ਉਸ ਨੇ ਸਾਰਾ ਦ੍ਰਿਸ਼ ਆਪਣੀ ਅੱਖੀਂ ਦੇਖਿਆ। 23 ਫਰਵਰੀ 1921 ਨੂੰ ਸਾਰੀ ਸੰਗਤ ਨੇ ਅੱਧ ਸੜੇ ਸਰੀਰਾਂ ਦੇ ਟੁਕੜਿਆਂ ਨੂੰ ਟੋਕਰੀਆਂ ਵਿਚ ਪਾ ਕੇ ਇਕ ਥਾਂ ਇਕੱਠਾ ਕੀਤਾ। ਸੰਗਤਾਂ ਦੇ ਬਹੁਤ ਵੱਡੇ ਇਕੱਠ ਵਿਚ ਸਾਰੇ ਸ਼ਹੀਦਾਂ ਦੇ ਅੱਧ ਸੜੇ ਸਰੀਰਾਂ ਦੇ ਟੁਕੜਿਆਂ ਨੂੰ ਅੱਗ ਦੇ ਹਵਾਲੇ ਕੀਤਾ। ਧੂੰਆ ਨਿਕਲਿਆ, ਅੱਗ ਦੀਆਂ ਲਾਟਾਂ ਨਿਕਲੀਆਂ, ਸਾਰੀ ਸੰਗਤ ਦੀਆਂ ਵੈਰਾਗ ਨਾਲ ਅੱਖਾਂ ਭਰੀਆਂ ਹੋਈਆਂ ਸਨ। ਸ਼ਹੀਦਾਂ ਦਾ ਅੰਗੀਠਾ ਬਲ ਉੱਠਿਆ ਤੇ ਇਸ ਅੱਗ ਦੇ ਭਾਂਬੜ ਵਿਚੋਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਸਾਕਾਰ ਹੋ ਗਿਆ। ਸਾਡੇ ਪੁਰਖਿਆਂ ਨੇ ਨਨਕਾਣਾ ਸਾਹਿਬ ਦੇ ਸਾਕੇ ਨੂੰ ਨੀਝ ਨਾਲ ਦੇਖਿਆ।

ਇਨਸਾਨ ਵੁਹੀ ਇਨਸਾਨ ਹੈ ਇਸ ਦੌਰ ਮੇਂ, ਜਿਸ ਨੇ,

ਦੇਖਾ ਹੈ ਹਕੀਕਤ ਕੋ, ਹਕੀਕਤ ਕੀ ਨਜ਼ਰ ਸੇ।

**ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਉਤਪਤੀ**

ਗੁਰਦੁਆਰਾ ਨਨਕਾਣਾ ਸਾਹਿਬ ਨੂੰ ਸਿੰਘਾਂ ਨੇ ਸ਼ਹੀਦੀਆਂ ਦੇ ਕੇ ਅਜ਼ਾਦ ਕਰਾਇਆ। ਸਰਕਾਰ ਨੂੰ ਝੁਕਣਾ ਪਿਆ ਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੰਗਤ ਨੂੰ ਸੰਭਾਲ ਦਿੱਤਾ। ਨਨਕਾਣਾ ਸਾਹਿਬ ਦੀ ਧਰਤੀ 'ਤੇ ਸ਼ਹੀਦ ਹੋਏ ਕੌਮੀ ਪਰਵਾਨਿਆਂ ਦੀ ਸਦੀਵ ਕਾਲ ਯਾਦਗਰ ਬਣਾਉਣ ਲਈ ਜੈਕਾਰਿਆਂ ਦੀ ਗੂੰਜ ਵਿਚ ਮਤਾ ਪਾਸ ਕੀਤਾ ਗਿਆ। ਸਾਡੇ ਪੁਰਖਿਆਂ ਦਾ ਇਹ ਫੈਸਲਾ ਬਹੁਤ ਸਲਾਹੁੰਣ ਯੋਗ ਸੀ। ਸਿੱਖ ਕੌਮ ਵਿਚ ਗੁਰਬਾਣੀ ਸਿਧਾਂਤ ਦੀ ਜਾਗਰਤੀ ਲਿਆਉਣ ਤੇ ਪੜ੍ਹੇ ਲਿਖੇ ਪ੍ਰਚਾਰਕ ਪੈਦਾ ਕਰਨ ਲਈ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਅਕਤੂਬਰ 1927 ਨੂੰ ਅੰਮ੍ਰਿਤਸਰ ਵਿਖੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਖੋਲ੍ਹਿਆ ਗਿਆ ਜੋ ਪੰਥ ਨੂੰ ਦਰਪੇਸ਼ ਚੁਣੌਤੀਆਂ, ਧਾਰਮਿਕ ਕਰਮ ਕਾਂਡ ਤੇ ਸਮਾਜਿਕ ਬੁਰਾਈਆਂ ਬਾਰੇ ਜਾਣਕਾਰੀ ਦੇਣ ਦੇ ਸਮਰੱਥ ਹੋਇਆ।

**ਮਿਸ਼ਨਰੀ ਕਾਲਜਾਂ ਦੀ ਲੋੜ**

ਮਿਸ਼ਨਰੀ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਮਿਸ਼ਨ ਸ਼ਬਦ ਤੋਂ ਬਣਿਆ ਹੈ। ਮਿਸ਼ਨ ਦੇ ਸ਼ਬਦਾਂ ਨੂੰ ਸਮਝੀਏ ਤਾਂ ਇਸ ਖਾਸ ਮਨੋਰਥ ਬਣਦਾ ਹੈ। ਮਿਸ਼ਨਰੀ ਸ਼ਬਦ ਪਹਿਲਾਂ ਉਨ੍ਹਾਂ ਈਸਾਈ ਪ੍ਰਚਾਰਕਾਂ ਲਈ ਵਰਤਿਆ ਗਿਆ ਸੀ ਜੋ ਕਿਸੇ ਵਿਦੇਸ਼ੀ ਧਰਤੀ 'ਤੇ ਜਾ ਕੇ ਗਰੀਬਾਂ, ਦੱਬੇ-ਕੁਚਲੇ ਤੇ ਲੋੜਵੰਦਾਂ ਲਈ ਸਕੂਲ, ਕਾਲਜ ਤੇ ਹਸਪਤਾਲਾਂ ਰਾਹੀਂ ਸਹਾਇਤਾ ਕਰਦੇ ਸਨ। ਪੰਜਾਬ ਵਿਚ ਵੀ ਈਸਾਈ ਮਿਸ਼ਨਰੀ ਪੂਰੇ ਜ਼ੋਰ ਸ਼ੋਰ ਨਾਲ ਆਪਣੇ ਮਿਸ਼ਨ ਦਾ ਪ੍ਰਚਾਰ ਕਰ ਰਹੇ ਸਨ। ਈਸਾਈ ਮਿਸ਼ਨ ਦਾ ਮੁਕਾਬਲਾ ਕਰਨ ਲਈ, ਬ੍ਰਾਹਮਣੀ ਸੋਚ ਨੂੰ ਉਧੜੇਨ ਲਈ ਤੇ ਆਪਣੀ ਕੌਮ ਨੂੰ ਗੁਰਬਾਣੀ ਨਾਲ ਜੋੜਨ ਲਈ ਤੇ ਪ੍ਰਚਾਰਕ ਪੈਦਾ ਕਰਨ ਲਈ ਮਿਸ਼ਨਰੀ ਕਾਲਜ ਦੀ ਲੋੜ ਨੂੰ ਮਹਿਸੂਸ ਕੀਤਾ। ਸਾਡੇ ਪੁਰਖਿਆਂ ਨੇ ਪੜ੍ਹੇ ਲਿਖੇ ਪਰਚਾਰਕ ਪੈਦਾ ਕਰਨ ਲਈ ਤਨੋਂ-ਮਨੋਂ ਸੇਵਾ ਕੀਤੀ। ਦੇਖਿਆ ਜਾਏ ਤਾਂ ਜਿੱਥੇ ਵੀ ਸਿੱਖ ਕੌਮ ਗਈ ਹੈ ਤਾਂ ਸਭ ਤੋਂ ਪਹਿਲਾਂ ਉਥੇ ਗੁਰਦੁਆਰੇ ਬਣਾਏ ਹਨ। ਦੇਸ਼-ਵਿਦੇਸ਼, ਸ਼ਹਿਰਾਂ-ਨਗਰਾਂ, ਪਿੰਡਾਂ ਵਿਚ ਬਹੁਤਾਤ ਗੁਰਦੁਆਰੇ ਹਨ ਪਰ ਏਨੇ ਸਿਖਾਂਦਰੂ ਗ੍ਰੰਥੀ, ਰਾਗੀ, ਢਾਡੀ, ਪ੍ਰਚਾਰਕ ਨਹੀਂ ਹਨ। ਉਨ੍ਹਾਂ ਪ੍ਰਚਾਰਕਾਂ ਦੀ ਕੌਮ ਨੂੰ ਸਦਾ ਹਮੇਸ਼ਾਂ ਲੋੜ ਰਹੀ ਹੈ ਜੋ ਸਿੱਖੀ ਦੇ ਪ੍ਰਚਾਰ ਲਈ ਸਮੇਂ ਦੇ ਹਾਣੀ ਹੋਣ।

**ਮਿਸ਼ਨਰੀ ਲਹਿਰ ਦੀ ਸਿੱਖ ਕੌਮ ਨੂੰ ਦੇਣ**

ਜਿੱਥੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਨੇ ਉਚਕੋਟੀ ਦੇ ਵਿਦਵਾਨ, ਪ੍ਰਚਾਰਕ, ਲਿਖਾਰੀ ਤੇ ਕੀਰਤਨੀਏ ਪੈਦਾ ਕੀਤੇ, ਜਿਨ੍ਹਾਂ ਨੇ ਜੀ-ਜਾਨ ਨਾਲ ਸਿੱਖ ਪੰਥ ਦੀ ਸੇਵਾ ਕੀਤੀ। ਉਥੇ ਹੌਲੀ ਹੌਲੀ ਸਿੱਖੀ ਦੇ ਪ੍ਰਚਾਰ ਲਈ ਹੋਰ ਮਿਸ਼ਨਰੀ ਕਾਲਜ ਵੀ ਖੁਲ੍ਹਣੇ ਸ਼ੁਰੂ ਹੋਏ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਬਾਅਦ ਦਿੱਲੀ ਵਿਚ ਸੂਝਵਾਨ ਵੀਰਾਂ ਨੇ ਗੁਰਮਤਿ ਮਿਸ਼ਨ ਦਾ ਪੱਤਰ ਵਿਹਾਰ ਕੋਰਸ ਸ਼ੁਰੂ ਕੀਤਾ। ਇਸ ਕੋਰਸ ਦਾ ਮਨੋਰਥ ਕਾਰੋਬਾਰ ਕਰ ਰਹੇ ਵੀਰਾਂ ਭੈਣਾਂ ਨੂੰ ਪ੍ਰਚਾਰ ਖੇਤਰ ਵਿਚ ਤੋਰਨ ਦਾ ਸੀ। ਇਹ ਮਿਸ਼ਨ ਬਹੁਤ ਕਾਮਯਾਬੀ ਨਾਲ ਚੱਲਿਆ। ਇਹ ਮਿਸ਼ਨ ਦਿੱਲੀ ਤੋਂ ਸ਼ੁਰੂ ਹੋਇਆ ਜਿਸ ਦੀ ਸੁਗੰਧੀ ਸਾਰੇ ਦੇਸ਼ ਵਿਚ ਫੈਲ ਗਈ। ਫਿਰ ਲੁਧਿਆਣੇ ਵਿਚ ਇਸ ਦਾ ਖੇਤਰ ਹੋਰ ਵਿਸ਼ਾਲ ਹੋ ਗਿਆ। ਇਹ ਮਿਸ਼ਨ ਸਿੱਖ ਮਿਸ਼ਨਰੀ ਕਾਲਜ ਚੌਦਾਂ ਨੰਬਰ ਕੂਚਾ ਲੁਧਿਆਣਾ ਦੇ ਰੂਪ ਵਿਚ ਪ੍ਰਗਟ ਹੋਇਆ। ਸਿਰੜੀ ਵੀਰਾਂ ਨੇ ਦਿਨ ਰਾਤ ਇਕ ਕਰਕੇ ਸਿੱਖ ਸਿਧਾਂਤ ਨੂੰ ਨਿਖਾਰਨ ਲਈ ਸੈਂਕੜੇ ਕਿਤਬਾਚੇ ਛਾਪੇ। ਸਿੱਖ ਫਲਵਾੜੀ ਨਾਂ ਦਾ ਮਹੀਨਾਵਾਰੀ ਰਸਾਲਾ ਕੱਢਿਆ ਜੋ ਹੁਣ ਤਕ ਵੱਡੀ ਗਿਣਤੀ ਵਿਚ ਛਪ ਰਿਹਾ ਹੈ। ਸਿੱਖ ਮਿਸ਼ਨਰੀ ਕਾਲਜ ਵਲੋਂ ਦੇਸ-ਵਿਦੇਸ ਵਿਚ ਸੈਂਕੜੇ ਕੇਂਦਰ ਸਥਾਪਿਤ ਕੀਤੇ। ਕਾਲਜ ਵਲੋਂ ਅਨੰਦਪੁਰ ਸਾਹਿਬ ਤੇ ਭੌਰ ਸੈਦਾਂ ਦੋ ਮਿਸ਼ਨਰੀ ਕਾਲਜ ਖੋਲ੍ਹੇ। ਭਾਂਵੇ ਇਹ ਉਪਰਾਲੇ ਤਾਂ ਬਹੁਤ ਹੋ ਰਹੇ ਸਨ ਪਰ ਫਿਰ ਵੀ ਉਨ੍ਹਾਂ ਪ੍ਰਚਾਰਕਾਂ ਦੀ ਵੱਡੀ ਲੋੜ ਸੀ ਜੋ ਸਾਰਾ ਸਮਾਂ ਸਿੱਖੀ ਪ੍ਰਚਾਰ ਲਈ ਸਮਰਪਤ ਕਰਨ। ਇਸ ਵੱਡੀ ਘਾਟ ਨੂੰ ਮਹਿਸੂਸ ਕਰਦਿਆਂ 1982 ਈ. ਨੂੰ ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਚੌਂਤਾ ਰੋਪੜ ਹੋਂਦ ਵਿਚ ਆਇਆ। ਇਸ ਕਾਲਜ ਨੇ ਵਿਤੋਂ ਵੱਧ ਕੇ ਪ੍ਰਚਾਰਕ ਤੇ ਗ੍ਰੰਥੀ ਪੈਦਾ ਕਰਨ ਦਾ ਯਤਨ ਕੀਤਾ ਹੈ।

ਮਿਸ਼ਨਰੀ ਕਾਲਜਾਂ ਦਾ ਇਹ ਕਾਰਵਾਂ ਰੁਕਿਆ ਨਹੀਂ ਸਗੋਂ ਅੱਗੇ ਵੱਧਦਾ ਹੀ ਗਿਆ। ਲੁਧਿਆਣਾ ਸ਼ਹਿਰ ਦੇ ਪੰਥ ਪ੍ਰੇਮੀਆਂ ਦੀ ਸੋਚ ਵਿਚੋਂ 1996 ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਲੁਧਿਆਣਾ ਜਨਮ ਲੈਂਦਾ ਹੈ। ਇਨ੍ਹਾਂ ਕਾਲਜਾਂ ਵਿਚੋਂ ਸੈਂਕੜੇ ਵਿਦਵਾਨ, ਲੇਖਕ, ਪ੍ਰਚਾਰਕ, ਰਾਗੀ, ਕਵੀ, ਅਧਿਆਪਕ, ਢਾਡੀ ਤੇ ਗ੍ਰੰਥੀ ਪੈਦਾ ਹੋਏ ਹਨ। ਪੰਥ ਦੀਆਂ ਸ਼ਾਨਾਂ ਮਤੀ ਸੰਸਥਾਵਾਂ ਵਿਚ ਸੇਵਾਵਾਂ ਨਿਭਾ ਰਹੇ ਹਨ। ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਕਾਲਜਾਂ ਵਿਚੋਂ ਗੁਰਮਤਿ ਦੀ ਵਿਦਿਆ ਹਾਸਲ ਕਰਕੇ ਪ੍ਰਚਾਰਕਾਂ ਨੇ ਦੇਸ਼-ਵਿਦੇਸ਼ ਸਿੱਖੀ ਪ੍ਰਚਾਰ ਦੇ ਝੰਡੇ ਗੱਡੇ ਹਨ। ਇਹ ਮਿਸ਼ਨਰੀ ਕਾਲਜ ਹੀ ਹਨ ਜਿੰਨ੍ਹਾਂ ਨੇ ਸਿੱਖ ਸਿਧਾਂਤ ਨੂੰ ਨਿਰੋਲ ਗੁਰਬਾਣੀ ਦੇ ਚਾਨਣ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਨ੍ਹਾਂ ਮਿਸ਼ਨਰੀ ਪ੍ਰਚਾਰਕਾਂ ਨੇ ਸਿੱਖੀ ਪ੍ਰਚਾਰ ਦੀ ਮੁਹੱਬਤ ਦਾ ਦੀਵਾ ਜਗਾਇਆ।

ਇਸ ਸਾਦਗੀ ਪੇ ਕੌਨ ਨ ਮਰ ਜਾਏ, ਐ ਖ਼ੁਦਾ,

ਲੜਤੇ ਹੈਂ ਔਰ ਹਾਥ ਮੇਂ ਤਲਵਾਰ ਭੀ ਨਹੀਂ।

**ਗੁਰਮਤਿ ਮਿਸ਼ਨਰੀ ਲਹਿਰ ਨੂੰ ਹੋਰ ਉਪਰਾਲੇ ਕਰਨ ਦੀ ਜ਼ਰੂਰਤ**

ਇਸ ਲਹਿਰ ਦੇ ਉਪਰਾਲਿਆਂ ਸਦਕਾ ਵਿਸ਼ਵ ਪੱਧਰ ਦੇ ਵਿਦਵਾਨ ਲਿਖਾਰੀਆਂ, ਪ੍ਰਚਾਰਕਾਂ, ਰਾਗੀਆਂ, ਗ੍ਰੰਥੀਆਂ ਤੇ ਢਾਡੀਆਂ ਨੇ ਤਨ ਦੇਹੀ ਨਾਲ ਗੁਰੂ ਪੰਥ ਦੀਆਂ ਸੇਵਾਂ ਨਿਭਾਈਆਂ ਹਨ। ਫਿਰ ਵੀ ਇਹ ਅਹਿਸਾਸ ਰਹਿੰਦਾ ਹੈ ਕਿ ਗੁਰਬਾਣੀ ਦੇ ਫਲਸਫੇ ਨੂੰ ਸੰਸਾਰ ਪੱਧਰ ਤੇ ਕਿਵੇਂ ਪ੍ਰਚਾਰਿਆ ਜਾਏ? ਇਤਿਹਾਸ ਦੀ ਬਣਤਰ ਨੂੰ ਗੁਰਬਾਣੀ ਅਨੁਸਾਰ ਕਿਦਾਂ ਪੇਸ਼ ਕੀਤਾ ਜਾਏ? ਵਿਸ਼ਵ ਪੱਧਰ ਦੇ ਪ੍ਰਚਾਰਕਾਂ ਦੀ ਕੀ ਰੂਪ ਰੇਖਾ ਹੋਣੀ ਚਾਹੀਦੀ ਹੈ। ਉਂਞ ਇਸ ਲਹਿਰ ਦੇ ਉਪਰਾਲਿਆਂ ਸਦਕਾ ਹੀ ਗੁਰਮਤਿ ਦਾ ਬਹੁਤ ਸਾਰਾ ਸਿਧਾਂਤਿਕ ਸਾਹਿਤ ਪੈਦਾ ਹੋਇਆ ਹੈ। ਗੁਰਬਾਣੀ ਦੇ ਅਰਥ ਬੋਧ ਦੀ ਸੋਝੀ

ਆਉਣੀ ਸ਼ੁਰੂ ਹੋਈ। ਹਰ ਵਿਚਾਰ ਨੂੰ ਗੁਰਬਾਣੀ ਨਾਲ ਪਰਖਣ ਦੀ ਰੁਚੀ ਪੈਦਾ ਹੋਈ। ਇਹ ਅਹਿਸਾਸ ਹੋਇਆ ਕਿ ਨਾਨਕਈ ਫਲਸਫਾ ਕਿਸੇ ਦਾ ਪਿਛਲੱਗ ਨਹੀਂ ਹੈ ਸਗੋਂ ਇਹ ਤੁਰਿਆ ਹੈ ਤੇ ਨਵੇਂ ਰਾਹ ਬਣੇ ਹਨ। ਗੁਰਬਾਣੀ ਨੂੰ ਸਮਝਣ ਲਈ ਗੁਰਬਾਣੀ ਵਿਚੋਂ ਹੀ ਪ੍ਰਮਾਣ ਮਿਲ ਜਾਂਦੇ ਹਨ। ਇਸ ਲਹਿਰ ਨੇ ਗੁਰਬਾਣੀ ਦੀ ਸਿਰਮੌਰਤਾ ਨੂੰ ਵਿਆਕਰਣਕ, ਵਿਗਿਆਨਕ, ਸਿਧਾਂਤਿਕ ਢੰਗ ਨਾਲ ਪਰਚਾਰਨ ਦਾ ਯਤਨ ਕੀਤਾ ਹੈ। ਪੰਥ ਪ੍ਰਵਾਨਿਤ ਰਹਿਤ ਮਰਿਯਾਦਾ ਤੇ ਪਹਿਰਾ ਦਿੰਦਿਆਂ ਇਤਿਹਾਸ ਵਿਚੋਂ ਗੈਰ ਕੁਦਰਤੀ ਸਾਖੀਆਂ ਤੇ ਗਪੋੜਿਆਂ ਦੀ ਸ਼ਨਾਖਤ ਕੀਤੀ ਹੈ।

**ਮਿਸ਼ਨਰੀ ਲਹਿਰ ਦੀ ਸੰਭਾਲ ਲਈ ਯਤਨਸ਼ੀਲ ਹੋਣਾ**

ਸਮੇਂ ਸਮੇਂ ਸਾਰੇ ਮਿਸ਼ਨਰੀ ਕਾਲਜਾਂ ਨੂੰ ਆਪਸ ਵਿਚ ਬੈਠ ਕੇ ਪੰਥ ਨੂੰ ਦਰਪੇਸ਼ ਸਮੱਸਿਆਵਾਂ ਦਾ ਵਿਸਥਾਰ ਨਾਲ ਡੂੰਘਾ ਅਧਿਐਨ ਕੀਤਾ ਜਾਣਾ ਚਾਹੀਦਾ ਹੈ। ਭਾਵੇਂ ਕਿਸੇ ਡੇਰੇ ਦੀ ਆਪਸ ਵਿਚ ਕੋਈ ਸਿਧਾਂਤਿਕ ਸਾਂਝ ਨਹੀਂ ਹੈ ਪਰ ਮਿਸ਼ਨਰੀ ਲਹਿਰ ਦੇ ਵਿਰੁੱਧ ਖੜੇ ਹੋਣ ਲਈ ਇਹ ਸਾਰੇ ਇਕੱਠੇ ਹੋ ਜਾਂਦੇ ਹਨ। ਇਹ ਠੀਕ ਹੈ ਕਿ ਸਾਰੇ ਗੁਰਮਤਿ ਮਿਸ਼ਨਰੀ ਕਾਲਜ ਸੀਮਤ ਸਾਧਨਾ ਨਾਲ ਕੌਮ ਦੀ ਨਿਗਰ ਤੇ ਨਿਰੋਈ ਸੇਵਾ ਕਰ ਰਹੇ ਹਨ। ਪਰ ਜਦੋਂ ਵੀ ਦੋ ਵੀਰ ਇਕੱਠੇ ਬੈਠਦੇ ਹਨ ਤਾਂ ਜ਼ਬਾਨ ਤੇ ਇਕੋ ਸਵਾਲ ਹੁੰਦਾ ਹੈ ਕਿ ਤੁਹਾਡਾ ਆਪਸ ਵਿਚ ਤਾਲ ਮੇਲ ਕਿਉਂ ਨਹੀਂ ਹੈ?

ਹੁਣ ਇਹ ਵੀ ਉਲਾਂਭਾ ਮਿਸ਼ਨਰੀ ਕਾਲਜਾਂ ਨੇ ਲਾਹ ਦਿੱਤਾ ਹੈ। ਤਿੰਨਾਂ ਕਾਲਜਾਂ ਨੇ ਮਿਲ ਕੇ ਨਿਤਨੇਮ ਦਾ ਗੁਟਕਾ ਤਿਆਰ ਕਰ ਲਿਆ ਹੈ। ਆਪਸੀ ਮੇਲ-ਮਿਲਾਪ ਲਈ ਵਿਚਾਰ ਗੋਸ਼ਟੀਆਂ ਦੀ ਪੁਰਾਤਨ ਪ੍ਰੰਪਰਾ ਨੂੰ ਤੋਰਿਆ ਹੈ। 30-1-24 ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਿਖੇ ਚਾਰ ਮਿਸ਼ਨਰੀ ਕਾਲਜਾਂ ਵਲੋਂ ਮਿੱਥੇ ਵਿਸ਼ਿਆਂ 'ਤੇ ਸਾਂਝੀ ਵਿਚਾਰ ਗੋਸ਼ਟੀ ਕੀਤੀ ਹੈ। ਇਸ ਲਹਿਰ ਨੂੰ ਸੰਭਾਲਣ ਲਈ ਹੋਰ ਠੋਸ ਉਪਰਾਲਿਆਂ ਦੀ ਜ਼ਰੂਰਤ ਹੈ।

**ਹੋਰ ਮਿਸ਼ਨਰੀ ਵਿਦਵਾਨਾਂ ਦੀਆਂ ਸੇਵਾਵਾਂ ਲੈਣ ਲਈ ਉਪਰਾਲੇ**

ਮਿਸ਼ਨਰੀ ਕਾਲਜਾਂ ਤੋਂ ਬਿਨਾਂ ਹੋਰ ਸਿੱਖ ਵਿਦਵਾਨ ਲੇਖਕ, ਪੱਤਰਕਾਰ, ਪ੍ਰਚਾਰਕ, ਰਾਗੀ, ਰਾਜਨੀਤਿਕ ਨੇਤਾ, ਧਾਰਮਿਕ ਆਗੂਆਂ ਨੂੰ ਇਸ ਕਾਫ਼ਲੇ ਨਾਲ ਜੋੜਨਾ ਚਾਹੀਦਾ ਹੈ। ਵੱਖ-ਵੱਖ ਕਿੱਤਿਆਂ ਵਿਚ ਕੰਮ ਕਰਨ ਵਾਲੇ ਵਿਦਵਾਨਾਂ ਤੇ ਮਿਸ਼ਨਰੀ ਲਹਿਰ ਨੂੰ ਸਮਝਣ ਵਾਲਿਆਂ ਨਾਲ ਤਾਲਮੇਲ ਕਰਨਾ ਚਾਹੀਦਾ ਹੈ। ਸਾਲ ਵਿਚ ਇਕ ਵਾਰ ਸੰਸਾਰ ਪੱਧਰ ਤੇ ਕਾਨਫਰੰਸ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ। ਇਸ ਕਾਨਫਰੰਸ ਵਿੱਚ ਸਿੱਖ ਮੁਦਿਆਂ ਤੇ ਹੋਰ ਨਵੀਆਂ ਸਮੱਸਿਆਵਾਂ ਦੇ ਹੱਲ ਲਈ ਚਿੰਤਨ ਕੀਤਾ ਜਾਏ। ਸਿੱਖੀ ਭਾਵਨਾ ਵਿਚ ਰੰਗੇ ਸੇਵਾ ਮੁਕਤ ਆਲ੍ਹਾ ਅਫ਼ਸਰਾਂ ਦੀਆਂ ਸੇਵਾਵਾਂ ਲੈਣੀਆਂ ਚਾਹੀਦੀਆਂ ਹਨ।

**ਮਿਸ਼ਨਰੀ ਲਹਿਰੀ ਦੀ ਮਜ਼ਬੂਤ ਕੇਂਦਰੀ ਜੱਥੇਬੰਦੀ ਹੋਵੇ**

ਮਿਸ਼ਨਰੀ ਲਹਿਰ ਦੀ ਸੰਭਾਲ ਲਈ ਗਿਆਰਾ ਮੈਂਬਰਾਂ ਦੀ (ਗਿਣਤੀ ਵੱਧ ਘੱਟ ਵੀ ਹੋ ਸਕਦੀ ਹੈ) ਉੱਚ ਪੱਧਰੀ ਕੇਂਦਰੀ ਜੱਥੇਬੰਦੀ ਹੋਣੀ ਚਾਹੀਦੀ ਹੈ ਜੋ ਆਪਣੀਆਂ ਸੰਸਥਾਵਾਂ ਤੋਂ ਉੱਪਰ ਉੱਠ ਕੇ ਕੌਮੀ ਹਿੱਤਾਂ ਦੀ ਗੱਲ ਕਰਨ ਦੇ ਸਮਰੱਥ ਹੋਣ। ਮਹੀਨੇ ਵਿਚ ਇਕ ਵਾਰ ਇਕੱਤ੍ਰਤਾ ਜ਼ਰੂਰੀ ਹੋਵੇ। ਇਹ ਕੇਂਦਰੀ ਜੱਥੇਬੰਦੀ ਵੱਖ ਵੱਖ ਵਿਸ਼ਿਆਂ ਦੇ ਮਾਹਰ ਵਿਦਵਾਨਾਂ ਦਾ ਇਕ ਕੇਂਦਰੀ ਬੋਰਡ ਬਣਾਏ। ਫਿਰ ਸਬ-ਕਮੇਟੀਆਂ ਬਣਾ ਕੇ ਉਹਨਾਂ ਨੂੰ ਕੰਮ ਵੰਡ ਕੇ ਦੇਵੇ। ਇਹ ਕੰਮ ਸਾਰੇ ਮਿਸ਼ਨਰੀ ਕਾਲਜ ਜਾਂ ਸਿੱਖੀ ਸਿਧਾਂਤ ਨਾਲ ਪਿਆਰ ਕਰਨ ਵਾਲੇ ਸੁਹਿਰਦ ਵੀਰਾਂ ਵਿਚ ਵੀ ਵੰਡਿਆ ਜਾ ਸਕਦਾ ਹੈ। ਇਸ ਕੰਮ ਵਿਚ ਇਤਿਹਾਸ ਦੇ ਵੱਖ ਵੱਖ ਪੜਾਵਾਂ ਦੀ ਖੋਜ, ਇਤਿਹਾਸ ਦੇ ਪੁਰਾਤਨ ਗ੍ਰੰਥਾਂ ਵਿਚੋਂ ਸਿੱਖ ਸਿਧਾਂਤ ਨੂੰ ਨਿਖੇੜਨਾ ਤੇ ਨਵੇਂ ਸੰਦਰਭ ਵਿਚ ਨਵੇਂ ਇਤਿਹਾਸ ਨੂੰ ਵਿਗਿਆਨਕ ਲੀਹਾਂ ਤੇ ਇਕਸਾਰਤਾ ਨਾਲ ਪੈਦਾ ਕਰਨਾ ਹੈ। ਸਕੂਲਾਂ ਕਾਲਜਾਂ ਵਿਚ ਸੈਮੀਨਾਰ ਕਰਾਉਣ ਦੇ ਪ੍ਰਬੰਧ ਕਰਨੇ। ਭਾਰਤ ਦੇ ਵੱਖ ਵੱਖ ਸੂਬਿਆਂ ਤੇ ਬਾਹਰਲੇ ਮੁਲਕਾਂ ਵਿਚ ਪ੍ਰਚਾਰਕ ਵੀਰਾਂ ਨੂੰ ਪਰਚਾਰ ਹਿੱਤ ਭੇਜਣ ਦਾ ਪ੍ਰਬੰਧ ਕਰਨਾ।

**ਸਿਲੇਬਸ ਦੀ ਇਕਸਾਰਤਾ**

ਗੁਰਬਾਣੀ ਦੇ ਅਰਥਾਂ ਵਿਚ ਇਕਸਾਰਤਾ ਲਿਆਉਣੀ ਸਮੇਂ ਦੀ ਮੁੱਖ ਲੋੜ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਸਿੱਖ ਕੌਮ ਦੇ ਵਿਦਵਾਨਾਂ ਨੇ ਗੁਰਬਾਣੀ ਨੂੰ ਸਮਝਣ ਸਮਝਾਉਣ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ ਪਰ ਉਹਨਾਂ ਨੇ ਇਹ ਵੀ ਕਿਹਾ ਹੈ ਇਹ ਖੋਜ ਅੱਗੋਂ ਜਾਰੀ ਰਹਿਣੀ ਚਾਹੀਦੀ ਹੈ ਤੇ ਇਸ ਵਿਚ ਖੜੋਤ ਨਹੀਂ ਆਉਣੀ ਚਾਹੀਦੀ।ਇਸ ਲਈ ਤਿੰਨ ਮਹੀਨੇ ਮਗਰੋਂ ਕਿਸੇ ਖਾਸ ਵਿਸ਼ੇ ਨੂੰ ਲੈ ਕੇ ਮਿਸ਼ਨਰੀ ਕਾਲਜਾਂ ਦੇ ਨੁਮਾਇੰਦਿਆਂ ਅਤੇ ਸਟਾਫ ਸਾਂਝੀ ਇਕੱਤਰਤਾ ਹੋਵੇ। ਜਿਸ ਵਿਚ ਸਬੰਧਿਤ ਵਿਸ਼ੇ ਤੇ ਲਿਖਤੀ ਤੇ ਅਵਾਜ਼ੀ ਤੌਰ ਤੇ ਆਪਣੇ ਆਪਣੇ ਵੀਚਾਰ ਰੱਖੇ ਜਾਣ। ਪ੍ਰਵਾਨ ਹੋਏ ਵੀਚਾਰਾਂ ਨੂੰ ਇਕੱਤਰ ਕਰਕੇ ਲਿਖਤ ਅਤੇ ਆਵਾਜ਼ ਦਾ ਰੂਪ ਦੇ ਕੇ ਸੰਗਤ ਤਕ ਪਹੁੰਚਾਇਆ ਜਾਵੇ ਇਵੇਂ ਹੀ ਸਿਲੇਬਸ ਬਾਰੇ ਵੀ ਚਰਚਾ ਕੀਤੀ ਜਾਵੇ। ਆਪਸੀ ਇਕਸਾਰਤਾ ਲਈ ਇਹ ਬੇਹਤਰ ਕਾਰਜ ਹੋਵੇਗਾ।

**ਨੌਜਵਾਨਾਂ ਦੀ ਸੰਭਾਲ**

ਜੋਸ਼ ਤੇ ਹੋਸ਼ ਮਨੁੱਖ ਨੂੰ ਮਿੱਥੇ ਹੋਏ ਮੁਕਾਮ 'ਤੇ ਪਹੁੰਚਾ ਦੇਂਦੇ ਹਨ। ਸਿੱਖੀ ਵਿਚ ਨਾ ਤਾਂ ਜੋਸ਼ ਦੀ ਘਾਟ ਹੈ ਤੇ ਨਾ ਹੀ ਹੋਸ਼ ਵਾਲੇ ਇਨਸਾਨਾਂ ਦੀ ਘਾਟ ਹੈ। ਹਾਂ ਜੇ ਘਾਟ ਹੈ ਤਾਂ ਸਿਰਫ ਆਪਸੀ ਤਾਲ ਮੇਲ ਦੀ ਘਾਟ ਹੈ। ਜ਼ਰੂਰੀ ਲੋੜ ਹੈ ਆਪਸੀ ਤਾਲ ਮੇਲ ਬਣਾ ਕੇ ਨੌਜਵਾਨ ਪੀੜ੍ਹੀ ਅੰਦਰ ਇਕ ਨਵਾਂ ਜਜ਼ਬਾ ਪੈਦਾ ਕਰਨ ਦੀ। ਉਂਝ ਇਹ ਖੁਸ਼ੀ ਦੀ ਗੱਲ ਹੈ ਪਿੰਡਾਂ ਸ਼ਹਿਰਾਂ ਵਿਚ ਮਿਸ਼ਨਰੀ ਕਾਲਜਾਂ ਵਲੋਂ ਗਰਮੀਆਂ ਦੀਆਂ ਛੁੱਟੀਆਂ ਵਿਚ ਵਿਦਿਆਰਥੀਆਂ ਦੇ ਕੈਂਪ ਲਾਏ ਜਾਂਦੇ ਹਨ। ਗੁਰਬਾਣੀ ਨਾਲ ਜੋੜਨ ਲਈ ਸਹਿਜ ਪਾਠ ਸ਼ੁਰੂ ਕਰਾਇਆ ਜਾ ਰਿਹਾ ਹੈ। ਮਿਸ਼ਨਰੀ ਕਾਲਜਾਂ ਵਲੋਂ ਸਾਂਝੇ ਤੌਰ 'ਤੇ ਵਿਦਿਆਰਥੀਆਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਦੀ ਉਚੇਰੀ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਏ ਤਾਂ ਜੋ ਅੰਤਰਰਾਸ਼ਟਰੀ ਪੱਧਰ ਦੇ ਪ੍ਰਚਾਰਕ ਹੋ ਸਕਣ।

**ਗੁਰਬਾਣੀ ਦਾ ਅਨੁਵਾਦ**

ਗੁਰਬਾਣੀ ਗਿਆਨ ਵਿਸ਼ਵ ਭਾਈਚਾਰੇ ਨੂੰ ਆਪਣੀ ਪਿਆਰ ਗਲਵੱਕੜੀ ਵਿਚ ਲੈਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਵੱਖ ਵੱਖ ਬੋਲੀਆਂ ਵਿਚ ਅਨੁਵਾਦ ਕਰਾਉਣਾ ਚਾਹੀਦਾ ਹੈ।

**ਡੇਰਾਵਾਦ ਦੀ ਚੁਣੌਤੀ**

ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਸਾਡੀ ਸਿਰਮੌਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਜਨੀਤਿਕ ਪ੍ਰਭਾਵ ਹੇਠ ਚਲੀ ਗਈ ਹੈ। ਅਕਾਲੀ ਦਲ ਬਾਦਲ ਨੇ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਕਰਨ ਲਈ ਤੀਹ ਸਾਧਾਂ ਨੂੰ ਟਿਕਟਾਂ ਦੇ ਇਤਿਹਾਸ ਨੂੰ ਪੁੱਠਾ ਗੇੜਾ ਦਿੱਤਾ ਹੈ। ਅੱਜ ਉਹੀ ਡੇਰੇ ਸਿੱਖੀ ਫਲਸਫੇ ਵਿਚ ਗੜ੍ਹੰਦੇ ਪ੍ਰਚਾਰਕਾਂ ਦਾ ਵਿਰੋਧ ਹੀ ਨਹੀਂ ਕਰ ਰਹੇ ਸਗੋਂ ਅਦਾਲਤਾਂ ਵਿਚ ਝੂਠੇ ਕੇਸ ਵੀ ਦਰਜ ਕਰਾਏ ਹਨ। ਲੀਹੋਂ ਲੱਥੇ ਸਾਧਾਂ ਵਲੋਂ ਸਿੱਖ ਸਿਧਾਂਤ ਨੂੰ ਬ੍ਰਾਹਮਣੀ ਕਰਮ ਹੇਠ ਪੇਸ਼ ਕਰਨ ਦਾ ਯਤਨ ਕਰ ਰਹੇ ਹਨ। ਇਹ ਸਾਧ ਉਨ੍ਹਾਂ ਗ੍ਰੰਥਾਂ ਨੂੰ ਪੇਸ਼ ਕਰ ਰਹੇ ਹਨ ਜਿਹੜੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਦਾ ਵਿਰੋਧ ਕਰਦੇ ਹਨ।

ਕਭੀ ਗ਼ਮ ਥਾ ਬਿਪਰ ਕੀ ਰੀਤੋਂ ਕਾ,
ਅਜ਼ਾਦ ਹੂਏ, ਅਬ ਯਿਹ ਗ਼ਮ ਹੈ,
ਫਿਰ ਧਰਮ ਪੇ ਮਨਮਤ ਕਾਬਜ਼ ਹੈ,
ਅੰਜਾਮਿ ਗੁਰਮਤਿ ਕਾ ਕਿਆ ਹੋਗਾ।

**ਮਿਸ਼ਨਰੀ ਕਾਲਜਾਂ ਦੀ ਪ੍ਰਭਾਵੀ ਕਮੇਟੀ**

ਜਿਵੇਂ ਕਿ ਇਹ ਗੱਲ ਸਭ ਨੂੰ ਪਤਾ ਹੈ ਕਿ ਮਿਸ਼ਨਰੀ ਕਾਲਜ ਆਪਣੀ ਵਿਤ ਮੁਤਾਬਕ ਕੌਮੀ ਭਲੇ ਅਤੇ ਪੰਥ ਦੀ ਬਿਹਤਰੀ ਲਈ ਯੋਗਦਾਨ ਪਾ ਰਹੇ ਹਨ। ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਜਦੋਂ ਵੀ ਪੰਥਕ ਮੁੱਦਿਆ ਦੀ ਵਿਚਾਰ ਕਰਨੀ ਹੁੰਦੀ ਹੈ ਤਾਂ ਉਹਨਾਂ ਡੇਰਾਵਾਦੀਆਂ ਨੂੰ ਬੁਲਾਉਂਦੇ ਹਨ, ਜਿਹੜੇ ਸਿੱਖ ਰਹਿਤ ਮਰਿਯਾਦਾ ਤੋਂ ਮੁਨਕਰ ਹਨ। ਡੇਰਾਵਾਦ ਬਿਰਤੀ ਸਿੱਖ ਸਿਧਾਂਤ ਨੂੰ ਵੀ ਬ੍ਰਾਹਮਣੀ ਵਿਚਾਰਧਾਰਾ ਵਿਚ ਪੇਸ਼ ਕਰਦੇ ਹਨ। ਮਿਸ਼ਨਰੀ ਕਾਲਜਾਂ ਦੀ ਇਕ ਪ੍ਰਭਾਵਸ਼ਾਹੀ ਤੇ ਦਬਾ ਬਣਾਉਣ ਵਾਲੀ ਕਮੇਟੀ ਹੋਵੇ ਜਿਹੜੀ ਪੰਥਕ ਮੁੱਦਿਆਂ ਨੂੰ ਸ਼੍ਰੋਮਣੀ ਕਮੇਟੀ ਦੇ ਸਾਹਮਣੇ ਰੱਖੇ। ਇਹ ਠੀਕ ਹੈ ਵਿਧਾਨਕ ਤੌਰ ਤੇ ਚੁਣੀ ਹੋਈ ਸ਼੍ਰੋਮਣੀ ਕਮੇਟੀ ਹੈ ਪਰ ਅਕਾਲੀ ਦਲ ਬਾਦਲ ਆਪਣੇ ਲਾਭ ਲਈ ਅਕਾਲ ਤਖਤ ਨੂੰ ਵਰਤ ਰਿਹਾ ਹੈ। ਸਮੇਂ ਦੀ

ਲੋੜ ਹੈ ਕਿ ਮਿਸ਼ਨਰੀ ਕਾਲਜ ਅਕਾਲ ਤਖਤ ਦੇ ਜਥੇਦਾਰ ਨੂੰ ਸਮੇਂ ਸਮੇਂ ਆਪਣੀ ਰਾਏ ਦੇਣ। ਸਾਂਝੇ ਕਾਰਜਾਂ ਲਈ ਮਿਸ਼ਨਰੀ ਕਾਲਜਾਂ ਦਾ ਇਕ ਪੈਨਲ ਹੋਣਾ ਜ਼ਰੂਰੀ ਹੈ ਜਿਹੜਾ ਸਾਂਝੇ ਤੌਰ 'ਤੇ ਅਖਬਾਰੀ ਬਿਆਨ ਦੇਵੇ। ਵਰਤਮਾਨ ਸਮੇਂ ਵਿਚ ਬਿਜਲਈ ਸਾਧਨਾਂ ਦੀ ਵਰਤੋਂ ਲਈ ਸਾਂਝਾ ਸਥਾਨ ਹੋਵੇ। ਇਹ ਸਥਾਨ ਕਿਸੇ ਕਾਲਜ ਵਿਚ ਵੀ ਹੋ ਸਕਦਾ ਹੈ।

**ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ. ਪਾਕਿਸਤਾਨ ਗੁਰਦੁਆਰਾ ਕਮੇਟੀ ਤੇ ਹੋਰ ਵੱਡੀਆਂ ਜੱਥੇਬੰਦੀਆਂ ਨੂੰ ਅੱਗੇ ਆ ਕੇ ਮਿਸ਼ਨਰੀ ਕਾਲਜਾਂ ਦੀ ਜੋ ਇਕ ਲਹਿਰ ਬਣ ਕੇ ਕੌਮੀ ਹਿੱਤਾਂ ਲਈ ਕੰਮ ਕਰ ਰਹੀ ਹੈ, ਉਹਨਾਂ ਦੀ ਸੰਭਾਲ ਕਰਨੀ ਚਾਹੀਦੀ ਹੈ। ਜਿੰਨ੍ਹਾ ਪ੍ਰਚਾਰਕ ਵੀਰਾਂ ਨੇ ਆਪਣੀ ਜ਼ਿੰਦਗੀ ਦਾ ਲੰਮੇਰਾ ਸਮਾਂ ਸਿੱਖੀ ਦੇ ਪਰਚਾਰ ਵਿਚ ਲਗਾ ਦਿੱਤਾ ਹੈ ਬੁਢੇਪੇ ਵੇਲੇ ਇਹਨਾਂ ਵੱਡੀਆਂ ਸੰਸਥਾਵਾਂ ਨੂੰ ਉਹਨਾਂ ਦੀ ਸਾਰ ਲੈਣੀ ਚਾਹੀਦੀ ਹੈ।

**ਕੇਂਦਰੀ ਜਥੇਬੰਦੀ ਵਲੋਂ ਪ੍ਰੋਗਰਾਮ ਦੇਣੇ**

ਇਸ ਲਹਿਰ ਦੀ ਸੰਭਾਲ ਲਈ ਪੜਾਅ ਵਾਰ ਇੱਕਤਰਤਾਵਾਂ ਤੇ ਸਾਲ ਉਪਰੰਤ ਵੱਖ ਵੱਖ ਮਿਸ਼ਨਰੀ ਕਾਲਜਾਂ ਦੀ ਵੱਡੀ ਇਕਤ੍ਰਤਾ ਰੱਖੀ ਜਾਏ। ਪਿਛਲੇ ਕੀਤੇ ਕੰਮ ਦੀ ਪੜਚੋਲ, ਦਰਪੇਸ਼ ਚੁਣੌਤੀਆਂ ਤੇ ਅਗਾਂਹ ਲਈ ਦਿਸ਼ਾ ਨਿਰਦੇਸ਼ ਦਿੱਤੇ ਜਾਣ। ਨਵੇਂ ਤੇ ਸਾਂਝੇ ਪ੍ਰੋਗਰਾਮ ਦੇਣੇ ਚਾਹੀਦੇ ਹਨ।

ਜੇ ਅੱਜ ਸਿੱਖ ਸਿਧਾਂਤ ਦੀ ਵਿਲੱਖਣਤਾ ਕਾਇਮ ਹੈ ਤਾਂ ਉਹ ਸਿਰਫ ਮਿਸ਼ਨਰੀ ਕਾਲਜਾਂ ਦੀ ਮਿਹਨਤ ਸਕਦਾ ਹੀ ਹੈ। ਬਦ ਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਦੋਂ ਕਿਸੇ ਗ੍ਰੰਥੀ ਦੀ ਚੋਣ ਕਰਨੀ ਹੈ ਤਾਂ ਡੇਰਿਆਂ ਵਿਚੋਂ ਪੜ੍ਹਿਆਂ ਨੂੰ ਪਹਿਲ ਦਿੱਤੀ ਜਾਂਦੀ ਹੈ। ਮਿਸ਼ਨਰੀ ਕਾਲਜਾਂ ਵਿਚ ਪੜ੍ਹਾਉਣ ਵਾਲਿਆਂ ਦੀ ਵਿਦਿਅਕ ਯੋਗਤਾ ਦੇਖੀ ਜਾਂਦੀ ਹੈ ਪਰ ਦਰਬਾਰ ਸਾਹਿਬ ਦੇ ਗ੍ਰੰਥੀ ਰੱਖਣ ਸਮੇਂ ਕਿਸੇ ਡੇਰੇ ਚੋਂ ਪੜ੍ਹੇ ਹੋਏ ਨੂੰ ਪਹਿਲ ਦਿੱਤੀ ਜਾਂਦੀ ਹੈ। ਇਹ ਨਿਘਾਰ ਐਨਾ ਵੱਧ ਗਿਆ ਹੈ ਕਿ ਵਰਤਮਾਨ ਸਮੇਂ ਵਿਚ ਮੰਜੀ ਸਾਹਿਬ ਤੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਡੇਰਾਵਾਦੀਆਂ ਪ੍ਰਚਾਰਕਾਂ ਨੂੰ ਹੀ ਤਰਜੀਹ ਦਿੱਤੀ ਜਾਂਦੀ ਹੈ। ਮਿਸ਼ਨਰੀ ਪ੍ਰਚਾਰਕ ਉਹ ਗੁਲਾਬ ਦੇ ਫੁੱਲ ਹਨ ਜਿਹੜੇ ਕੰਡਿਆਂ ਦੀ ਭੀੜ ’ਚ ਖਿੜ ਕੇ ਮਹਿਕਦੇ ਰਹੇ ਹਨ-

**ਕਾਂਟੋਂ ਸੇ ਹੈ ਘਿਰਾ ਹੂਆ,**
**ਚਾਰੋਂ ਤਰਫ਼ ਸੇ ਫੂਲ,**
**ਫਿਰ ਭੀ ਖਿਲਾ ਹੀ ਰਹਿਤਾ ਹੈ,**
**ਕਿਆ ਖੁਸ਼ ਮਿਜ਼ਾਜ਼ ਹੈ।**

-0-

# ...ਮੈਥੋਂ ਬੇਬੇ ਦਲੇਰ ਕੌਰ ਨੂੰ ਫੌਜੀ ਸਲੂਟ ਵੱਜ ਜਾਂਦਾ ਹੈ

**-ਕਮਲਜੀਤ ਸਿੰਘ ਬਨਵੈਤ 98147-34035**

ਛੇ ਕੁ ਦਹਾਕੇ ਪਹਿਲਾਂ ਦੀ ਗੱਲ ਹੈ। ਉਦੋਂ ਪਿੰਡਾਂ ਵਿਚ ਰੇਡੀਓ ਟਾਵੇਂ-ਟਾਂਵੇਂ ਘਰੀਂ ਹੁੰਦਾ ਸੀ। ਟੀਵੀ ਬਾਰੇ ਤਾਂ ਆਮ ਲੋਕਾਂ ਨੂੰ ਸ਼ਾਇਦ ਪਤਾ ਵੀ ਨਾ ਹੋਵੇ। ਨਾ ਹੀ ਉਦੋਂ ਕਿਸੇ ਨੂੰ 'ਤਸਵੀਰ ਵਾਲੇ ਰੇਡੀਓ' (ਟੀਵੀ) ਬਾਰੇ ਯਕੀਨ ਹੀ ਆਉਂਦਾ ਸੀ। ਅਸੀਂ ਬੜੀ ਵਾਰ ਸੁਣਦੇ ਕਿ ਉਹ ਵੇਲਾ ਆਉਣ ਵਾਲਾ ਹੈ ਜਦੋਂ ਰੇਡੀਓ ਵਿਚ ਬੋਲਣ ਵਾਲੇ ਦੀ ਸ਼ਕਲ ਵੀ ਦਿਸਣ ਲੱਗੇਗੀ ਪਰ ਗੱਲ ਕਦੇ ਜਚਦੀ ਨਾ। ਉਂਜ, ਕਹਿਣ ਵਾਲੇ ਦੀ ਦਲੀਲ ਵਿਚ ਦਮ ਹੁੰਦਾ ਸੀ ਕਿ ਜੇ ਰੇਡੀਓ ਵਿਚੋਂ ਦੂਰ ਬੈਠੇ ਬੰਦੇ ਦੀ ਆਵਾਜ਼ ਸੁਣ ਸਕਦੀ ਹੈ ਤਾਂ ਤਸਵੀਰ ਕਿਉਂ ਨਾ ਦਿਸਿਆ ਕਰੇਗੀ। ਇਹ ਸਾਡੀ ਪੀੜ੍ਹੀ ਦਾ ਦੁਖਾਂਤ ਕਹਿ ਲਓ ਜਾਂ ਸੁਭਾਗ ਕਿ ਅਸੀਂ ਜ਼ਮਾਨੇ ਦਾ ਬਦਲਾਓ ਸਭ ਤੋਂ ਵੱਧ ਦੇਖਿਆ ਹੈ, ਨਾਂਹ-ਪੱਖੀ ਵੀ ਤੇ ਤਰੱਕੀਆਂ ਵੀ। ਬੋਤੇ ਦੀਆਂ ਅੱਖਾਂ 'ਤੇ ਖੋਪੇ ਬੰਨ੍ਹ ਕੇ ਖੂਹ ਦੀ ਗਾਧੀ ਨੂੰ ਜੋੜ ਕੇ ਖੇਤ ਸਿੰਜਣ ਤੋਂ ਲੈ ਕੇ ਆਟੋਮੈਟਿਕ ਮੋਟਰਾਂ ਵਾਲੇ ਟਿਊਬਵੈਲਾਂ ਦਾ ਯੁੱਗ ਦੇਖਿਆ ਹੈ। ਆਪਣੇ ਵਡੇਰਿਆਂ ਦੀ ਪੂਜਾ ਤੋਂ ਲੈ ਕੇ ਆਪਣੇ ਬੱਚਿਆਂ ਦੀ ਗੁਲਾਮੀ ਭੁਗਤਣ ਤੱਕ ਦਾ ਵਕਤ ਸਾਡੇ ਹਾਣੀ ਅਜੇ ਵੀ ਹੰਢਾਅ ਰਹੇ ਹਨ।

ਖ਼ੈਰ ! ਦੇਖਦਿਆਂ ਦੇਖਦਿਆਂ ਘਰ ਘਰ ਟੀਵੀ ਹੋ ਗਏ, ਬਲਕਿ ਕਮਰੇ ਕਮਰੇ ਅੰਦਰ ਟੀਵੀ ਲੱਗ ਗਏ। ਹੋਰ ਤਾਂ ਹੋਰ ਸ਼ਹਿਰ ਦੀਆਂ ਸੜਕਾਂ 'ਤੇ ਕਾਰਾਂ ਖੜ੍ਹਾਉਣ ਦੀ ਥਾਂ ਮੁੱਕ ਗਈ। ਪਰਾਏ, ਦੂਰ-ਦੁਰਾਡੇ ਮੁਲਕ ਵਿੱਚ ਬੈਠਿਆਂ ਹੀ ਆਪਣੇ ਘਰ ਦੀਆਂ ਲਾਈਟਾਂ ਪੱਖੇ ਜਗਾਉਣ ਬੁਝਾਉਣ ਤੋਂ ਲੈ ਕੇ ਘਰਾਂ ਦੀ ਰਾਖੀ ਕਰਨ ਤੱਕ ਦਾ ਰਿਮੋਟ ਬੰਦਾ ਆਪਣੇ ਹੱਥ ਵਿੱਚ ਲਈ ਫਿਰਦਾ ਹੈ। ਸਾਡੇ ਪਿੰਡ ਸਭ ਤੋਂ ਪਹਿਲਾਂ ਟੀਵੀ 'ਮਿਲਕਣੀਆਂ' ਦੇ ਆਤਮਾ ਸਿੰਘ ਦੇ ਘਰ ਆਇਆ ਸੀ। ਮੈਨੂੰ ਯਾਦ ਹੈ, ਆਤਮਾ ਸਿੰਘ ਦੇ ਘਰ ਹਰ ਸ਼ਾਮ ਟੀਵੀ 'ਤੇ ਉਦੋਂ ਦਾ ਮਸ਼ਹੂਰ ਪ੍ਰੋਗਰਾਮ 'ਚਿੱਤਰਹਾਰ' ਦੇਖਣ ਲਈ ਅੱਧਾ ਪਿੰਡ ਸਾਝਰੇ ਹੀ ਰੋਟੀ-ਪਾਣੀ ਦਾ ਕੰਮ ਨਿਬੇੜ ਆ ਢੁੱਕਦਾ ਸੀ। ਉਹਨੂੰ ਲੋਕਾਂ ਦੇ ਬੈਠਣ ਲਈ ਜੰਞ ਘਰ ਤੋਂ ਦਰੀ ਲਿਆ ਕੇ ਵਿਛਾਉਣੀ ਪੈਂਦੀ। ਇਕ ਦਿਨ ਮੇਰੇ ਪਿੰਡ ਉੜਾਪੜ ਦੇ ਸ਼੍ਰੋਮਣੀ ਨਾਟਕਕਾਰ ਡਾ: ਹਰਚਰਨ ਸਿੰਘ ਦਾ ਪ੍ਰੋਗਰਾਮ ਟੀਵੀ 'ਤੇ ਪਹਿਲੀ ਵਾਰ ਦੇਖਣ ਗਏ ਤਾਂ ਬੱਤੀ ਨਾ ਹੋਣ ਕਾਰਨ ਵਾਪਸ ਮੁੜਨਾ ਪਿਆ ਸੀ। ਵੀਡੀਓ ਰਿਕਾਰਡਿੰਗ ਦਾ ਉਦੋਂ ਕਿਸੇ ਨੇ ਸੁਪਨਾ ਵੀ ਨਹੀਂ ਲਿਆ ਹੋਣਾ।

ਆਤਮਾ ਸਿੰਘ ਦੇ ਘਰੋਂ ਬੇਬੇ ਦਲੇਰ ਕੌਰ ਸ਼ਾਮ ਦਾ ਕੰਮ-ਕਾਰ ਮੁਕਾ ਕੇ ਟੀਵੀ ਅੱਗੇ ਆ ਬੈਠਦੀ। ਉਹਨੂੰ ਅੱਜ ਵੀ ਟੀਵੀ ਦੇਖਣ ਦਾ ਝੱਸ ਪਹਿਲਾਂ ਨਾਲੋਂ ਵਧਿਆ ਹੈ, ਘਟਿਆ ਨਹੀਂ। ਹੁਣ ਤਾਂ ਸੁੱਖ ਨਾਲ ਉਹਦੇ ਘਰ ਨੂੰ ਸਾਂਭਣ ਵਾਲੀ ਸੁਚੱਜੀ ਨੂੰਹ ਵੀ ਆ ਗਈ ਹੈ। ਆਤਮਾ ਸਿੰਘ ਦੱਸਦਾ ਹੈ, “ਘਰੇ ਟੀਵੀ ਲਿਆਉਣ ਦਾ ਇਹ ਫਾਇਦਾ ਹੋਇਆ ਕਿ ਦਲੇਰ ਕੌਰ ਨੂੰ ਦੀਨ-ਦੁਨੀਆਂ ਦੀ ਪੂਰੀ ਖਬਰ ਰਹਿੰਦੀ ਹੈ।” ਉਂਜ, ਉਸ ਨੂੰ ਝੋਰਾ ਜਿਹਾ ਹੈ। ਉਹਦੇ ਪੁੱਤ ਦੇ ਵਿਆਹ ਨੂੰ ਛੇ ਸਾਲ ਲੰਘ ਗਏ ਸਨ ਪਰ ਘਰ ਦੀ ਵੇਲ ਅੱਗੇ ਨਹੀਂ ਵਧ ਸਕੀ, ਪਰ ਉਹ ਡੇਰਿਆਂ 'ਤੇ ਜਾਣ ਦੀ ਥਾਂ ਟੀਵੀ ਉੱਤੇ ਮਰਦ-ਔਰਤ ਦੇ ਯੋਗ ਨਾ ਹੋਣ 'ਤੇ ਹੋਰ ਵਸੀਲਿਆਂ ਦੇ ਜ਼ਰੀਏ ਬੱਚੇ ਪੈਦਾ ਕਰਨ ਬਾਰੇ ਪ੍ਰੋਗਰਾਮ ਗਹੁ ਨਾਲ ਦੇਖਦੀ ਹੈ। ਇਹੀ ਨਹੀਂ, ਡਾਕਟਰਾਂ ਕੋਲ ਆਪਣੇ ਨੂੰਹ-ਪੁੱਤ ਨੂੰ ਆਪ ਲੈ ਕੇ ਜਾਣ ਲੱਗੀ ਹੈ। ਨੂੰਹ ਵਿੱਚ ਨੁਕਸ ਹੋਣ ਬਾਰੇ ਡਾਕਟਰਾਂ ਦੀ ਸਾਂਝੀ ਰਾਏ ਬਣ ਚੁੱਕੀ ਹੈ। ਆਤਮਾ ਸਿੰਘ ਆਪਣੇ ਮੁੰਡੇ ਦਾ ਦੂਜਾ ਵਿਆਹ ਕਰਕੇ ਨਵੀਂ ਨੂੰਹ ਤੋਂ ਪੋਤਾ ਦੇਖਣ ਦੀ ਤਰਕੀਬ ਘੜਨ ਲੱਗਾ ਹੈ। ਆਤਮਾ ਸਿੰਘ ਨੂੰ ਪੈਸੇ ਧੇਲੇ ਦੀ ਕੋਈ ਤੋਟ ਨਹੀਂ। ਉਸ ਦਾ ਹਵੇਲੀ ਵਰਗਾ ਘਰ ਅਤੇ ਮੁਰੱਬੇ ਦੇਖ ਕੇ ਕਿਸੇ ਨੇ ਵੀ ਧੀ ਦੇਣ ਲਈ ਮੰਨ ਜਾਣਾ ਸੀ। ਇਸ ਲਈ ਉਹਨੇ ਇਕ ਦਿਨ ਆਪਣੇ ਬੇਟੇ ਨੂੰ ਵੀ ਆਪਣੀ ਵਹੁਟੀ ਨਾਲ ਦੂਜੀ ਵਹੁਟੀ ਦੀ ਕੁੱਖੋਂ ਪੋਤਾ ਹਾਸਲ ਕਰਨ ਬਾਰੇ ਫੂਕ ਮਾਰਨ ਲਈ ਕਿਹਾ।

ਪੁੱਤ, ਪਿਓ ਨਾਲੋਂ ਵੀ ਜ਼ਿਆਦਾ ਕਾਹਲਾ ਨਿਕਲਿਆ ਤੇ ਸ਼ਾਇਦ ਉਹ ਆਪ ਅੰਦਰੋਂ ਇਹੀ ਚਾਹ ਰਿਹਾ ਸੀ। ਉਸ ਨੇ ਅਗਲਾ ਦਿਨ ਵੀ ਨਾ ਪੈਣ ਦਿੱਤਾ, ਉਸੇ ਰਾਤ ਆਪਣੀ ਪਤਨੀ ਨਾਲ ਗੱਲ ਕਰ ਲਈ। ਉਸ ਦੀ ਪਤਨੀ ਨੇ ਵੀ ਦਿਲ 'ਤੇ ਪੱਥਰ ਰੱਖ ਕੇ ਪਤੀ ਦੀ ਘੁਰਕੀ ਮੰਨ ਲਈ। ਘਰੋਂ ਕੱਢੇ ਜਾਣ ਅਤੇ ਪੇਕੇ ਜਾ ਕੇ ਭਾਬੀਆਂ ਦੀ ਗੁਲਾਮੀ ਕਰਨ ਦੀ ਘੁੰਮਣਘੇਰੀ ਵਿੱਚ ਪੈਣ ਨਾਲੋਂ ਉਸ ਨੇ ਸਹੁਰੇ ਘਰ ਰਹਿ ਕੇ ਸੱਸ-ਸਹੁਰੇ ਦੀ ਸੇਵਾ ਕਰਨ ਨੂੰ ਪਹਿਲ ਦੇਣੀ ਹੀ ਠੀਕ ਸਮਝੀ। ਉਂਜ, ਸੌਕਣ ਦੀ ਕੁੱਖੋਂ ਆਉਣ ਵਾਲੇ 'ਜੀਅ' ਦਾ ਸੁਪਨਾ ਲੈ ਕੇ ਉਹ ਰਾਤਾਂ ਨੂੰ ਅੱਭੜਵਾਹੇ ਉੱਠ ਪੈਂਦੀ।

ਦਲੇਰ ਕੌਰ ਕੋਲ ਇਹ ਗੱਲ ਪਹੁੰਚੀ ਪਰ ਗੱਲ ਸੁਣਦਿਆਂ ਹੀ ਉਹ ਗਰਜ ਪਈ, “ਹੁਣ ਤਾਂ ਡਾਕਟਰਾਂ ਨੇ ਕੁੜੀ ’ਚ ਨੁਕਸ ਦੱਸਿਐ ਤੇ ਸਾਰਾ ਟੱਬਰ ਮੁੰਡੇ ਦਾ ਦੂਜਾ ਵਿਆਹ ਕਰਕੇ ਪੋਤੇ ਦੀ ਝਾਕ ਰੱਖ ਬੈਠਾ ਪਰ ਜੇ ਨੁਕਸ ਮੁੰਡੇ 'ਚ ਨਿਕਲ ਆਉਂਦਾ ਤਾਂ...।”

ਮੇਰੀਆਂ ਅੱਖਾਂ ਅੱਗੇ ਮੇਰੇ ਪਿੰਡ ਦਾ ਸਰਮਾਏਦਾਰ ਸ਼ਮਸ਼ੇਰ ਸਿੰਘ ਆਣ ਖੜ੍ਹਦਾ ਹੈ ਜਿਸ ਨੇ ਨਸ਼ੇੜੀ ਪੁੱਤ ਦੀ ਮੌਤ ਪਿੱਛੋਂ ਪੋਤਰਾ ਖੋਹ ਕੇ ਬਹੂ ਨੂੰ ਬੇਰੰਗ ਪੇਕੇ ਤੋਰ ਦਿੱਤਾ ਸੀ। ਦਲੇਰ ਕੌਰ ਜਿਹੜੀ ਪੋਤੇ ਦੀ ਆਸ ਵਿੱਚ ਆਪਣੀ ਨੂੰਹ ਲਈ ਸੌਕਣ ਲਿਆਉਣ ਖ਼ਿਲਾਫ ਅੜ ਗਈ ਸੀ, ਵੀ ਬਰਾਬਰ ਆਣ ਖਲੋਤੀ ਹੈ। ਮੈਨੂੰ ਪਤਾ ਹੈ ਕਿ ਮੇਰੇ ਸਾਹਵੇਂ ਕੋਈ ਨਹੀਂ ਖੜ੍ਹਾ ਪਰ ਮੈਥੋਂ ਬੇਬੇ ਦਲੇਰ ਕੌਰ ਨੂੰ ਫੌਜੀ ਸਲੂਟ ਵੱਜ ਜਾਂਦਾ ਹੈ।-0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

–ਗੁਰਮਤਿ ਵਿਰਸਾ
ਬਿਊਰੋ

**ਸਵਾਲ—ਸੁਲਤਾਨਪੁਰ ਵਿਖੇ ਗੁਰੂ ਸਾਹਿਬ ਜੀ ਦਾ ਨਿੱਤ ਕਰਮ ਕੀ ਸੀ?**

**ਜਵਾਬ**—ਗੁਰੂ ਸਾਹਿਬ ਜੀ ਨਿਤਾਪ੍ਰਤੀ ਪਹਿਰ ਰਾਤ ਰਹਿੰਦਿਆਂ ਉਠਦੇ ਸਨ ਤੇ ਵੇਈਂ ਨਦੀ 'ਤੇ ਇਸ਼ਨਾਨ ਕਰਕੇ ਕੀਰਤਨ ਅਤੇ ਵਿਚਾਰਾਂ ਕਰਦੇ ਸਨ। ਸਵੇਰ ਸ਼ਾਮ ਦੇ ਸਤਿ ਸੰਗ ਕਰਕੇ ਬਹੁਤ ਸੰਗੀ ਬਣ ਗਏ ਸਨ। ਵੱਖ ਵੱਖ ਗ੍ਰੰਥਾਂ ਦਾ ਅਧਿਐਨ ਕਰਦੇ ਸਨ। ਭਾਈ ਮਰਦਾਨਾ ਜੀ ਤੋਂ ਕੀਰਤਨ ਸੁਣਦੇ ਤੇ ਅਨੂਭਵੀ ਵਿਚਾਰਾਂ ਨੂੰ ਕਲਮ ਬੰਦ ਕਰਦੇ ਸਨ। ਆਪਣੀ ਕਿਰਤ ਕਮਾਈ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰਦੇ ਸਨ। ਮੋਦੀਖਾਨੇ ਦੇ ਮਹਿਕਮੇ ਵਿਚ ਹੁੰਦੀ ਹੇਰਾਫੇਰੀ ਨੂੰ ਬੰਦ ਕਰਾ ਦਿੱਤਾ। ਜਿਨਸ ਜਮ੍ਹਾਂ ਕਰਾਉਣ ਤੇ ਲੈਣ ਵਾਲੇ ਨਾਲ ਪੂਰਾ ਇਨਸਾਫ਼ ਮਿਲਦਾ ਸੀ। ਲੋਕਾਂ ਨੂੰ ਪੂਰਾ ਇਨਸਾਫ਼ ਮਿਲਣਾ ਸ਼ੁਰੂ ਹੋਇਆ, ਲੋਕ ਬਹੁਤ ਖੁਸ਼ ਹੋਏ।

**ਸਵਾਲ—ਲੋੜਵੰਦਾਂ ਦੀ ਸਹਾਇਤਾ ਕਿਦਾਂ ਕਰਦੇ ਸਨ?**

**ਜਵਾਬ**—ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਤਲਵੰਡੀ ਵਿਖੇ ਆਪਣੀ ਕਮਾਈ ਵਿਚੋਂ ਖੁਲ੍ਹੇ ਦਿੱਲ ਨਾਲ ਲੋੜਵੰਦਾਂ ਦੀ ਮਦਦ ਕਰਦੇ ਸਨ ਏਸੇ ਤਰ੍ਹਾਂ ਸੁਲਤਾਨਪੁਰ ਵੀ ਮਨੁੱਖੀ ਸੇਵਾ ਨੂੰ ਅੱਗੇ ਰੱਖਿਆ। ਇਕ ਗਰੀਬ ਬ੍ਰਾਹਮਣ ਗੁਰੂ ਜੀ ਕੋਲ ਆਇਆ ਕਿ ਮੇਰੀ ਲੜਕੀ ਦੀ ਸ਼ਾਦੀ ਹੈ ਇਸ ਲਈ ਮੇਰੀ ਸਹਾਇਤਾ ਕੀਤੀ ਜਾਏ। ਗੁਰੂ ਸਾਹਿਬ ਜੀ ਨੇ ਇਸ ਬ੍ਰਾਹਮਣ ਨੂੰ ਭਾਈ ਭਗੀਰਥ ਦੇ ਨਾਲ ਲਾਹੌਰ ਭਾਈ ਮਨਸੁੱਖ ਦੇ ਪਾਸ ਭੇਜਿਆ। ਭਾਈ ਮਨਸੁੱਖ ਇੱਕ ਉੱਘਾ ਵਪਾਰੀ ਸੀ ਜਿਸ ਨੇ ਭਾਈ ਭਗੀਰਥ ਦੇ ਕਹਿਣ 'ਤੇ ਲੋੜਵੰਦ ਬ੍ਰਾਹਮਣ ਦੀ ਪੂਰੀ ਸਹਾਇਤਾ ਕੀਤੀ।

**ਸਵਾਲ—ਸੁਲਤਾਨਪੁਰ ਤੇ ਲਾਹੌਰ ਦੇ ਓਦੋਂ ਕੀ ਸਬੰਧ ਸਨ?**

**ਜਵਾਬ**—ਲਾਹੌਰ ਦਾ ਗਵਰਨਰ ਤਾਤ ਖ਼ਾਂ ਲੋਧੀ, ਸੁਲਤਾਨਪੁਰ ਲੋਧੀ ਨਵਾਬ ਦੌਲਤ ਖ਼ਾਨ ਦਾ ਪਿਤਾ ਸੀ। ਲਾਹੌਰ ਤੇ ਸੁਲਤਾਨਪੁਰ ਦਾ ਵਪਾਰ ਅਕਸਰ ਸਾਂਝਾ ਹੁੰਦਾ ਸੀ। ਸੁਲਤਾਨਪੁਰ ਤੇ ਲਾਹੌਰ ਦੇ ਰਾਜਨੀਤਿਕ ਸਬੰਧ ਸਨ।

**ਸਵਾਲ—ਭਾਈ ਮਨਸੁੱਖ ਕੌਣ ਸੀ?**

**ਜਵਾਬ**—ਭਾਈ ਭਗੀਰਥ ਦੀ ਰਹਿਣੀ ਬਹਿਣੀ ਦੇਖ ਕੇ ਭਾਈ ਮਨਸੁੱਖ ਵੀ ਗੁਰੂ ਸਾਹਿਬ ਜੀ ਨੂੰ ਮਿਲਣ ਆ ਗਿਆ। ਏਥੋਂ ਰਹਿ ਕੇ ਭਾਈ ਮਨਸੁੱਖ ਨੇ ਸਿੱਖੀ ਦੇ ਫਲਸਫੇ ਨੂੰ ਸਮਝ ਕੇ ਆਪਣੇ ਜੀਵਨ ਵਿਚ ਨਵੀਂ ਕ੍ਰਾਂਤੀ ਲਿਆਂਦੀ। ਭਾਈ ਮਨਸੁੱਖ ਦੂਰ-ਦਰਾਡੇ ਜਾ ਕੇ ਵਪਾਰ ਕਰਦਾ ਸੀ। ਸਿੰਘਲਾਦੀਪ ਦੇ ਰਾਜੇ ਸ਼ਿਵਨਾਭ ਨਾਲ ਭਾਈ ਮਨਸੁੱਖ ਦੀ ਡੂੰਘੀ ਸਾਂਝ ਸੀ। ਭਾਈ ਸਾਹਿਬ ਦੇ ਜੀਵਨ ਦੀ ਰੂਹਾਨੀਅਤ ਦੇਖ ਕੇ ਰਾਜਾ ਬਹੁਤ ਪ੍ਰਭਾਵਤ ਹੋਇਆ। ਵਣਜ-ਵਪਾਰ ਕਰਨ ਗਿਆ ਭਾਈ ਮਨਸੁੱਖ ਇਸ ਵਪਾਰ ਫੇਰੀ ਵਿਚ ਨਾਨਕਈ ਫਲਸਫਾ ਸਿੰਘਲਾਦੀਪ ਦੇ ਲੋਕਾਂ ਨੂੰ ਸਮਝਾਇਆ। ਰਾਜੇ ਸਮੇਤ ਲੋਕ ਬਹੁਤ ਪ੍ਰਭਾਵਤ ਹੋਏ।

**ਸਵਾਲ--ਭਾਈ ਭਗੀਰਥ ਕੌਣ ਸੀ?**

**ਜਵਾਬ**—ਪਿੰਡ ਮਲਸੀਹਾਂ ਦਾ ਨੰਬਰਦਾਰ (ਚੌਧਰੀ), ਜੋ ਦੁਰਗਾ ਦੀ ਪੂਜਾ ਉਪਾਸਨਾ ਤਿਆਗ ਕੇ ਗੁਰੂ ਨਾਨਕ ਸਾਹਿਬ ਦਾ ਆਤਮ ਗਿਆਨੀ ਸਿੱਖ ਬਣਿਆ। ਭਾਈ ਭਗੀਰਥ ਆਪਣੇ ਜੀਵਨ ਵਿਚ ਦੇਵੀ ਦੀ ਪੂਜਾ ਕਰਦਾ ਸੀ। ਜਦੋਂ ਗੁਰੂ ਨਾਨਕ ਸਾਹਿਬ ਜੀ ਸੰਗਤ ਕੀਤੀ ਤਾਂ ਸਮਝ ਆਈ ਕਿ ਜਿਸ ਦੇਵੀ ਦੀ ਮੈਂ ਪੂਜਾ ਕਰਦਾ ਹਾਂ ਉਸ ਦਾ ਤਾਂ ਵਜੂਦ ਹੀ ਕੋਈ ਨਹੀਂ ਹੈ। ਸਾਖੀਕਾਰਾਂ ਤਾਂ ਲਿਖਿਆ ਹੈ ਕਿ ਦੇਵੀ ਗੁਰੂ ਨਾਨਕ ਦੇ ਘਰ ਝਾੜੂ ਫੇਰਦੀ ਸੀ। ਏਦਾਂ ਕੋਈ ਝਾੜੂ ਨਹੀਂ ਫੇਰਦਾ ਸਗੋਂ ਭਾਈ ਸਾਹਿਬ ਨੂੰ ਅਹਿਸਾਸ ਹੋਇਆ ਕਿ ਮਨੋਕਲਪਿਤ ਦੇਵੀਆਂ ਦੇ ਹੱਥ ਵਿਚ ਕੁਝ ਵੀ ਨਹੀਂ ਹੈ ਇਹ ਸਭ ਮਨੌਤਾਂ ਜਾਂ ਮਨ ਦੀਆਂ ਕੰਮਜ਼ੋਰੀਆਂ ਹਨ। ਭਾਈ ਸਾਹਿਬ ਜੀ ਨੂੰ ਸ਼ਬਦ ਦੀ ਵੀਚਾਰ ਵਿਚੋਂ ਨਵਾਂ ਜੀਵਨ ਮਿਲਿਆ।

**ਸਵਾਲ— ਗੁਰੂ ਨਾਨਕ ਸਾਹਿਬ ਜੀ ਨੇ ਮੋਦੀ ਦੀ ਕਾਰ ਕਿਉਂ ਛੱਡੀ?**

**ਜਵਾਬ**—ਪੌਣੇ ਤਿੰਨ ਕੁ ਸਾਲ ਮੋਦੀ ਦੀ ਕਾਰ ਕਰਦਿਆਂ ਲੰਘ ਗਏ। ਅਸੀਂ ਦੇਖਦੇ ਹਾਂ ਕਿ ਜਿਸ ਮਹਿਕਮੇ ਵਿਚ ਕੁਰੱਪਸ਼ਨ ਹੋਵੇ ਓੱਥੇ ਇਨਸਾਫ਼ ਪਸੰਦ ਅਫ਼ਸਰ ਨੂੰ ਪਸੰਦ ਨਹੀਂ ਕੀਤਾ ਜਾਂਦਾ। ਇੰਝ ਹੀ ਗੁਰੂ ਨਾਨਕ ਸਾਹਿਬ ਜੀ ਦੀ ਸੇਵਾ ਭਾਵਨਾ, ਤਿਆਗ ਵਾਲੀ ਬਿਰਤੀ ਤੇ ਹਉਮੇ ਤੋਂ ਰਹਿਤ ਵਾਲੇ ਸੁਭਾਅ ਨੂੰ ਹੰਕਾਰੀ ਲੋਕ ਪਸੰਦ ਨਹੀਂ ਕਰਦੇ ਸਨ। ਚੁਗਲਖੋਰਾਂ ਨੇ ਸ਼ਿਕਾਇਤਾਂ ਲਾਈਆਂ ਕਿ ਮਾਲ ਮਹਿਕਮਾ ਘਾਟੇ ਵਿਚ ਜਾ ਰਿਹਾ ਹੈ। ਨਵਾਬ ਵਲੋਂ ਪੁਛ-ਪੜਤਾਲ ਵਿਚ ਪਾਇਆ ਕਿ ਮਾਲ ਮਹਿਕਮਾ ਸਹੀ ਦਿਸ਼ਾ ਵਲ ਜਾ ਰਿਹਾ ਹੈ ਤੇ ਹਿਸਾਬ ਵਿਚ ਕੋਈ ਵਾਧ-ਘਾਟ ਨਹੀਂ ਹੈ।

**ਸਵਾਲ—ਵੇਈਂ ਨਦੀ ਵਾਲੀ ਘਟਨਾ ਉਪਰੰਤ ਗੁਰੂ ਸਾਹਿਬ ਜੀ ਕਿੱਥੇ ਬੈਠੇ ਸਨ?**

**ਜਵਾਬ**—ਪ੍ਰੋ. ਸਾਹਿਬ ਸਿੰਘ ਜੀ ਦੀ ਲਿਖਤ ਅਨੁਸਾਰ ਗੁਰੂ ਸਾਹਿਬ ਜੀ 1507 ਈਸਵੀ ਭਾਵ ਸੁਦੀ 15 ਭਾਦਰੋਂ 1564 ਸੰਮਤ ਨੂੰ ਸੁਲਤਾਨਪੁਰ ਦੇ ਕਬਰਸਤਾਨ ਵਿਚ ਆ ਡੇਰਾ ਕੀਤਾ। ਪਲਾਂ ਵਿਚ ਹੀ ਘਰ ਘਰ ਖ਼ਬਰ ਫੈਲ ਗਈ। ਨਵਾਬ ਦੌਲਤ ਖ਼ਾਨ ਤੋਂ ਲੈ ਕੇ ਗਰੀਬ ਤੋਂ ਗਰੀਬ ਤਕ ਗੁਰੂ ਸਾਹਿਬ ਦੀ ਇਕ ਝਲਕ ਪਾਉਣ ਲਈ ਆ ਢੁੱਕੇ।

ਸੁਲਤਾਨਪੁਰ ਲੋਧੀ ਦੇ ਲੋਕ ਗੁਰੂ ਸਾਹਿਬ ਜੀ ਨਾਲ ਦਿਲੀ ਸਾਂਝ ਬਣਾ ਚੁੱਕੇ ਸਨ। ਗੁਰੂ ਸਾਹਿਬ ਜੀ ਨੇ ਪਹਿਲੀ ਗੱਲ ਇਹ ਕੀਤੀ ਕਿ ਨਾ ਕੋਈ ਹਿੰਦੂ ਹੈ ਤੇ ਨਾ ਹੀ ਕੋਈ ਮੁਸਲਾਮਾਨ ਹੈ ਭਾਵ ਇਨ੍ਹਾਂ ਵਿਤਕਰਿਆਂ ਨੂੰ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਦੂਰ-ਦਰਾਡ ਜਾ ਕੇ ਹਿੰਦੂ ਮੁਸਲਮਾਨ ਵਾਲੀ ਵਿੱਥ ਮਿਟਾਉਣੀ ਹੈ। ਗੁਰੂ ਸਾਹਿਬ ਜੀ ਨੇ ਮਿਲਣ ਆਏ ਸਤਸੰਗੀਆਂ ਨੂੰ ਸਮਝਾਇਆ ਕਿ ਸਾਰੀ ਖਲਕਤ ਵਿਚ ਇਕ ਹੀ ਵਸਦਾ ਹੈ।

**ਸਵਾਲ— ਗੁਰੂ ਸਾਹਿਬ ਜੀ ਨੇ ਨਵਾਬ ਤੇ ਕਾਜ਼ੀ ਨਾਲ ਨਮਾਜ ਕਦੋਂ ਪੜ੍ਹੀ ਸੀ?**

**ਜਵਾਬ**—ਸਵੇਰ ਤੋਂ ਹੀ ਲੋਕਾਂ ਦਾ ਇਕੱਠ ਕਬਰਸਤਾਨ ਵਿਚ ਜਾਰੀ ਸੀ, ਜਦੋਂ ਦੁਪਹਿਰ ਢਲਣ ਲੱਗੀ ਤਾਂ ਕਾਜ਼ੀ ਨੇ ਕਿਹਾ ਕਿ ਜੇ ਹਿੰਦੂ ਮੁਸਲਮ ਦਾ ਕੋਈ ਝਗੜਾ ਨਹੀਂ ਹੈ ਤਾਂ ਆਓ ਸਾਡੇ ਨਾਲ ਨਮਾਜ਼ ਪੜ੍ਹੋ। ਓਦੋਂ ਪੇਸ਼ੀ ਦੀ ਨਿਮਾਜ਼ ਸੀ। ਜਿਸ ਤਰ੍ਹਾਂ ਕਾਜ਼ੀ ਨਮਾਜ਼ ਅਦਾ ਕਰਾ ਰਿਹਾ ਸੀ ਗੁਰੂ ਸਾਹਿਬ ਜੀ ਮੁਸਕਰਾ ਪਏ। ਨਮਾਜ਼ ਖਤਮ ਹੋਣ 'ਤੇ ਕਾਜ਼ੀ ਨੇ ਇਤਰਾਜ਼ ਉਠਾਇਆ ਕਿ ਤੁਸਾਂ ਸਾਡੇ ਨਾਲ ਨਮਾਜ਼ ਅਦਾ ਨਹੀਂ ਕੀਤੀ। ਗੁਰੂ ਸਾਹਿਬ ਜੀ ਨਵਾਬ ਅਤੇ ਕਾਜ਼ੀ ਨੂੰ ਸਾਫ਼ ਸ਼ਬਦਾਂ ਵਿਚ ਕਿਹਾ ਕਿ ਤੁਸੀਂ ਆਪਣੇ ਇਮਾਨ ਨਾਲ ਦੱਸੋਗੇ ਕਿ ਨਮਾਜ਼ ਸਮੇਂ ਤੁਹਾਡਾ ਮਨ ਕਿੱਥੇ ਸੀ ? ਜ਼ਮਾਨੇ ਦੇ ਹਿਸਾਬ ਨਾਲ ਤਾਂ ਏਹੀ ਕਿਹਾ ਜਾ ਸਕਦਾ ਹੈ ਕਿ ਉਹ ਲੋਕ ਬੜੇ ਭਲੇ ਸਨ ਜਿਹੜੇ ਆਪਣੀ ਕਮਜ਼ੋਰੀ ਨੂੰ ਝੱਟ ਮੰਨ ਗਏ। ਵਰਤਮਾਨ ਵਰਤਾਰੇ ਨੂੰ ਕੋਈ ਮੰਨਣ ਲਈ ਤਿਆਰ ਨਹੀਂ ਹੋਏਗਾ।

**ਸਵਾਲ—ਕਾਜ਼ੀ ਤੇ ਨਵਾਬ ਨੇ ਕਿਹੜੀ ਕਿਹੜੀ ਗੱਲ ਨੂੰ ਕਬੂਲ ਕੀਤਾ ਸੀ?**

**ਜਵਾਬ**—ਨਵਾਬ ਕਹਿੰਦਾ ਕਿ ਮੈਂ ਘੋੜੇ ਖਰੀਦ ਰਿਹਾ ਸੀ ਜਦ ਕਿ ਕਾਜ਼ੀ ਫੱਟ ਦੇਣੇ ਕਹਿੰਦਾ ਕਿ ਮੈਂ ਅੱਲਾ ਨੂੰ ਜਾਨ ਦੇਣੀ ਹੈ ਮੇਰਾ ਖ਼ਿਆਲ ਘਰ ਵਛੇਰੀ ਤੇ ਘੋੜੀ ਵਿਚ ਚਲਾ ਗਿਆ ਸੀ। ਤਦ ਗੁਰੂ ਸਾਹਿਬ ਜੀ ਨੇ ਉਪਦੇਸ਼ ਦਿੱਤਾ ਕਿ ਨਿਰਾ ਜ਼ਬਾਨ ਹਿਲਾਉਣ ਦਾ ਕੀ ਫਾਇਦਾ ਹੈ ਜੇ ਸਾਡਾ ਮਨ ਹੀ ਸਥਿੱਰ ਨਹੀਂ।




## ਐਸੇ ਸੰਤ ਨ ਮੋ ਕਉ ਭਾਵਹਿ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਮਨੁੱਖ ਨੇ ਜਦੋਂ ਦੀ ਹੋਸ਼ ਸੰਭਾਲ਼ੀ ਹੈ ਓਦੋਂ ਤੋਂ ਹੀ ਮਾਨਸਿਕ ਕੰਮਜ਼ੋਰੀਆਂ ਨੇ ਇਸਦਾ ਪਿੱਛਾ ਨਹੀਂ ਛੱਡਿਆ। ਪਹਾੜਾਂ ਦੀਆਂ ਕੰਦਰਾਂ ਸੰਘਣੇ ਰੁੱਖਾਂ ਦੀਆਂ ਝਾੜ੍ਹੀਆਂ ਨੂੰ ਘਰ ਬਣਾ ਕੇ ਰਹਿਣਾ ਤੇ ਜੰਗਲ਼ੀ ਫ਼ਲ ਪੱਤਿਆਂ ਨੂੰ ਖਾ ਕੇ ਗੁਜ਼ਾਰਾ ਕਰਨ ਵਾਲਾ ਹੌਲ਼ੀ ਹੌਲ਼ੀ ਖੁਦਾਵੰਦ ਕਰੀਮ ਦਾ ਇਹ ਪੁੱਤਰ ਮਹਿਲਾਂ ਦਾ ਮਾਲਕ ਬਣਿਆ, ਸਪੇਸ ਵਿਚ ਸਰਦਾਰੀ ਕਾਇਮ ਕੀਤੀ। ਜਿਵੇਂ ਜਿਵੇਂ ਜੰਗਲ਼ਾਂ ਵਿਚੋਂ ਵਿਕਾਸ ਕਰਦਾ ਹੋਇਆ ਅੱਗੇ ਵੱਧਿਆ, ਤਿਵੇਂ ਤਿਵੇਂ ਇਸ ਨੇ ਆਪਣੀਆਂ ਸਰੀਰਕ ਤੇ ਆਤਮਿਕ ਲੋੜਾਂ ਦੀ ਜ਼ਰੂਰਤ ਮਹਿਸੂਸ ਕੀਤੀ। ਅੱਗ ਦੀ ਸਮਝ ਆ ਜਾਣ ਕਰਕੇ ਤਰੱਕੀ ਦੇ ਰਾਹ ਪੈ ਗਿਆ। ਕੁਦਰਤੀ ਸ਼ਕਤੀਆਂ ਦੇ ਲ਼ਾਭ ਨੂੰ ਨਿੱਤ ਵਰਤੋਂ ਵਿਚ ਲਿਆਉਣ ਲੱਗ ਪਿਆ। ਕੁਦਰਤੀ ਸ਼ਕਤੀਆਂ ਦੇ ਲਾਭ ਨੂੰ ਮੁੱਖ ਰੱਖ ਕੇ ਇਸ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਇਹ ਪੂਜਾ ਦੋ ਹਿੱਸਿਆਂ ਵਿਚ ਵੰਡੀ ਗਈ। ਇਕ ਤੇ ਇਹ ਕੇ ਜਿਸ ਕੁਦਰਤੀ ਸ਼ਕਤੀ ਤੋਂ ਇਸ ਨੂੰ ਕੁਝ ਲਾਭ ਪ੍ਰਾਪਤ ਹੋਇਆ ਤੇ ਦੂਜਾ ਜਿਸ ਤੋਂ ਇਸ ਨੂੰ ਕੁਝ ਨੁਕਸਾਨ ਹੋਇਆ, ਇੰਜ ਡਰ ਤੇ ਲਾਲਚ ਵੱਸ ਹੋ ਕੇ ਇਸ ਨੇ ਦੋਹਾਂ ਦੀ ਹੀ ਪੂਜਾ ਆਰੰਭ ਕਰ ਦਿੱਤੀ।ਮਨੁੱਖ ਦੀ ਵਿਕਾਸ ਬਿਰਤੀ ਵਿਚੋਂ ਪਰਿਵਾਰ, ਸਮਾਜ, ਪਿੰਡਾਂ ਤੇ ਸ਼ਹਿਰਾਂ ਨੇ ਜਨਮ ਲਿਆ। ਮਨੁੱਖੀ ਮਨ ਅੰਦਰ ਕੁਦਰਤੀ ਸ਼ਕਤੀਆਂ ਦਾ ਭੈ ਮੌਜੂਦ ਹੋਣ ਕਰਕੇ ਹਰ ਕਾਰਜ ਕਰਨ ਲਈ ਕਿਸੇ ਨਾ ਕਿਸੇ ਸ਼ਕਤੀ ਦੀ ਪੂਜਾ ਨੇ ਜਨਮ ਲੈ ਲਿਆ। ਜਿਸ ਤਰ੍ਹਾਂ ਅਗਨੀ ਤੋਂ ਕੁਝ ਲਾਭ ਪਰਾਪਤ ਹੋਇਆ ਤਾਂ ਇਸ ਨੇ ਨਾਂ ਰੱਖ ਲਿਆ ਬੈਸੰਤਰ ਦੇਵਤਾ, ਵਰਖਾ ਤੋਂ ਲਾਭ ਹੋਇਆ ਤਾਂ ਇਸ ਨੇ ਨਾਂ ਰੱਖ ਲਿਆ ਵਰਣ ਦੇਵਤਾ। ਦੇਵਤੇ ਦਾ ਭਾਵ ਹੈ ਕੁਝ ਦੇਣ ਵਾਲਾ। ਇਹਨਾਂ ਦੇਵਤਿਆਂ ਨੂੰ ਖੁਸ਼ ਕਰਨ ਲਈ ਤੇ ਇਹਨਾਂ ਦੀ ਕਰੋਪੀ ਤੋਂ ਬਚਣ ਲਈ ਆਪੋ ਆਪਣੇ ਢੰਗ ਨਾਲ ਹਰ ਪਰਿਵਾਰ ਦੇ ਮੁੱਖੀਏ ਨੇ ਧਾਰਮਿਕ ਰਸਮਾਂ ਨਿਭਾਉਣੀਆਂ ਸ਼ੁਰੂ ਕਰ ਲਈਆਂ। ਪਰਿਵਾਰਕ ਮੁੱਖੀਆਂ ਤੋਂ ਉਪਰੰਤ ਪਿੰਡਾਂ ਵਿਚ ਇਕ ਅੱਧਾ ਧਾਰਮਿਕ ਰਸਮਾਂ ਨਿਭਾਉਣ ਵਾਲਾ ਰਹਿ ਗਿਆ। ਆਮ ਲੁਕਾਈ ਇਹ ਸਮਝਣ ਲੱਗ ਪਈ ਕਿ ਧਾਰਮਿਕ ਰਸਮਾਂ ਨਿਭੰਹੁਣ ਵਾਲਾ ਦੇਵਤੇ ਦੇ ਬਹੁਤ ਹੀ ਨਜ਼ਦੀਕ ਹੈ। ਇਹ ਪੱਥਰ ਦੀ ਲੀਕ ਵਾਂਗ ਸਦੀਵ ਕਾਲ ਸੱਚ ਮੰਨ ਲਿਆ ਗਿਆ ਕਿ ਪੁਜਾਰੀ ਦੇ ਕਹੇ ਵਿਚ ਦੇਵੀ ਦੇਵਤੇ ਰਹਿੰਦੇ ਹਨ। ਜਦੋਂ ਚਾਹੇ ਪੁਜਾਰੀ ਮੀਂਹ ਪੁਆ ਸਕਦਾ ਹੈ ਤੇ ਜਦੋਂ ਚਾਹੇ ਇਹ ਮੀਂਹ ਹਟਾ ਸਕਦਾ ਹੈ। ਵਿਚਾਰੀ ਭੋਲ਼ੀ ਖ਼ਲਕਤ ਗਰਜ਼ਾਂ ਦੀ ਮਾਰੀ ਹੋਈ ਨੇ ਇਹਨਾਂ ਦੇ ਅੱਗੇ ਆ ਕੇ ਅਰਦਾਸਾਂ ਕਰਨੀਆਂ ਕੇ ਸਾਡੀ ਫਲਾਣੇ ਦੇਵਤੇ ਦੇ ਅੱਗੇ ਅਰਦਾਸ ਕਰ ਦਿਉ ਜੀ ਸਾਡਾ ਕਾਰਜ ਰਾਸ ਹੋ ਜਾਏ ਜਾਂ ਫਲਾਣੇ ਦੇਵਤੇ ਅੱਗੇ ਸਾਡੀ ਮਨਤ ਮੰਨਣ ਦੀ ਅਰਜ਼ੋਈ ਕਰ ਦਿਉ ਜੀ। ਭੋਲ਼ੀ ਜਨਤਾ ਇਹ ਸਮਝਦੀ ਸੀ ਕਿ ਕੋਈ ਗੈਬੀ ਸ਼ਕਤੀ ਸਾਧਾਂ ਦੇ ਕਹੇ ਅਨੁਸਾਰ ਕੰਮ ਕਰਦੀ ਹੈ ਤੇ ਇਹ ਮੰਤਰ ਮਾਰ ਕੇ ਸਾਡਾ ਵਿਗੜਿਆ ਹੋਇਆ ਕੰਮ ਸਵਾਰ ਸਕਦੀ ਹੈ। ਕਈ ਸਿਆਣੇ ਲੋਕ ਵੀ ਅਜਿਹੇ ਝੁੰਗਲ਼ ਜਾਲ਼ ਵਿਚ ਫਸ ਗਏ। ਇਹਨਾਂ ਵਿਹਲੜ ਫਾਂਡਰੂ ਪੁਜਾਰੀਆਂ ਨੇ ਦੁਨੀਆਂ ਨੂੰ ਹੋਰ ਡਰਾ ਦਿੱਤਾ। ਇਹ ਡਰ ਇਤਨਾ ਵੱਧ ਗਿਆ ਕਿ ਮਨੁੱਖ ਸੱਪਾਂ, ਠੁੰਹਿਆਂ, ਪਿਪਲਾਂ, ਬੇਰੀਆਂ ਦੀ ਪੂਜਾ ਵੱਲ ਧੱਕਿਆ ਗਿਆ ਤੇ ਟੱਲੀਆਂ ਖੜਕਾਅ, ਧੂਪਾਂ ਧੁਖਾ ਤੇ ਫੁੱਲ ਚਾੜ੍ਹ ਕੇ ਅਨੋਖੇ ਢੰਗ ਦੀ ਪੂਜਾ ਕਰਨ ਲੱਗ ਪਿਆ।

ਇਹਨਾਂ ਵਿਹਲੜਾਂ ਦੀਆਂ ਗੋਗੜਾਂ ਵੱਧਦੀਆਂ ਦੇਖ ਕੇ ਕਈਆਂ ਹੋਰਾਂ ਦੀਆਂ ਲ਼ਾਲ਼ਾਂ ਵੀ ਵਗਣੀਆਂ ਸ਼ੁਰੂ ਹੋ ਗਈਆਂ। ਜਿਸ ਦਾ ਸਿੱਟਾ ਇਹ ਨਿਕਲਿਆ ਕੇ ਅਜੇਹੇ ਮਖੱਟੂਆਂ ਦੀਆਂ ਡਾਰਾਂ ਦੀਆਂ ਡਾਰਾਂ ਸਉਣ ਭਾਦਰੋਂ ਦੀਆਂ ਖੁੰਭਾਂ ਵਾਂਗ ਵੱਧ ਗਈਆਂ। ਜੋਗੀਆਂ, ਸਿੱਧਾਂ ਨੇ ਹੀ ਹਿੰਦੁਸਤਾਨ ਦੇ ਰਾਜਿਆਂ ਨੂੰ ਕਹਿ ਦਿੱਤਾ ਸੀ ਕਿ ਤੁਸੀਂ ਅਰਾਮ ਨਾਲ ਬੈਠੋ ਜਦੋਂ ਵੀ ਕੋਈ ਬਾਹਰਲਾ ਹਮਲਾਵਰ ਭਾਰਤ ਮਾਤਾ ਤੇ ਹਮਲਾ ਕਰਕੇ ਉਸ ਦੀ ਇਜ਼ਤ ਨਾਲ ਖਿਲਵਾੜ ਕਰੇਗਾ ਅਸੀਂ ਓਸੇ ਵੇਲੇ ਹੀ ਆਪਣਿਆਂ ਵਧੀਆ ਮੰਤ੍ਰਾਂ ਰਾਂਹੀਂ ਐਸੀ ਕਰਾਮਾਤ ਦਿਖਾਂਵਾਂਗੇ ਕੇ ਸਾਰੀ ਦੀ ਸਾਰੀ ਫ਼ੌਜ ਅੰਨ੍ਹੀ ਹੋ ਜਾਏਗੀ ਤੁਸੀਂ ਉਸੇ ਵੇਲੇ ਹੀ ਉਹਨਾਂ ਨੂੰ ਆਪਣੇ ਕਬਜ਼ੇ ਹੇਠ ਕਰ ਲੈਣਾ ਪਰ ਸਾਡੇ ਲਈ ਤੁਸੀਂ ਇਕ ਕੰਮ ਕਰਿਆ ਜੇ ਕੇ ਰਸਦ ਪਾਣੀ ਸਮੇਂ ਅਨੁਸਾਰ ਭੇਜਦੇ ਰਹਿਣਾ ਤਾ ਕੇ ਸਾਡੇ ਪਾਠ ਪੂਜਾ ਵਿਚ ਵਿਘਨ ਨਾ ਪਏ। ਗੁਰੂ ਨਾਨਕ ਸਾਹਿਬ ਜੀ ਨੇ ਇਹਨਾਂ ਦੀਆਂ ਠੱਗੀਆਂ ਨੂੰ ਨੰਗਿਆਂ ਕੀਤਾ। ਪਿਆਰਾ ਵਾਕ ਹੈ----

**ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥**
**ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥**
**ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥**

**(417-418)**

ਇਸ ਲੜੀ ਦੇ ਅਧਾਰਤ ਜੋ ਸ਼ਬਦ ਲਿਆ ਗਿਆ ਹੈ ਇਹ ਕਬੀਰ ਜੀ ਦਾ ਰਾਗ ਆਸਾ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਰਾਂਹੀਂ ਕਬੀਰ ਜੀ ਨੇ ਉਸ ਸਮੇਂ ਦੇ ਪਖੰਡੀ ਸਾਧਾਂ-ਸੰਤਾਂ ਦੀ ਪੂਰੀ ਅਸਲੀਅਤ ਸਾਡੇ ਸਾਹਮਣੇ ਰੱਖੀ ਹੈ। ਜਿਸ ਪਖੰਡੀ ਲਾਣੇ ਨੂੰ ਗੁਰਬਾਣੀ ਰੱਦ ਕਰਦੀ ਹੈ ਅੱਜ ਓਹੋ ਹੀ ਪਖੰਡ ਮੱਕੜੀ ਦਾ ਜਾਲ਼ਾ ਬਣ ਕੇ ਕੌਮ ਨੂੰ ਚਿੰਬੜਿਆ ਹੋਇਆ ਹੈ। ਆਓ ਕਬੀਰ ਜੀ ਦੇ ਇਸ ਸ਼ਬਦ ਰਾਹੀਂ ਉਸ ਸਮੇਂ ਤੇ ਅਜੋਕੇ ਸਮੇਂ ਦੇ ਸੰਤ ਲਾਣੇ ਦੇ ਹਲਾਤਾਂ ਸਬੰਧੀ ਜਾਣਕਾਰੀ ਪਰਾਪਤ ਕਰਨ ਦਾ ਭਰਪੂਰ ਯਤਨ ਕਰੀਏ।

**ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥**
**ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥**
**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥1॥**
**ਐਸੇ ਸੰਤ ਨ ਮੋ ਕਉ ਭਾਵਹਿ ॥**
**ਡਾਲਾ ਸਿਉ ਪੇਡਾ ਗਟਕਾਵਹਿ ॥1॥ ਰਹਾਉ ॥**
**ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥**
**ਬਸੁਧਾ ਖੋਦਿ ਕਰਹਿ ਦੁਇ ਚੂਲ੍ੇ ਸਾਰੇ ਮਾਣਸ ਖਾਵਹਿ ॥2॥**
**ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥**
**ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥3॥**
**ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥**
**ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥4॥**

**(476)**

ਰਹਾਉ ਦੀਆਂ ਤੁਕਾਂ ਵਿਚ ਇਕ ਪਾਖੰਡੀ ਸੰਤ ਦੇ ਕਿਰਦਾਰ ਨੂੰ ਮੁੱਢੋਂ ਹੀ ਰੱਦ ਕਰਦਿਆਂ ਮਨੁੱਖਤਾ ਨੂੰ ਚਿੰਬੜੇ ਹੋਏ ਕੋੜ੍ਹ ਦੀ ਅਸਲੀ ਤਸਵੀਰ ਸਾਡੇ

ਸਹਮਣੇ ਰੱਖ ਦਿੱਤੀ ਹੈ। "ਐਸੇ ਸੰਤ ਨ ਮੋ ਕਉ ਭਾਵਹਿ॥" ਮਨੁੱਖੀ ਸੋਚ ਤੋਂ ਗਿਰੇ ਹੋਏ ਸੰਤ ਮੇਰੇ ਮਨ ਨੂੰ ਕਦੀ ਚੰਗੇ ਨਹੀਂ ਲੱਗਦੇ। ਕਿਉਂਕਿ ਇਹਨਾਂ ਦੇ ਹਰਮਾਂ ਨੇ ਪਰਿਵਾਰਾਂ ਦੇ ਪਰਿਵਾਰ ਸਮੁੱਚੇ ਤੌਰ 'ਤੇ ਖਾ ਲਏ ਹਨ। "ਡਾਲਾ ਸਿਉ ਪੇਡਾ ਗਟਕਾਵਹਿ" ਫ਼ਲਦਾਰ ਦਰੱਖਤ ਦੇ ਫ਼ਲ ਨੂੰ ਖਾਇਆਂ ਅਗਲੇ ਵਰ੍ਹੇ ਫਿਰ ਫ਼ਲ ਪੈਣ ਦੀ ਸੰਭਾਵਨਾ ਹੁੰਦੀ ਹੈ, ਪਰ ਜੇਕਰ ਫ਼ਲ ਖਾਣ ਵਾਲਾ ਟਾਹਣੀ ਤੇ ਤਣੇ ਨੂੰ ਵੀ ਖਾ ਜਾਏ ਤਾਂ ਅਗਲੇ ਵਰ੍ਹੇ ਨਿਦਾਨ ਜਿੱਥੇ ਫ਼ਲ ਨਹੀਂ ਖਾ ਸਕਦਾ ਓੱਥੇ ਦਰੱਖਤ ਦੀ ਸੰਘਣੀ ਛਾਂ ਥੱਲੇ ਵੀ ਨਹੀਂ ਬੈਠ ਸਕਦਾ। ਅੱਜ ਬਹੁਤ ਸਾਰੀਆਂ ਮਿਸਾਲਾਂ ਮਿਲ ਰਹੀਆਂ ਹਨ ਕਿ ਸੰਤ ਲਾਣੇ ਦੀਆਂ ਕਾਲ਼ੀਆਂ ਭੇਡਾਂ ਨੇ ਕਈਆਂ ਪਰਿਵਾਰਾਂ ਦੀਆਂ ਜ਼ਿੰਦਗੀਆਂ ਨਰਕ ਵਿਚ ਪਾ ਦਿੱਤੀਆਂ ਹਨ। ਬੱਚੀਆਂ ਦੀਆਂ ਇੱਜ਼ਤਾਂ ਨਾਲ ਇਨਾਂ ਨੇ ਖਿਲਵਾੜ ਕੀਤਾ ਹੈ। ਕਬੀਰ ਜੀ ਨੇ ਇਕ ਭਰਵੇਂ ਪਾਖੰਡ ਦਾ ਪਾਜ ਹੀ ਨਹੀਂ ਉਘੇੜਿਆ ਸਗੋਂ ਆਉਣ ਵਾਲੇ ਸਮੇਂ ਵਿਚ ਸਾਨੂੰ ਸੁਚੇਤ ਵੀ ਕੀਤਾ ਹੈ। ਆਪਣੀ ਮਾਇਆ ਦੀ ਲਾਲਸਾ ਕਰਕੇ ਕਈ ਵਾਰੀ ਪਰਿਵਾਰ ਦੇ ਜੀਆਂ ਨੂੰ ਜਾਨੋਂ ਵੀ ਮਾਰ ਮੁਕਾਉਂਦੇ ਹਨ ਤੇ ਉਹਨਾਂ ਦੀ ਜ਼ਮੀਨ ਜਾਇਦਾਦ ਨੂੰ ਦਿਨ ਦੀਵੀਂ ਹੜੱਪ ਕਰ ਜਾਣ ਦੀ ਪੂਰੀ ਮੁਹਾਰਤ ਰੱਖਦੇ ਹਨ। ਏਸੇ ਲਈ ਕਬੀਰ ਜੀ ਨੇ ਕਹਿ ਦਿੱਤਾ ਹੈ ਕੇ—"ਐਸੇ ਸੰਤ ਨ ਮੋ ਕਉ ਭਾਵਹਿ॥ ਡਾਲਾ ਸਿਉ ਪੇਡਾ ਗਟਕਾਵਹਿ"॥ ਸਮੂਲਚੇ ਪਰਿਵਾਰ ਰਗੜ੍ਹ ਕੇ ਖਾਣ ਵਾਲਿਆਂ ਨੂੰ ਮੈਂ ਬਿਲਕੁਲ ਪਸੰਦ ਨਹੀਂ ਕਰਦਾ।

ਕਬੀਰ ਜੀ ਨੇ ਏਸੇ ਹੀ ਸ਼ਬਦ ਵਿਚ ਇਹਨਾਂ ਦੀਆਂ ਗਲੀਚ ਹਰਕਤਾਂ, ਪਹਿਰਾਵਾ, ਠੱਗੀਆਂ ਮਾਰਨ ਦੀ ਮੁਹਾਰਤ ਅਖੌਤੀ ਸੁੱਚ ਦਾ ਪਾਜ ਖੁਲ੍ਹੇ ਸ਼ਬਦਾਂ ਵਿਚ ਖੋਲ੍ਹਿਆ ਹੈ। ਪਹਿਲੇ ਬੰਦ ਵਿਚ ਤਰ੍ਹਾਂ ਤਰ੍ਹਾਂ ਦੇ ਰੰਗ ਬਰੰਗੇ ਚੋਲੇ 'ਤੇ ਇਹਨਾਂ ਚੋਲਿਆਂ ਤੇ ਫਿਲਮੀ ਐਕਟਰਾਂ ਵਾਲੀ ਕਢਾਈ ਤੇ ਉਪਰੋਂ ਦੀ ਪਾਈਆਂ ਹੋਈਆਂ ਲੰਬੀਆਂ ਲੰਬੀਆਂ ਮਾਲ਼ਾਵਾਂ ਦਾ ਜ਼ਿਕਰ ਵਿਸਥਾਰ ਨਾਲ ਕੀਤਾ ਹੈ।

**ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥**
**ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥**
**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥1॥**

ਕਬੀਰ ਜੀ ਦਾ ਜਨਮ ਬਨਾਰਸ ਵਿਚ ਹੋਣ ਕਰਕੇ, ਬ੍ਰਾਹਮਣ ਦੇਵਤੇ ਦੀ ਪੂਜਾ, ਧਰਮ ਦੇ ਨਾਂ ਤੇ ਕਰਮਕਾਂਡ, ਕਿਰਤੀ ਮਨੁੱਖ ਦੀ ਹੁੰਦੀ ਲੁੱਟ ਨੂੰ ਨੇੜਿਉਂ ਹੋਕੇ ਤੱਕਿਆ ਸੀ। ਵਿਹਲੜ ਸਾਧਾਂ ਦੇ ਹਰਲ ਹਰਲ ਕਰਦਿਆਂ ਹੋਇਆਂ ਵੱਗਾਂ ਨੂੰ ਲੋਕਾਂ ਵਿਚ ਵਿਚਰਦਿਆਂ ਗਹੁ ਨਾਲ ਦੇਖਿਆ। ਇਕ ਬੜੀ ਪਿਆਰੀ ਉਦਾਹਰਣ ਦੇਂਦਿਆਂ ਕਬੀਰ ਜੀ ਨੇ ਆਪਣੇ ਸਲੋਕ ਵਿਚ ਦੱਸਿਆ ਹੈ ਕੇ ਇਹਨਾਂ ਦਾ ਪਹਿਰਾਵਾ ਦੇਖੋ ਇਕ ਦਮ ਮਨ ਨੂੰ ਖਿੱਚ ਪਾਉਂਦਾ ਹੈ-ਪਰ ਇਹ ਮਾਈ ਦੇ ਲਾਲ ਅੰਦਰੋਂ ਲੂਸੇ ਪਏ ਹਨ। ਵਾਕ ਹੈ--

**ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥**
**ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ ॥ (1364)**

ਜੋਗੀਆਂ ਨੇ ਸੋਨੇ ਦੇ ਵਾਲ਼ੇ ਬਣਾ ਕੇ ਕੰਨਾਂ ਵਿਚ ਪਾਏ ਹੁੰਦੇ ਹਨ ਤੇ ਉਹਨਾਂ ਵਾਲਿਆਂ ਦੀ ਹੋਰ ਸੋਹਣੀ ਦਿੱਖ ਬਣਾਉਣ ਲਈ ਉਪਰ ਲਾਲ ਜੜ੍ਹੇ ਹੁੰਦੇ ਹਨ। ਇੰਝ ਕਰਨ ਨਾਲ ਜੋਗੀ ਦੀ ਅਮੀਰੀ ਬਹੁਤ ਵਧੀਆ ਪ੍ਰਗਟ ਹੁੰਦੀ ਹੈ—ਜਿਸ ਤਰ੍ਹਾਂ ਬੇਲੇ ਵਿਚ ਸਰਕੜ੍ਹੇ ਨੂੰ ਅੱਗ ਲੱਗ ਜਾਏ ਤਾਂ ਕਾਨਾ ਦੇਖਣ ਨੂੰ ਪੂਰਾ ਲਿਸ਼ਕਦਾ ਹੋਇਆ ਨਜ਼ਰ ਆਏਗਾ ਪਰ ਕਾਨੇ ਨੂੰ ਛਿੱਲ ਕੇ ਦੇਖੋ ਤਾਂ ਉਹ ਅੰਦਰੋਂ ਸੜ੍ਹਿਆ ਹੋਇਆ ਦਿਸੇਗਾ। ਇੰਝ ਹੀ ਇਹ ਜੋਗੀ ਬਾਹਰੋਂ ਸਾਧੂ, ਧਰਮੀ ਤੇ ਰੱਬ ਜੀ ਦੇ ਖਾਸ ਦੂਤ ਲੱਗਦੇ ਸਨ—ਪਰ ਜੇ ਕਿਤੇ ਇਹਨਾਂ ਦੀ ਮਨਸਾ ਪੂਰੀ ਨਾ ਹੁੰਦੀ ਹੋਵੇ ਤਾਂ ਮਿੰਟ ਤੋਂ ਪਹਿਲਾਂ ਸਰਾਪ ਵਾਲੀ ਭਾਸ਼ਾ ਤੇ ਉੱਤਰ ਅਉਂਦੇ ਸਨ। ਬਾਹਰੋਂ ਧਰਮੀ ਤੇ ਅੰਦਰੋਂ ਈਰਖਾ, ਨਫਰਤ ਨਾਲ ਨੱਕੋ ਨੱਕ ਭਰੇ ਹੋਏ ਸਨ। ਏਹੀ ਹਾਲ ਅੱਜ ਦੇ ਪਾਖੰਡੀ ਸੰਤਾਂ ਦਾ ਹੈ ਜੋ ਝੂਠੀ ਕਰਾਮਾਤ ਰਾਹੀਂ ਸਭ ਕੁਝ ਮਿੰਟਾਂ ਵਿਚ ਭਸਮਾ ਭੂਤ ਕਰ ਦੇਣ ਦੇ ਹਮੇਸ਼ਾਂ ਹੀ ਡਰਾਵੇ ਦੇਂਦੇ ਰਹਿੰਦੇ ਹਨ। ਮਸਕਟ ਵਿਚ ਬੈਠਿਆਂ ਇਕ ਵੀਰ ਜੀ ਨੇ ਬਹੁਤ ਪਿਆਰੀ ਗੱਲ ਸੁਣਾਈ ਕਿ ਇਕ ਨਵੇਂ ਸਥਾਪਤ ਹੋਏ ਬਾਬਾ ਜੀ ਅੱਖਾਂ ਮੁੰਦ ਮੁੰਦ ਕੇ ਪਰਵਚਨ ਪਏ ਕਰ ਰਹੇ ਸਨ, ਜੋ ਗੁਰਬਾਣੀ ਸਿਧਾਂਤ ਦੇ ਅਨੁਸਾਰ ਨਹੀਂ ਸਨ ਬਲ ਕਿ ਵਿਚੋਲੇ ਦੀ ਲੋੜ ਤੇ ਜ਼ਿਆਦਾ ਜ਼ੋਰ ਦੇ ਰਹੇ ਸਨ। ਚਲ ਰਹੇ ਪ੍ਰਵਚਨਾਂ ਵਿਚ ਦਾਸ ਨੇ ਨਿਮਰਤਾ ਨਾਲ ਇਤਨਾ ਕੁ ਹੀ ਕਿਹਾ ਕਿ ਬਾਬਾ ਜੀ ਇਹ ਅਰਥ ਗੁਰਬਾਣੀ ਦੇ ਅਨੁਸਾਰ ਨਹੀਂ ਹਨ। ਬਾਬਾ ਜੀ ਦੀ ਧੀਰਜ ਦਾ ਭਰਿਆ ਹੋਇਆ ਪਿਆਲਾ ਡੋਲਣ ਲੱਗ ਪਿਆ ਤੇ ਆਪੇ ਤੋਂ ਬਾਹਰ ਹੋ ਕੇ ਕਹਿਣ ਲੱਗੇ "ਮਹਾਂਪੁਰਸ਼ਾਂ ਦੇ ਅੱਗੇ ਪਹਿਲਾਂ ਕਦੇ ਵੀ ਇੰਝ ਨਹੀਂ ਬੋਲਿਆ ਜਾਂਦਾ ਸੀ ਜਿਸ ਤਰਾਂ ਹੁਣ ਤੁਸੀਂ ਬੋਲ ਰਹੇ ਹੋ, ਮੈਂ ਅੱਗੇ ਤੋਂ ਪ੍ਰਵਚਨ ਨਹੀਂ ਕਰਾਂਗਾ, ਤੁਸੀਂ ਬ੍ਰਹਮ ਗਿਆਨੀਆਂ ਦੀ ਬੇ-ਅਦਬੀ ਕਰ ਰਹੇ ਹੋ"। ਕੋਲ ਬੈਠੇ ਹੋਏ ਸੰਗੀ ਜਨ ਬਾਬਾ ਜੀ ਦੀ ਕਰੋਪੀ ਤੋਂ ਡਰਦਿਆਂ ਹੋਇਆਂ ਹੀ ਵਾਹਿਗੁਰੂ-ਵਾਹਿਗੁਰੂ ਕਰਨ ਲੱਗ ਪਏ ਤੇ ਸਾਰਿਆਂ ਮੈਨੂੰ ਕੌੜੀ ਮਿੱਠੀ ਝਾੜ੍ਹ ਪਾ ਕੇ ਚੁੱਪ ਕਰਾ ਦਿੱਤਾ। ਹੈ ਕਨਾ--ਧੰਨ ਸਿੱਖੀ ਤੇ ਧੰਨ ਸਿੱਖ--!

ਸਮਾਜ ਨੂੰ ਜੋਕਾਂ ਵਾਂਗ ਚਿੰਬੜੇ ਸੰਤੂਆਂ ਦੇ ਲਿਬਾਸ ਦੀ ਗੱਲ ਕਰਦਿਆਂ ਦੱਸਿਆ ਹੈ ਕਿ ਇਹਨਾਂ ਦੀਆਂ ਤਿੰਨ ਤਿੰਨ ਗਜ਼ ਲੰਬੀਆਂ ਧੋਤੀਆਂ, ਤਿਹਰੇ ਧਾਗਿਆਂ ਦੇ ਜਨੇਊ ਤੇ ਗੱਲਾਂ ਵਿਚ ਪਾਈਆਂ ਹੋਈਆਂ ਲੰਬੀਆਂ ਲੰਬੀਆਂ ਮਾਲ਼ਾ ਇਹਨਾਂ ਦੇ ਧਰਮੀ ਹੋਣ ਦਾ ਪ੍ਰਗਟਾਵਾ ਕਰਦੀਆਂ ਹਨ। ਪਰ ਇਹ ਤਾਂ ਲੋਕਾਂ ਨੂੰ ਫਸਾਉਣ ਦਾ ਵਧੀਆ ਢੌਂਗ ਹੈ, ਜੋ ਅੱਜ ਵੀ ਲੰਬੇ ਚੋਲ਼ੇ ਤੇ ਚੋਲਿਆਂ ਦੇ ਉਪਰ ਦੀ ਚੋਲ਼ੇ ਪਾਈ ਮਹਾਂਪੁਰਸ਼ ਦੇਖਣ ਨੂੰ ਮਿਲ ਰਹੇ ਹਨ। ਕਈ ਤਾਂ ਹਵਾਈ ਜਹਾਜ਼ ਵਿਚ ਬੈਠਿਆਂ ਵੀ ਚੋਲ਼ੇ ਉੱਪਰਲਾ ਚੋਲਾ ਨਹੀਂ ਉਤਾਰਦੇ ਜਿਵੇਂ ਬ੍ਰਹਮ ਗਿਆਨਤਾ ਇਹਨਾਂ ਦੇ ਏਸੇ ਚੋਲ਼ੇ ਵਿਚ ਪਈ ਹੋਵੇ।

**ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥**
**ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥**
**ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥1॥**

ਗੱਲ ਵਿਚ ਪਈ ਮਾਲਾ, ਲਿਸ਼ਕਦਾ ਹੋਇਆ ਗੜਵਾ, ਗਿਟਿਆਂ ਨੂੰ ਖਹਿੰਦੇ ਹੋਏ ਚੋਲ਼ੇ, ਪੰਜ-ਸਤ ਨਾਲ ਫਿਰਦੇ ਹੋਏ ਟੁੱਕੜ ਬੋਚ ਜੋ ਸੰਤ ਘੱਟ ਤੇ ਬਦਮਾਸ਼ ਵੱਧ ਲੱਗਦੇ ਹਰ ਪਿੰਡ, ਸ਼ਹਿਰ ਤੇ ਕਸਬੇ ਵਿਚੋਂ ਦੇਖੇ ਜਾ ਸਕਦੇ ਹਨ ਜੋ ਥੋਕ ਵਿਚ ਪੁੱਤਰਾਂ ਦੀਆਂ ਦਾਤਾਂ ਢੇਰਾਂ ਦੇ ਢੇਰ ਰੂਪ ਵਿਚ ਦੇ ਰਹੇ ਹਨ। ਇਹ ਬਿਮਾਰੀ ਜਿੱਥੇ ਕਬੀਰ ਜੀ ਦੇ ਜ਼ਮਾਨੇ ਵਿਚ ਪੂਰੀ ਤਰ੍ਹਾਂ ਪਰਫੁੱਲਤ ਸੀ ਓੱਥੇ ਅਜ ਵੀ ਇਸ ਬਿਮਾਰੀ ਦੇ ਖੁਲ੍ਹੇ ਰੂਪ ਵਿਚ ਦਰਸ਼ਨ ਦੀਦਾਰੇ ਕੀਤੇ ਜਾ ਸਕਦੇ ਹਨ। ਐਸੇ ਪੁਰਸ਼ ਜੋ ਧਰਮੀ ਹੋਣ ਦਾ ਦਿਖਾਵਾ ਕਰ ਰਹੇ ਸਨ ਕਬੀਰ ਜੀ ਇਹਨਾਂ ਨੂੰ ਮੁਕੰਮਲ ਠੱਗਾਂ ਦਾ ਸਰਟੀਫੀਕੇਟ ਦੇ ਰਹੇ ਹਨ। ਪੱਕੇ ਤੌਰ ਤੇ ਇਹਨਾਂ ਨੇ ਠੱਗੀਆਂ ਮਾਰਨ ਦੀਆਂ ਦੁਕਾਨਾਂ ਕਾਇਮ ਕਰ ਲਈਆਂ ਹਨ। ਸਿੱਖ ਧਰਮ ਅੰਦਰ ਵੀ ਅਜੀਬ ਕਿਸਮ ਦੇ ਅਜੇਹੇ ਪਹਿਰਾਵਿਆਂ ਵਾਲੇ ਸੰਤੜੂ ਪੈਦਾ ਹੋ ਗਏ ਹਨ। ਕਈਆਂ ਨੇ ਤਿੰਨ ਕੁ ਮੀਟਰ ਦਾ ਚਿੱਟੇ ਰੰਗ ਦਾ ਪਤਲਾ ਜਿਹਾ ਗੋਲ ਪਰਨਾ ਸਿਰ ਤੇ ਬੱਧਾ ਹੁੰਦਾ ਹੈ ਤੇ ਕਈਆਂ ਨੇ ਗਿੱਚੀ ਤੇ ਝਾਲਰ ਸੁੱਟ ਕੇ ਫਿਰ ਗੋਲ਼ ਸਾਫਾ ਬੰਨ੍ਹਿਆਂ ਹੁੰਦਾ ਹੈ। ਕਈਆਂ ਨੇ ਲੱਤਾਂ ਨੰਗੀਆਂ ਰੱਖੀਆਂ ਹੁੰਦੀਆਂ ਹਨ ਤੇ ਕਈਆਂ ਚੂੜੀਦਾਰ ਕੱਸ ਕੇ ਪਜਾਮੀ ਪਾਈ ਹੁੰਦੀ ਹੈ। ਕਬੀਰ ਜੀ ਨੇ ਅਜੇਹੇ ਦਿਖਾਵੇ ਦੇ ਪਹਿਰਾਵੇ ਨੂੰ ਮੂਲੋਂ ਹੀ ਰੱਦ ਕੀਤਾ ਹੈ। ਗਉੜੀ ਰਾਗ 'ਚ ਇਕ ਵਾਕ ਹੈ-

**ਕਿਆ ਨਾਗੇ ਕਿਆ ਬਾਧੇ ਚਾਮ ॥**
**ਜਬ ਨਹੀ ਚੀਨਸਿ ਆਤਮ ਰਾਮ ॥ (324)**

ਕਈ ਗਲ ਵਿਚ ਪਾਏ ਹੋਏ ਪਰਨੇ ਦੇ ਅੰਦਰ ਹੱਥ ਲੁਕਾਅ ਕੇ ਮਾਲਾ ਫਿਰਨ ਦੇ ਪੂਰੇ ਮਾਹਰ ਹੁੰਦੇ ਹਨ। ਕਦੇ ਅੱਖਾਂ ਮੁੰਦ ਲਈਆਂ ਕਦੇ ਖੋਹਲ ਲਈਆਂ, ਬੁੱਲਾਂ ਨੂੰ ਸਟਾਈਲ ਨਾਲ ਹਿਲਾਈ ਜਾਣਾ ਭਗਤੀ ਦਾ ਪੂਰਾ ਡਰਾਮਾ ਕੀਤਾ ਜਾਂਦਾ ਹੈ। ਕਬੀਰ ਜੀ ਨੇ ਕੋਈ ਲੁਕਾਅ ਨਾ ਰੱਖਦਿਆਂ ਸਿੱਧ ਪੱਧਰੇ ਸ਼ਬਦਾਂ ਵਿਚ ਕਹਿ ਦਿੱਤਾ ਹੈ ਕਿ ਐਸੇ ਪਾਖੰਡੀ ਸਾਧੜੇ ਮੈਨੂੰ ਚੰਗੇ ਨਹੀਂ ਲੱਗਦੇ, ਇਹਨਾਂ ਦੀਆਂ ਨੀਤਾਂ ਖੋਟਾਂ ਨਾਲ ਭਰੀਆਂ ਹਨ, ਜੋ ਕਿਰਤੀਆਂ ਦੇ ਪਰਿਵਾਰਾਂ ਤੇ ਬੋਝ ਬਣੇ ਹਏ ਹਨ। ਦੁਨੀਆਂ ਚੰਦਰਮਾ 'ਤੇ ਘਰ ਪਾਉਣ ਦੀ ਤਿਆਰੀ ਕਰ ਰਹੀ ਏ, ਇਹ ਵਿਚਾਰੇ ਲੱਕੜੀਆਂ ਧੋਅ ਕੇ ਰੋਟੀਆਂ ਪਕਾਉਣ ਦੇ ਕਰਮ ਵਿਚ ਉਲਝੇ ਫਿਰਦੇ ਹਨ। ਆਓ ਦੇਖੀਏ ਕਬੀਰ ਜੀ ਨੇ ਅੱਗੇ ਇਨ੍ਹਾਂ ਸਬੰਧੀ ਕੀ ਵਿਚਾਰ ਦਿੱਤੇ ਹਨ-

**ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥**
**ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥2॥**

ਇਹਨਾਂ ਭੜ੍ਹਵਿਆਂ ਨੇ ਜਿੱਥੇ ਰੋਟੀ ਤਿਆਰ ਕਰਨੀ ਹੋਵੇ ਓੱਥੇ ਧਰਤੀ ਪੁੱਟ ਕੇ ਚੁਲ੍ਹਾ ਤਿਆਰ ਕਰਦੇ ਹਨ, ਤੇ ਗਊ ਮਾਤਾ ਦੇ ਗੋਹੇ ਦਾ ਪੋਚਾ ਫੇਰਦੇ ਹਨ। ਜਿਨ੍ਹਾਂ ਲੱਕੜੀਆਂ ਨੂੰ ਬਾਲਣਾ ਹੋਵੇ ਉਹਨਾਂ ਨੂੰ ਪਹਿਲਾਂ ਚੰਗੀ ਤਰ੍ਹਾਂ ਧੁਆ ਲਿਆ ਜਾਂਦਾ ਹੈ, ਫਿਰ ਚੁਲ੍ਹੇ ਵਿਚ ਡਾਹ ਕੇ ਅੱਗ ਬਾਲ਼ੀ ਜਾਂਦੀ ਹੈ। ਕਿੱਡਾ ਮੂਰਖ ਭਰਿਆ ਭਰਮ ਹੈ, ਜਿਹੜੀਆਂ ਲੱਕੜੀਆਂ ਨੇ ਬਲ਼ ਹੀ ਜਾਣਾ ਹੈ ਉਹਨਾਂ ਨੂੰ ਧੋਣ ਦੀ ਕੀ ਜ਼ਰੂਰਤ ਹੈ। ਸਧਾਰਨ ਮਨੁੱਖ ਵਿਚਾਰਾ ਇਹ ਸਮਝ ਲੈਂਦਾ ਹੈ ਕਿ ਸ਼ਾਇਦ ਰੱਬ ਨਾਲ ਇਸ ਤਰ੍ਹਾਂ ਹੀ ਮਿਲਿਆ ਜਾ ਸਕਦਾ ਹੈ। ਮਾਂਜੇ ਹੋਏ ਭਾਂਡਿਆਂ ਨੂੰ ਮੁੜ ਮੁੜ ਮਾਂਜੀ ਜਾਣਾ ਉਜੱਡਾਂ ਵਾਲਾ ਕਰਮ ਹੀ ਹੈ ਇਸ ਤੋਂ ਵੱਧ ਹੋਰ ਕੁਝ ਨਹੀਂ ---ਦਾਅ ਲੱਗਣ ਤੇ ਪਰਿਵਾਰ ਦੇ ਕਿਸੇ ਜੀਅ ਨੂੰ ਵੀ ਇਹ ਬਖਸ਼ਦੇ ਨਹੀਂ ਹਨ। 'ਸਾਰੇ ਮਾਨਸ ਖਾਵਹਿ'-ਪਰਿਵਾਰ, ਜ਼ਮੀਨ ਤੇ ਹਰੇਕ ਪ੍ਰਕਾਰ ਦੀ ਜਾਇਦਾਦ ਨੂੰ ਵੀ ਖਾ ਜਾਂਦੇ ਹਨ।

ਅਜੋਕੇ ਆਪੇ ਬਣੇ ਸੰਤਾਂ ਮਹੰਤਾਂ, ਮਹਾਂ-ਪੁਰਸ਼ਾਂ ਨੇ ਬਨਾਵਟੀ ਸੁੱਚ ਭਿੱਟ ਨੂੰ ਬਰਕਰਾਰ ਰੱਖਦਿਆਂ ਰੋਟੀ ਖਾਣ ਲਈ ਬਰਤਨ ਵੀ ਆਪਣੇ ਨਾਲ ਆਪ ਹੀ ਚੁੱਕੀ ਫਿਰਦੇ ਹਨ। ਅਜਿਹੇ ਦੰਭੀ ਸੰਗਤ ਪੰਗਤ ਵਿਚ ਵੀ ਬੈਠਣ ਲਈ ਤਿਆਰ ਨਹੀਂ ਹੁੰਦੇ—ਕੜਾਹ ਪ੍ਰਸ਼ਾਦਿ ਲੈਣਾ ਇਹਨਾਂ ਦੇ ਵੱਸ ਦਾ ਰੋਗ ਨਹੀਂ ਹੈ। ਇਕੀਵੀਂ ਸਦੀ ਦੇ ਵਸਨੀਕ ਹੋਣ ਦਾ ਦਾਅਵਾ ਕਰਨ ਵਾਲੇ ਅਜੇ ਵੀ ਰੇਤ, ਮਿੱਟੀ ਤੇ ਸੁਆਹ ਨਾਲ ਹੱਥ ਮਾਂਜਣ ਨੂੰ ਹੀ ਤਰਜੀਹ ਦਿੰਦੇ ਹਨ। ਸਫ਼ਾਈ ਹੋਣੀ ਚਾਹੀਦੀ ਹੈ ਪਰ ਵਹਿਮ ਤੇ ਪਾਖੰਡ ਪ੍ਰਸਤ ਵਾਲੀ ਸੁੱਚ ਭਿੱਟ ਤੋਂ ਬਾਹਰ ਨਿਕਲਣਾ ਚਾਹੀਦਾ ਹੈ, ਜਿਸ ਦਾ ਸਿੱਖੀ ਵਿਚ ਕੋਈ ਥਾਂ ਨਹੀਂ ਹੈ। ਕਈ ਥਾਵਾਂ ਤੇ ਲੰਗਰ ਵਰਤਾਉਣ ਵਾਲੇ ਸੱਜਣ ਪਰਸ਼ਾਦਾ ਉਪਰੋਂ ਜ਼ੋਰ ਨਾਲ ਸੁੱਟਣਗੇ ਕਿਉਂਕਿ ਉਹਨਾਂ ਨੂੰ ਵਹਿਮ ਹੈ ਕਿ ਜੇ ਪ੍ਰਸ਼ਾਦਿ ਹੱਥ ਨਾਲ ਛੋਹ ਗਿਆ ਤਾਂ ਸਾਰਾ ਲੰਗਰ ਹੀ ਜੂਠਾ ਹੋ ਜਾਣਾ ਹੈ। ਐਸੇ ਬੂਝੜਾਂ ਦੇ ਪਾਜ ਕਬੀਰ ਜੀ ਨੇ ਅਗਲੀਆਂ ਤੁਕਾਂ ਵਿਚ ਉਦੇੜੇ ਹਨ। ਕਰੋ ਦਰਸ਼ਨ ਲਿਸ਼ਕਦੀਆਂ ਹੋਈਆਂ ਗੋਗੜਾਂ, ਰੰਗ ਬਰੰਗੇ ਚੋਲਿਆਂ ਤੇ ਤੰਬੀਆਂ ਵਾਲੇ ਸਾਧੜਿਆਂ ਦੇ—

**ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥**
**ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥3॥**

ਪ੍ਰੋ: ਸਾਹਿਬ ਸਿੰਘ ਜੀ ਸੁੰਦਰ ਤਰੀਕੇ ਨਾਲ ਅਰਥ ਕਰਦਿਆਂ ਹੋਇਆਂ ਸਮਝਾ ਰਹੇ ਹਨ---ਇਹੋ ਜਿਹੇ ਮੰਦ ਕਰਮੀ ਮਨੁੱਖ ਸਦਾ ਵਿਕਾਰਾਂ ਵਿਚ ਹੀ ਖੱਚਤ ਫਿਰਦੇ ਹਨ, ਉਂਞ ਮੂੰਹੋਂ ਅਖਵਾਉਂਦੇ ਹਨ ਕਿ ਅਸੀਂ ਮਾਇਆ ਦੇ ਨੇੜ੍ਹੇ ਨਹੀਂ ਜਾਂਦੇ। ਸਦਾ ਹੀ ਹੰਕਾਰ ਵਿਚ ਮੱਤੇ ਫਿਰਦੇ ਹਨ-ਇਹ ਆਪ ਤੇ ਡੁੱਬਦੇ ਹਨ ਨਾਲ ਆਪਣੇ ਸਾਥੀਆਂ ਨੂੰ ਵੀ ਮੰਦ ਕਰਮਾਂ ਵਿਚ ਡੋਬਦੇ ਹਨ। 'ਮੁਖਹੁ ਅਪਰਸ ਕਹਾਵਹਿ'—ਆਪਣੇ ਆਪ ਨੂੰ ਕਹਿਣਾ ਕਿ ਅਸੀਂ ਕਿਸੇ ਵਸਤੂ ਨੂੰ ਹੱਥ ਵੀ ਨਹੀਂ ਲਗਾਂਦੇ ਸਾਡਾ ਤੇ ਪਰਹੇਜ਼ ਹੀ ਇਤਨਾ ਹੈ ਕਿ ਕਿਸੇ ਦੇ ਹੱਥ ਦੀ ਬਣੀ ਹੋਈ ਰੋਟੀ ਤਕ ਨਹੀਂ ਖਾਂਦੇ, ਇਹ ਤੇ ਮਨੂੰ ਸਿਮ੍ਰਿਤੀ ਦੇ ਕਰਮ ਕਾਂਡ ਨੂੰ ਵੀ ਪਿੱਛੇ ਛੱਡ ਗਏ ਹਨ। ਬ੍ਰਾਹਮਣ ਦੇਵਤੇ ਦਾ ਇਕ ਸਿਧਾਂਤ ਬਣਾਇਆ ਹੋਇਆ ਹੈ ਕੇ ਜੇ ਕਰ ਸੌ ਊਠਾਂ ਦੇ ਕਾਫਲੇ ਨੂੰ ਹਿੱਕਣ ਵਾਲਾ ਸ਼ੂਦਰ ਹੋਵੇ ਤਾਂ ਰੋਟੀ ਸ਼ੂਦਰ ਨੂੰ ਨਹੀਂ ਫੜਾਉਣੀ ਕਿਉਂਕਿ ਸ਼ੂਦਰ ਦੁਆਰਾ ਫੜੀ ਹੋਈ ਰੋਟੀ ਭਿੱਟੀ ਜਾਏਗੀ। ਉਹ ਰੋਟੀ ਸਭ ਤੋਂ ਮੂਹਰਲ੍ਹੇ ਊਠ ਦੇ ਗਲ਼ ਨਾਲ ਬਨ੍ਹ ਦੇਣੀ ਚਾਹੀਦੀ ਹੈ—ਪਰ ਜੇਕਰ ਸ਼ੂਦਰ ਦਾ ਹੱਥ ਸਭ ਤੋਂ ਮਗਰਲੇ ਊਠ ਨੂੰ ਕਿਤੇ ਭੁਲੇਖੇ ਨਾਲ ਵੀ ਲੱਗ ਜਾਏ; ਭਾਵੇਂ ਉਸ ਊਠ ਦਾ ਸੌਵਾਂ ਨੰਬਰ ਹੀ ਕਿਉਂ ਨਾ ਹੋਵੇ ਤਾਂ ਸ਼ੂਦਰ ਦੇ ਲੱਗੇ ਹੋਏ ਹੱਥ ਕਾਰਨ ਸ਼ੂਦਰ ਦਾ ਤਿੱਖਾ ਕਰੰਟ ਸਭ ਤੋਂ ਅਗਲੇ ਊਠ ਦੇ ਗੱਲ਼ ਨਾਲ ਬੰਨ੍ਹੀ ਹੋਈ ਰੋਟੀ ਵਿਚ ਆ ਜਾਂਦਾ ਹੈ। ਉਹ ਰੋਟੀ ਬ੍ਰਾਹਮਣ ਦੇਵਤੇ ਦੇ ਕੰਮ ਦੀ ਨਹੀਂ ਰਹਿੰਦੀ। ਬ੍ਰਾਹਮਣ ਕਹਿੰਦਾ ਹੈ ਕਿ ਜੇ ਮੈਂ ਦਰੱਖਤ ਦੀ ਉੱਚੀ ਟਹਿਣੀ ਤੇ ਬੈਠਾ ਹੋਵਾਂ ਵਿਚਾਰੇ ਸ਼ੂਦਰ ਦਾ ਉਸ ਦਰੱਖਤ ਦੀ ਜੜ੍ਹ ਨੂੰ ਹੱਥ ਲੱਗ ਜਾਏ ਬ੍ਰਾਹਮਣ ਭਾਊ ਊਪਰ ਬੈਠਾ ਹੀ ਭਿੱਟਿਆ ਜਾਂਦਾ ਹੈ। ਬੰਦੇ ਦੇ ਪਰਛਾਵੇ ਤੋਂ ਬਹੁਤ ਡਰ ਲੱਗਦਾ ਹੈ ਪਰ ਜੇ ਰੁਪਏ ਪੈਸੇ ਭੇਟਾ ਦੇ ਰੂਪ ਵਿਚ ਕੋਈ ਦੇ ਦੇਵੇ ਤਾਂ ਉਹ ਚਲ ਰਹੀ ਕਾਰ ਸੇਵਾ ਦੇ ਬਹਾਨੇ ਅਰਾਮ ਨਾਲ ਸੇਵਕ ਜਨ ਬਾਬਾ ਜੀ ਦੀ ਜੇਬ ਵਿਚ ਪਾ ਪੱਕੇ ਤੌਰ ਤੇ ਸੰਭਾਲ ਦੇਂਦੇ ਹਨ। ਪ੍ਰਸਿੱਧ ਪੱਤਰਕਾਰ ਸਰਦਾਰ ਦਲਬੀਰ ਸਿੰਘ ਆਪਣੀ ਪੁਸਤਕ "ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲੇ" ਪੰਨਾ—55—ਤੇ ਲਿਖਦੇ ਹਨ ਤਿੰਨ ਘੰਟੇ ਦੀ ਵਾਰਤਾ ਪਿਛੋਂ ਕਹਿਣ ਲੱਗੇ ਕਿ ਆਉ ਪ੍ਰਸ਼ਾਦਾ ਛੱਕੀਏ। ਵਿੱਛੇ ਹੋਏ ਟਾਟਾਂ ਤੇ ਬੈਠ ਗਏ ਤੇ ਵਰਤਾਵੇ ਨੇ ਲਗਪਗ ਤਿੰਨ ਫੁੱਟ ਦੀ ਉਚਾਈ ਤੋਂ ਪ੍ਰਸ਼ਾਦਾ ਸੁੱਟਿਆ, ਜੋ ਮੈਨੂੰ ਠੀਕ ਨਾ ਜਾਪਿਆ। ਮੈਂ ਕਹਿ ਦਿੱਤਾ ਕੇ ਇਹ ਛੂਤ-ਛਾਤ ਦੀ ਪਰੰਪਰਾ ਦਾ ਰੂਪ ਹੈ। ਕਹਿਣ ਲੱਗੇ ਨਹੀਂ, ਸਾਡੇ ਇਹ ਰਿਵਾਜ ਹੀ ਹੈ"। ਜਦ ਅਗਲੀ ਵਾਰ ਉੱਥੇ ਜਾਣ ਦਾ ਅਵਸਰ ਮਿਲਿਆ ਤਾਂ ਸਰਬ ਲੋਹ ਦੇ ਬਾਟੇ ਵਿਚ ਵਰਤਾਵੇ ਨੇ ਦੁੱਧ ਪਾਇਆ ਤੇ ਛੇਤੀ ਨਾਲ ਉਹਦੇ ਜੱਗ ਨੂੰ ਰੋਕਿਆ ਤੇ ਕਿਹਾ ਬੱਸ-ਬੱਸ, "ਉਹ ਕਹਿਣ ਲੱਗਾ ਹੁਣ ਇਹ ਦੁੱਧ ਤਾਂ ਸਾਡੇ ਕੰਮੋਂ ਗਿਆ"। ਕਿਉਂਕਿ ਜੱਗ ਨੂੰ ਮੇਰਾ ਹੱਥ ਲੱਗ ਗਿਆ ਸੀ। ਮੇਰਾ ਇਹ ਵਿਸ਼ਵਾਸ ਹੋਰ ਪੱਕਾ ਹੋ ਗਿਆ ਕਿ ਇਹ ਪਹੁੰਚ ਇਕ ਬ੍ਰਾਹਮਣੀਵਾਦੀ ਰੁੱਚੀ ਸੀ। "ਸਦਾ ਸਦਾ ਫਿਰਹਿ ਅਭਿਮਾਨੀ" ਹੰਕਾਰ ਨਾਲ ਭਿੱਜੀਆਂ ਹੋਈਆਂ ਤਰੋ ਤਰ ਮਹਾਨ ਆਤਮਾਵਾਂ ਨੂੰ ਭੁੱਲ ਭੁਲੇਖੇ ਨਾਲ ਕੋਈ ਸੇਵਕ ਫਤਹਿ ਬੁਲਾ ਦੇਵੇ ਤਾਂ ਇਹਨਾਂ ਦੇ ਸਤੀਂ ਕੱਪੜੀਂ ਅੱਗ ਲੱਗ ਜਾਂਦੀ ਹੈ। ਧੰਨ ਗੁਰੂ ਨਾਨਕ ਸਾਹਿਬ ਜੀ ਜੋ ਮਰਦਾਨੇ ਦੇ ਹੱਥੋਂ ਵੀ ਪਰਸ਼ਾਦਾ ਛੱਕਦੇ ਰਹੇ ਹੋਣਗੇ। ਧੰਨ ਸਿੱਖੀ ਤੇ ਧੰਨ ਸਿੱਖੀ ਦੇ ਇਹ ਥੰਮ---ਬਲਿਹਾਰ ! ਬਲਿਹਾਰ ! ਬਲਿਹਾਰ !

ਲੁਧਿਆਣੇ ਬਸੰਤ ਪਾਰਕ ਵਿਚ ਇਹਨਾਂ ਮੂੰਹ ਫਟੇ ਚਿਮਟਾ ਪਹਿਲਵਾਨਾਂ ਦੇ ਦੀਵਾਨ ਅਕਸਰ ਹੀ ਲੱਗਦੇ ਰਹਿੰਦੇ ਹਨ। ਚੌਵੀ ਕੁ ਸਾਲ ਪਹਿਲੇ ਇਕ ਪਰਾਪਟੀ ਡੀਲਰ ਮੇਰਾ ਮਿੱਤਰ ਸੀ ਜੋ ਕਿ ਅਕਾਲੀ ਦਲ ਦਾ ਸਿਰਕੱਢ ਮੈਂਬਰ ਸੀ। ਮੈਂ ਇਹ ਸਮਝਦਾ ਸੀ ਕਿ ਇਸ ਵੀਰ ਨੂੰ ਗੁਰਬਾਣੀ ਬਹੁਤ ਆਉਂਦੀ ਹੋਵੇਗੀ, ਦੇਖਣ ਨੂੰ ਦਰਸ਼ਨੀ ਪਹਿਲਵਾਨ, ਸਿੱਖੀ ਦਾ ਪਹਿਰਾਵਾ ਡੁੱਲ੍ਹ ਡੁੱਲ੍ਹ ਪੈਂਦਾ ਸੀ। ਕੁਦਰਤੀ ਇਕ ਦਿਨ ਮੈਂ ਇਹਨਾਂ ਨੂੰ ਮਿਲਣ ਵਾਸਤੇ ਗਿਆ ਤਾਂ ਇਹ ਵੀਰ ਮੈਨੂੰ ਕਹਿਣ ਲੱਗੇ, "ਇਕ ਬਾਬਾ ਜੀ ਬਹੁਤ ਹੀ ਪਹੁੰਚੇ ਹੋਏ ਹਨ ਉਹ ਅੱਜ ਕਲ੍ਹ ਐਂਥੇ ਆਏ ਹੋਏ ਨੇ; ਬਸੰਤ ਪਾਰਕ ਵਿਚ ਆਪਾਂ ਉਹਨਾਂ ਨੂੰ ਮਿਲਣ ਲਈ ਚਲਣਾ ਹੈ, ਉਂਞ ਤੇ ਉਹ ਹਾਂਈ ਮਾਈਂ ਕਿਸੇ ਨੂੰ ਮਿਲਦੇ ਨਹੀਂ ਪਰ ਆਪਣੀ ਫੁੱਲ ਬਟਾ ਫੁੱਲ ਬਾਬਾ ਜੀ ਨਾਲ ਸਿੱਧੀ ਗੱਲਬਾਤ ਏ ਤੁਹਾਨੂੰ ਦਰਸ਼ਨ ਕਰਾ ਲਿਆਵਾਂ ਮੇਰੇ ਨਾਲ ਤੁਸਾਂ ਜ਼ਰੂਰ ਚਲਣਾ ਹੈ।" ਮਨ ਨਾ ਮੰਨਦਿਆਂ ਹੋਇਆਂ ਵੀ ਸ਼ਾਮ ਨੂੰ ਉਹਨਾਂ ਦੇ ਨਾਲ ਚਲਾ ਗਿਆ। ਗੁਰੂ ਗ੍ਰੰਥ ਸਾਹਿਬ ਜੀ ਦਾ ਉੱਚੇ ਅਸਥਾਨ ਤੇ ਪਰਕਾਸ਼ ਕੀਤਾ ਹੋਇਆ ਸੀ ਇਹ ਭੁਲੇਖਾ ਪਾਉਣ ਲਈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਬਹੁਤ ਜ਼ਿਆਦਾ ਕਰਦੇ ਹਾਂ ਇੰਨਾ ਸਤਿਕਾਰ ਤੇ ਸ਼੍ਰੋਮਣੀ ਕਮੇਟੀ ਵੀ ਨਹੀਂ ਕਰਦੀ ਤੇ ਨਾਲ ਹੀ ਇਕ ਹੋਰ ਤੰਬੂ ਲਗਾਇਆ ਹੋਇਆ ਸੀ ਜਿਸ ਵਿਚ ਬਾਬਾ ਜੀ ਵਧੀਆ ਗੱਦਾ ਲਗਾਈ ਬੀਬੀਆਂ ਬੀਬਿਆਂ ਦੇ ਝੁਰਮੱਟ ਵਿਚ ਕਾਹਨ ਬਣ ਕੇ ਬੈਠੇ ਹੋਏ ਸਨ। ਜੋ ਵੀ ਸੱਜਣ ਮੱਥਾ ਟੇਕਦਾ ਬਾਬਾ ਜੀ ਲਾਪਰਵਾਹੀ ਨਾਲ ਸੇਬ ਝੋਲ਼ੀ ਵਿਚ ਪਾਈ ਜਾਂਦੇ ਤੇ ਸੇਬ ਲੈਣ ਵਾਲਾ ਗੈਬੀ ਕਰਾਮਾਤ ਸਮਝਦਾ ਹੋਇਆ ਧੰਨ ਬਾਬਾ ਜੀ, ਧੰਨ ਬਾਬਾ ਜੀ ਆਖਦਾ ਹੋਇਆ ਚਰਨਾਂ ਤੇ ਨਮਸਕਾਰ ਕਰਦਾ ਬਾਹਰ ਲੱਗੇ ਹੋਏ ਦੀਵਾਨ ਵਿਚ ਬੈਠ ਕੇ ਬਾਬਾ ਜੀ ਦੇ ਨਾਲ ਜੁੜੀਆਂ ਕਰਾਮਾਤ ਦੀਆਂ ਸ਼ਕਤੀਆਂ ਦੇ ਅਦਭੁਤ ਨਜ਼ਾਰੇ ਸਾਖੀਆਂ ਦੇ ਰੂਪ ਵਿਚ ਸੁਣਦਾ ਅਸ਼-ਅਸ਼ ਕਰ ਉੱਠਦਾ। ਕੁਝ ਕੁ ਵਿਹਲ ਜਿਹੀ ਦੇਖ ਕੇ ਸਿਆਣੇ-ਬਿਆਣੇ ਅਕਾਲੀ ਵੀਰ ਨੇ ਆਪਣੀ ਉਮਰ ਨਾਲੋਂ ਅੱਧੀ ਉਮਰ ਵਾਲੇ ਸੰਤ-ਮਹਾਰਾਜ ਜੀ ਦੇ ਚਰਨਾਂ 'ਤੇ ਚਿਰਾਂ ਤੋਂ ਵਿਛੜੇ ਹੋਏ ਸਾਊਪੁੱਤ ਵਾਕੂੰ ਅਜੀਬ ਢੰਗ ਨਾਲ ਮੱਥਾ ਟੇਕ ਦਿੱਤਾ। ਬਾਬਾ ਜੀ ਨੇ ਘੁੱਟ ਕੇ ਥਾਪੀ ਦਿੱਤੀ ਅਸੀਸਾਂ ਦੀ ਝੜੀ ਲਗਾ ਦਿੱਤੀ। ਸਾਹਮਣੇ ਹੋ ਕੇ ਮੈਂ ਵੀ ਗੁਰੂ ਫਤਹਿ ਬੁਲਾ ਦਿੱਤੀ, ਬਾਬਾ ਜੀ ਦਾ ਪਾਰਾ ਇਕ ਦਮ ਸਿੱਖਰ 'ਤੇ ਪਹੁੰਚ ਗਿਆ, ਬਨਾਵਟੀ ਜਿਹੀ ਬਣੀ ਹੋਈ ਸ਼ਾਂਤੀ ਮਾਲ਼ਾ ਦੇ ਮਣਕਿਆਂ ਵਾਂਗ ਬਿਖਰਨੀ ਸ਼ੁਰੂ ਹੋ ਗਈ ਤੇ ਤਤਕਾਲ ਹੀ ਫਟਾ-ਫਟ ਪੁਲਸੀਏ ਲਹਿਜੇ ਵਿਚ ਪੁੱਛਿਆ "ਓਏ ਕੀ ਕਰਦਾ ਹੁੰਦਾ ਏਂ" ਮੇਰੇ ਦੱਸਣ ਤੋਂ ਪਹਿਲਾਂ ਹੀ

ਨਾਮ ਦੇ ਅਕਾਲੀ ਵੀਰ ਕਹਿਣ ਲੱਗੇ ਕਿ ਬਾਬਾ ਜੀ ਇਹ ਮਿਸ਼ਨਰੀ ਹੈ ਤੇ ਅੱਜ ਕਲ੍ਹ ਪੜ੍ਹਾਉਣ ਦੀ ਸੇਵਾ ਕਰ ਰਹੇ ਹਨ। ਬਾਬਾ ਜੀ ਕਹਿਣ ਲੱਗੇ ਮਿਸ਼ਨਰੀ ਬਹੁਤ ਖਰਾਬ ਹੁੰਦੇ ਹਨ ਇਹ ਤਾਂ ਗੁਰੂ ਅਰਜਨ ਜੀ ਦੀ ਬਾਣੀ ਦੀ ਘੋਰ ਬੇਅਦਬੀ ਕਰਦੇ ਹਨ, ਇਹ ਤੇ ਗੁਰਬਾਣੀ ਹੀ ਬਦਲੀ ਜਾਂਦੇ ਹਨ। ਜੋ ਉਸ ਭੂਤਰੇ ਹੋਏ ਸਾਧ ਨੇ ਹੋਰ ਸ਼ਬਦ ਗੁਰੂ ਪ੍ਰਤੀ ਕਹੇ ਉਹ ਲਿਖਣ ਲੱਗਿਆਂ ਵੀ ਰੂਹ ਕੰਬਦੀ ਹੈ। ਕਿਉਂ ਓਏ ਤੂੰ ਵੀ ਇਸ ਤਰ੍ਹਾਂ ਹੀ ਕਰਦਾ ਹੁੰਦਾ ਏਂ ? ਕੋਲ਼ ਬੈਠੇ ਇਕਦਮ ਡਰ ਗਏ ਤੇ ਵਾਹਿਗੁਰੂ-ਵਾਹਿਗੁਰੂ ਕਰਨ ਲੱਗ ਪਏ। ਮੈਂ ਕਿਹਾ ਬਾਬਾ ਜੀ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ। ਮੇਰੀ ਗੱਲ ਸੁਣਦਿਆਂ ਹੋਇਆਂ ਵੀ ਨਾ ਸੁਣੀ। ਇਕ ਦਮ-ਹਾਕਮੀ ਲਹਿਜੇ ਵਿਚ ਗੜਗੜਾਏ ਤੇ ਕਿਹਾ "ਚਲੋ ਚਲੋ ਜਾਉ, ਨਾਮ ਜਪਿਆ ਕਰੋ ਤੇ ਸੇਵਾ ਕਰਿਆ ਕਰੋ।" ਦਰਅਸਲ ਬਹੁਤ ਛੇਤੀ ਮੈਨੂੰ ਉਹ ਓਥੋਂ ਬਾਹਰ ਕੱਢਣਾ ਚਾਹੁੰਦਾ ਸੀ। ਗੁਰੂ ਫਤਹਿ ਬੁਲਾਉਣ ਕਰਕੇ ਤੇ ਮੱਥਾ ਨਾ ਟੇਕਣ ਕਰਕੇ ਬਾਬਾ ਜੀ ਨੂੰ ਖਿਝੂ ਜਿਹੀ ਚੜ੍ਹ ਗਈ ਸੀ। ਉਂਝ ਕਹਿੰਦੇ ਨੇ ਸੰਤ ਮਹਾਂਪੁਰਸ਼ ਮਾਇਆ ਨੂੰ ਹੱਥ ਨਹੀਂ ਲਗਾਉਂਦੇ ਪਰ ਮਾਇਆ ਦੇ ਢੇਰ ਵੀ ਲੱਗਦੇ ਜਾ ਰਹੇ ਸਨ। ਭੋਲੀਆਂ ਸੰਗਤਾਂ ਧੜਾ-ਧੜਾ ਆਪਣੀ ਕੀਤੀ ਕਿਰਤ ਵਿਚੋਂ ਬੁੱਕ ਭਰ-ਭਰ ਕੇ ਲੁਟਾਈ ਜਾਣ ਵਿਚ ਸਵਰਗ ਦੀ ਪ੍ਰਾਪਤੀ ਸਮਝੀ ਬੈਠੀਆਂ ਸਨ। ਕਬੀਰ ਜੀ ਨੇ ਸਾਫ ਕਹਿ ਦਿੱਤਾ ਏ, "ਜਿੱਥੇ ਇਹ ਆਪ ਡੁੱਬੇ ਪਏ ਨੇ ਉਥੇ ਇਨ੍ਹਾਂ ਦੇ ਸੰਗੀ ਸਾਥੀ ਵੀ ਹੰਕਾਰ ਵਿਚ ਡੁੱਬੇ ਪਏ ਹਨ।" ਇਸ ਸ਼ਬਦ ਦੇ ਅਖੀਰਲੇ ਬੰਦ ਵਿਚ ਇਕ ਬੜਾ ਪਿਆਰਾ ਸੁਝਾਅ ਦਿੱਤਾ ਹੈ- "ਐ ਭੇਖੀ ਤੇ ਬਾਨਾਰਸੀ ਠੱਗੋ ਤੁਸੀਂ ਇਕ ਨਵਾਂ ਜਨਮ ਲਉ ਗੁਰੂ ਦੇ ਗਿਆਨ ਵਿਚੋਂ ਤਾਂ ਕੇ ਤੁਹਾਡਾ ਜਨਮ ਵੀ ਸਫਲ ਹੋ ਸਕੇ।"

**ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥**
**ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥4॥**

ਕਈ ਦਫਾ ਇਨਸਾਨ ਜੋ ਕਰਮ ਕਰ ਰਿਹਾ ਹੁੰਦਾ ਏ ਉਸ ਦੇ ਹਾਣ ਲਾਭ ਦਾ ਪਤਾ ਨਹੀਂ ਚਲਦਾ। ਮਿਸਾਲ ਦੇ ਤੌਰ ਤੇ ਇਕ ਬੱਚਾ ਟਾਫੀਆਂ ਖਾਣ ਨੂੰ ਪਹਿਲ ਦੇਂਦਾ ਏ ਸਿਆਣੇ ਮਾਪੇ ਕਹਿੰਦੇ ਨੇ ਬੱਚਿਆਂ ਟਾਫੀਆਂ ਨਾ ਖਾਇਆ ਕਿਉਂਕਿ ਇਸ ਨਾਲ ਤੇਰੇ ਦੰਦ ਖਰਾਬ ਹੋ ਜਾਣਗੇ। ਬੱਚੇ ਨੂੰ ਇਸ ਕਰਮ ਸਬੰਧੀ ਕੋਈ ਗਿਆਨ ਨਹੀਂ ਹੈ। ਜਿਹੜਾ ਕੰਮ ਕਰ ਰਿਹਾ ਹੈ ਉਹ ਉਸੇ ਤਰ੍ਹਾਂ ਹੀ ਕਰੀ ਜਾਣ ਨੂੰ ਭਲਾ ਸਮਝੀ ਬੈਠਾ ਹੈ। ਸੂਰਜ ਦੀ ਰੋਸ਼ਨੀ ਵਿਚ ਭਾਵੇਂ ਕੋਈ ਪਾਪ ਕਰੇ ਜਾਂ ਪੁੰਨ ਸੂਰਜ ਨੇ ਕਦੇ ਕਿਸੇ ਨੂੰ ਕੁਝ ਨਹੀਂ ਕਹਿਣਾ। ਕੋਈ ਵੀ ਮਨੁੱਖ ਸਦੀਵ ਕਾਲ ਨਿਯਮਾਵਲੀ ਦੇ ਅਧੀਨ ਕਰਮ ਕਰ ਰਿਹਾ ਹੈ ਤਾਂ ਉਸ ਦਾ ਉਸ ਨੂੰ ਓਹੁ ਜੇਹਾ ਹੀ ਫਲ ਮਿਲੇਗਾ। ਖਿੜੇ ਹੋਏ ਗੁਲਾਬ ਦੀ ਸਗੰਧੀ ਵਾਂਗ ਇਸ ਵਾਕ ਵਿਚੋਂ ਬੁਨਿਆਦੀ ਨੁਕਤਾ ਗੁਰੂ ਦੇ ਗਿਆਨ ਦਾ ਮਹਿਕ ਮਾਰਦਾ ਹੋਇਆ ਨਜ਼ਰ ਅਉਂਦਾ ਹੈ। "ਜਿਸੁ ਸਤਿਗੁਰੁ ਭੇਟੇ ਪੁਨਰਪਿ ਜਨਮਿ ਨ ਆਵੈ" ਸਤਿਗਰੂ ਜੀ ਦੇ ਰੱਬੀ ਗਿਆਨ ਨੂੰ ਅਪਨਾਇਆਂ ਪਖੰਡਾਂ ਵਾਲੇ ਜੀਵਨ ਤੋਂ ਛੁੱਟਕਾਰਾ ਹੋ ਜਾਂਦਾ ਹੈ ਤੇ ਮੁੜ ਉਸ ਪਾਖੰਡ ਵਾਲੇ ਜੀਵਨ ਵਿਚ ਨਹੀਂ ਜਾਂਦਾ। ਐਸਾ ਮਨੁੱਖ ਆਪਣੇ ਤੇ ਗੁਰੂ ਵਿਚੋਂ ਵਿਚੋਲੇ ਦੀ ਲੋੜ ਨੂੰ ਖਤਮ ਲੈਂਦਾ ਹੈ।

ਇਤਿਹਾਸਕ ਤੱਥਾਂ ਵਲ ਵੀ ਜ਼ਰਾ ਕੁ ਨਜ਼ਰ ਮਾਰਨ ਵਿਚ ਕੋਈ ਹਰਜ਼ ਨਹੀਂ ਹੈ। ਕੀ ਗੁਰੂ ਕਾਲ ਸਮੇਂ ਵਿਚ ਵੀ ਕੋਈ ਸਿੱਖ ਮਿਲਦਾ ਹੈ ਜਿਸ ਦੇ ਨਾਂ ਨਾਲ ਸੰਤ ਸ਼ਬਦ ਲੱਗਿਆ ਹੋਵੇ? ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਸਾਨੂੰ ਇਕ ਵੀ ਅਜਿਹਾ ਸਿੱਖ ਨਹੀਂ ਮਿਲਦਾ ਜਿਸ ਨਾਲ ਸੰਤ ਸ਼ਬਦ ਦੀ ਵਰਤੋਂ ਕੀਤੀ ਗਈ ਹੋਵੇ। ਭਾਈ ਮਰਦਾਨਾ, ਭਾਈ ਜੋਧ, ਭਾਈ ਪਾਰੋ, ਭਾਈ ਬਿੱਧੀ ਚੰਦ, ਭਾਈ ਮਨੀ ਸਿੰਘ, ਭਾਈ ਜੈਤਾ ਜੀ ਇਤਿਆਦਿਕ ਸਿੱਖਾਂ ਦੇ ਨਾਂ ਨਾਲ ਭਾਈ ਸ਼ਬਦ ਹੀ ਲੱਗਿਆ ਹੋਇਆ ਮਿਲਦਾ ਹੈ ਜਾਂ ਬੁੱਢਾ ਜੀ ਨਾਲ ਬਾਬਾ ਸ਼ਬਦ ਵਰਤਿਆ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਭਾਗ ਤਕ ਇਕ ਵੀ ਅਜਿਹਾ ਸਿੱਖ ਨਹੀਂ ਮਿਲਦਾ ਜਿਸ ਦੇ ਨਾਂ ਨਾਲ ਸੰਤ ਸ਼ਬਦ ਜੁੜਿਆ ਹੋਇਆ ਹੋਵੇ। ਭਾਈ ਤਾਰੂ ਸਿੰਘ, ਬਾਬਾ ਦੀਪ ਸਿੰਘ, ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਦਾ ਨਾਂ ਤਾਂ ਮਿਲ ਸਕਦਾ ਹੈ ਪਰ ਇਸ ਇਤਿਹਾਸ ਵਿਚੋਂ ਸਾਨੂੰ ਕਿਸੇ ਐਸੇ ਸਿੱਖ ਦੇ ਦਰਸ਼ਨ ਦੀਦਾਰੇ ਨਹੀਂ ਹੋਣਗੇ ਜਿਸ ਨੇ ਆਪਣੇ ਨਾਲ ਸੰਤ ਸ਼ਬਦ ਨੂੰ ਜੋੜ ਲਿਆ ਹੋਵੇ। ਫਿਰ ਅੰਗਰੇਜ਼ਾਂ ਦਾ ਰਾਜ ਆ ਗਿਆ ਤਦ ਵੀ ਸੰਤ ਸ਼ਬਦ ਦੀ ਵਰਤੋਂ ਆਮ ਮਨੁੱਖਾਂ ਨਾਲ ਨਹੀਂ ਕੀਤੀ ਗਈ। ਬਾਬਾ ਅਤਰ ਸਿੰਘ ਦੇ ਨਾਮ ਨਾਲ ਇਹ ਸ਼ਬਦ ਪਹਿਲੀ ਵਾਰ ਜੋੜਿਆ ਗਿਆ। ਇਸ ਤੋਂ ਉਪਰੰਤ ਟਾਵੇਂ ਟਾਵੇਂ ਸਿੱਖਾਂ ਨੇ ਆਪਣੇ ਨਾਂ ਨਾਲ ਇਸ ਸ਼ਬਦ ਦੀ ਵਰਤੋਂ ਕਰਨ ਦੀ ਖੁਲ੍ਹ ਜੇਹੀ ਲੈ ਲਈ। 1947 ਤਾਂਈਂ ਸਿੱਖੀ ਵਿਚ ਸੰਤਾਂ ਦੇ ਵਾਹਵਾ ਨਾਂ ਅਉਣ ਲੱਗ ਪਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੰਤ ਪ੍ਰਧਾਨ ਬਣਨ ਨਾਲ ਇਸ ਸ਼ਬਦ ਦੀ ਖੁਲ੍ਹੇਆਮ ਵਰਤੋਂ ਹੋਣ ਲੱਗ ਪਈ ਤੇ ਇਹ ਛੋਟ ਆਮ ਡੇਰੇਦਾਰਾਂ ਨੇ ਵੀ ਲੈ ਲਈ। ਹਿੰਦੋਸਤਾਨ ਵਿਚ ਡੈਮੋਕ੍ਰੇਸੀ ਹੋਣ ਕਰਕੇ ਹਰ ਰਾਜਨੀਤਿਕ ਲੀਡਰ ਆਪਣੀਆਂ ਵੋਟਾਂ ਦੀ ਗਿਣਤੀ ਪੱਕੀ ਕਰਨ ਦੇ ਚੱਕਰ ਅੰਦਰ ਡੇਰੇਦਾਰ ਸੰਤਾਂ ਦੀ ਸ਼ਰਣ ਵਿਚ ਆਉਣ ਲੱਗ ਪਏ। ਦੇਸ਼ ਦੀ ਅਜ਼ਾਦੀ ਦੇ ਉਪਰੰਤ ਥੋਕ ਰੂਪ ਵਿਚ ਸੰਤ ਮਹਾਤਮਾਵਾਂ ਦਾ ਦਿਨਾਂ ਵਿਚ ਵਾਧਾ ਹੋਣ ਲੱਗ ਪਿਆ ਤੇ ਸਿੱਖ ਧਰਮ ਅੰਦਰ ਸਭ ਤੋਂ ਵੱਧ ਵਾਧਾ ਹੋਇਆ। 1984 ਤੀਕ ਇਹਨਾਂ ਵਿਹਲੜ੍ਹ ਪੁਰਸ਼ਾਂ ਦੀਆਂ ਕਈ ਜਮਾਤਾਂ ਪੈਦਾ ਹੋ ਗਈਆਂ। ਅਕਾਲ ਤੱਖਤ ਢਹਿ ਢੇਰੀ ਹੋ ਗਿਆ ਪਰ ਇਹਨਾਂ ਦੇ ਕੰਨ ਤੇ ਭੋਰਾ ਜੂੰ ਨਾ ਸਰਕੀ। 1984 ਤੋਂ ਲੈ ਕੇ 1994 ਦੇ ਸਮੇਂ ਵਿਚ ਪੰਜਾਬ ਦੀ ਧਰਤੀ ਸੰਤਾਂ ਤੋਂ ਵਿਰਵੀ ਹੋ ਗਈ ਭਾਵ ਸੰਤ ਗੁਪਤ ਰਹਿਣ ਵਿਚ ਹੀ ਭਲਾ ਸਮਝਣ ਲੱਗ ਪਏ।

1994 ਦੇ ਉਪਰੰਤ ਮੁਲਕ ਦੀ ਅਬਾਦੀ ਏਨੀ ਤੇਜ਼ੀ ਨਾਲ ਨਹੀਂ ਵੱਧੀ, ਜਿੰਨੀ ਤੇਜ਼ੀ ਨਾਲ ਸੰਤਾਂ ਦੀਆਂ ਵਹੀਰਾਂ ਪੈਦਾ ਹੋ ਗਈਆਂ। ਜਨ ਸਧਾਰਨ ਤੇ ਆਪਣਾ ਦਬਦਬਾ ਕਇਮ ਰੱਖਣ ਲਈ ਚੋਲਾ ਕਲਚਰ ਨੇ ਸੰਤ-ਸਮਾਜ ਦੇ ਨਾਂ ਦੀ ਜੱਥੇਬੰਦੀ ਖੜੀ ਕਰਕੇ ਇਸ ਦੀ ਨੀਂਹ ਰੱਖੀ ਤੇ ਰਾਜਨੀਤਿਕ ਆਗੂਆਂ ਨੇ ਇਹਨਾਂ ਰਾਂਹੀਂ ਆਪਣੇ ਮੰਡੇ ਸੇਕਣੇ ਸ਼ੁਰੂ ਕਰ ਦਿੱਤੇ। ਚੋਟੀ ਦੇ ਵਿਦਵਾਨ ਲੋਕ, ਮਰ ਰਹੇ ਸੰਤ ਸਮਾਜ ਵਿਚ ਜਾਨ ਪਾਉਣ ਲਈ ਇਹਨਾਂ ਦੇ ਸਰਪਰਸਤ ਜਾ ਬਣੇ, ਇਸ ਅਧਮੋਈ ਲਾਸ਼ ਨੂੰ ਜ਼ਿਉਂਦਿਆਂ ਕਰਨ ਲਈ ਆਪਣੀਆਂ ਸੇਵਾਵਾਂ ਦਾ ਦਿੱਲ ਖੋਲ੍ਹ ਕੇ ਵਿਦਵਤਾ ਦੇ ਖ਼ੂਨ ਦਾ ਦਾਨ ਦਿੱਤਾ। ਨਤੀਜਾ ਇਹ ਨਿਕਲਿਆ ਕਿ ਜਿਸ ਮੁੰਡਰੂ ਸਾਧ ਦੀ ਉਮਰ ਸਤਾਈ ਸਾਲ ਦੀ ਸੀ, ਉਸ ਨੇ ਆਪਣੀ ਕੁਟੀਆ ਦੇ ਬਾਹਰ ਬੋਰਡ ਪੈਂਤੀ ਸਾਲ ਦੀ ਤਪੱਸਿਆ ਦਾ ਲਗਾ ਲਿਆ। ਰੋਮ ਸੜ੍ਹ ਰਿਹਾ ਹੈ ਨੀਰੂ ਬਾਹਰ ਬੰਸਰੀ ਵਜਾ ਰਿਹਾ ਏ—ਭਾਵ ਪੰਜਾਬ ਦਾ ਜਵਾਨ ਨਸ਼ਿਆ ਵਲ ਨੂੰ ਵਧ ਗਿਆ ਤੇ ਇਹ ਭੋਰਿਆਂ ਵਿਚ ਬੈਠ ਕੇ ਬੰਦਗੀ ਕਰਕੇ ਸੰਤ ਗੀਰੀ ਦਿਖਾ ਰਹੇ ਹਨ।

ਗੁਰਬਾਣੀ ਵਿਚ ਸੰਤ ਸ਼ਬਦ ਦੀ ਵਰਤੋਂ ਕਈ ਪੱਖਾਂ ਵਿਚ ਆਈ ਹੈ। ਸ਼ਬਦ ਦਾ ਵਿਸ਼ਾ ਵਸਤੂ ਦੇਖ ਕੇ ਹੀ ਸ਼ਬਦ ਦੇ ਅਰਥ ਕੀਤੇ ਜਾਂਦੇ ਹਨ। ਕਈਆਂ ਤੁਕਾਂ ਵਿਚ ਸੰਤ ਸ਼ਬਦ ਪਰਮਾਤਮਾ ਲਈ ਵਰਤਿਆ ਗਿਆ ਹੈ ਜਿਹਾ ਕੇ--"ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ"॥ ਗੁਰੂ ਜੀ ਨੇ ਸੰਤ ਰੂਪੀ ਪਰਮਾਤਮਾ ਨੂੰ ਮਿਲਾ ਦਿੱਤਾ। ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਤ ਸ਼ਬਦ ਗੁਰੂ ਵਾਸਤੇ ਵੀ ਆਇਆ ਹੋਇਆ ਹੈ ਜਿਹਾ ਕੇ—"ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ" ਏਥੈ ਸੰਤ ਸ਼ਬਦ ਹੁਣ ਗੁਰੂ ਵਾਸਤੇ ਆਇਆ ਏ। ਸੰਤ ਕਾ ਮਾਰਗ ਦਾ ਭਾਵ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸਾਇਆ ਹੋਏ ਮਾਰਗ ਤੋਂ ਹੈ। ਜਦੋਂ ਸੰਤ ਸ਼ਬਦ ਬਹ-ਵਚਨ ਦੇ ਰੂਪ ਵਿਚ ਆਉਂਦਾ ਹੈ ਤਾਂ ਓਦੋਂ ਸਮੁੱਚੀ ਸਾਧ ਸੰਗਤ ਤੇ ਆਮ ਕਰਕੇ ਜਾਗੇ ਹੋਏ ਜਗਿਆਸੂ ਲਈ ਇਸ ਸ਼ਬਦ ਦੀ ਵਰਤੋਂ ਕੀਤੀ ਹੁੰਦੀ ਹੈ। ਜਿਹਾ ਕਿ ਅਨੰਦ ਸਾਹਿਬ ਜੀ ਦੀ ਬਾਣੀ ਵਿਚ ਆਇਆ ਹੈ----"ਆਵਹੁ ਸੰਤ ਪਿਆਰਿਹੁ ਅਕਥ ਕੀ ਕਰਹ ਕਹਾਣੀ"॥ ਅਤੇ "ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ"॥

ਗੁਰਬਾਣੀ ਵਿਚ ਚੌਥੀ ਪਰਕਾਰ ਦੇ ਪਾਖੰਡੀ ਸਾਧੜਿਆਂ ਦਾ ਜ਼ਿਕਰ ਤਾਂ ਵਿਸਥਾਰ ਸਹਿਤ ਗੁਰਬਾਣੀ ਵਿਚ ਆਇਆ ਹੈ। ਹੱਥਲੇ ਸ਼ਬਦ ਵਿਚ ਹੀ ਕਬੀਰ

ਜੀ ਨੇ ਅਜੇਹੇ ਭੇਖੀ ਸੰਤੜਿਆਂ ਨੂੰ ਲੰਬੇ ਹੱਥੀਂ ਲੈਂਦਿਆਂ ਹੋਇਆਂ ਕਿਹਾ ਹੈ "ਓਇ ਹਰਿ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥"

ਜਿੱਥੇ ਬਾਕੀ ਦੁਨੀਆਂ ਤੁਰੀ ਫਿਰਦੀ ਹੈ ਓੱਥੇ ਇਹ ਵੀ ਸੰਤ ਪਏ ਫਿਰਨ, ਸਾਨੂੰ ਇਹਨਾਂ ਦਾ ਕੀ ਦੁੱਖ ਹੋ ਸਕਦਾ ਹੈ? ਸੰਸਾਰ ਵਿਚ ਹੋਰ ਵੀ ਬਹੁਤ ਸਾਰੇ ਧਰਮ ਹਨ ਜੋ ਆਪਣੇ ਆਪਣੇ ਢੰਗ ਅਨੁਸਾਰ ਜ਼ਿੰਦਗੀ ਜੀਉ ਰਹੇ ਹਨ। ਸਿੱਖ ਧਰਮ ਤਾਂ ਸਾਰਿਆਂ ਦਾ ਸਤਿਕਾਰ ਕਰਦਾ ਹੈ। ਹਾਂ ਇਹਨਾਂ ਸੰਤਾਂ ਦਾ ਇਕ ਦੁੱਖ ਹੈ ਕਿ ਇਹਨਾਂ ਨੇ ਜਾਣ ਬੁਝ ਕੇ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕੀਤਾ ਹੈ। ਇਹ ਚਲਾਕ ਉਸਤਾਦ ਗਰੜ ਪੁਰਾਣ ਦੇ ਗਪੌੜ, ਕਰਾਮਾਤੀ ਸਾਖੀਆਂ, ਸਿਧਾਂਤ ਤੋਂ ਹੀਣੇ ਗੁਰਮਤਿ ਵਿਚਾਰ ਪੇਸ਼ ਕਰ ਰਹੇ ਹਨ। ਬਹੁਤ ਮੁਸ਼ਕਲਾ ਤਾਂ ਵਿਚੋਂ ਸਿੱਖ ਰਹਿਤ ਮਰਿਯਾਦਾ ਦਾ ਜਨਮ ਹੋਇਆ ਸੀ ਪਰ ਇਹਨਾਂ ਨਾਮ ਧਰੀਕ ਚੋਲਿਆਂ ਵਾਲੇ ਬਾਬਿਆਂ ਨੇ ਪੰਥ ਪ੍ਰਵਾਨਿਤ ਰਹਿਤ ਮਰਿਯਾਦਾ ਨੂੰ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ ਹੋਇਆ ਹੈ। ਕੌਮ ਨੂੰ ਏਕੇ ਵਿਚ ਪਰੋਣ ਦੀ ਬਜਾਏ ਵੰਡੀਆਂ ਪਾ ਕੇ ਆਪਣੇ ਮੰਡੇ ਸੇਕ ਰਹੇ ਹਨ। ਗੁਰੂ ਨਾਨਕ ਸਾਹਿਬ ਜੀ ਨੇ ਇਕ ਨਿਆਰਾ ਪੰਥ ਚਲਾਇਆ ਸੀ ਜਿਸ ਵਿਚ ਖੋਟ ਦਾ ਕੋਈ ਕੰਮ ਨਹੀਂ ਹੈ। ਸਾਧ ਬਾਬਿਆਂ ਨੇ ਸਿੱਖ ਪੰਥ ਨੂੰ ਨਿਆਰਾ ਰਹਿਣ ਨਹੀਂ ਦਿੱਤਾ, ਇਹਨਾਂ ਦੇ ਗੂੜ੍ਹ ਗਿਆਨ ਦੇ ਪਰਚਾਰ ਸਦਕਾ ਕਈ ਪਰਕਾਰ ਦੇ ਕਰਮ ਕਾਂਡਾਂ ਦੀਆਂ ਵੰਨਗੀਆਂ ਪੰਥ ਵਿਚੋਂ ਦੇਖਣ ਨੂੰ ਮਿਲ ਰਹੀਆਂ ਹਨ। ਚਲੀਹੇ ਕੱਟਣੇ, ਨਿੰਰਤਰ ਅਖੰਡਪਾਠਾਂ ਦੀਆਂ ਲੜੀਆਂ, ਪੂਰਨਮਾਸ਼ੀ ਦੀ ਚੌਂਕੀ, ਧਾਗੇ ਤਵੀਤ ਕਰਕੇ ਦੇਣੇ, ਭੋਲ਼ੀ ਜੰਤਾ ਦੇ ਹੱਥਾਂ ਦੀਆਂ ਰੇਖਾਂਵਾਂ ਦੇਖਣੀਆਂ, ਲਾਚੀਆਂ—ਲੌਂਗ ਦੇ ਕੇ ਪੁੱਤਰਾਂ ਦੀਆਂ ਦਾਤਾਂ ਦੇਣੀਆਂ, ਮਨ ਭਾਉਂਦੇ ਇਹਨਾਂ ਦੇ ਸ਼ੌਕ ਹਨ। ਦੇਖਿਆ ਜਾਏ ਤਾਂ ਇਹਨਾਂ ਸਾਧਾਂ ਕਰਕੇ ਸਿੱਖ ਧਰਮ ਦਾਂ ਨਿਆਰਾ ਪਨ ਖਤਮ ਹੋ ਰਿਹਾ ਹੈ। ਕਹਿਣ ਨੂੰ ਅਸੀਂ ਨਿਆਰੇ ਖਾਲਸੇ ਹਾਂ ਪਰ ਪੂਜਾ ਸਾਧ ਲਾਣੇ ਦੀ ਕਰ ਰਹੇ ਹਾਂ। ਗੁਰੂ ਨਾਨਕ ਸਾਹਿਬ ਜੀ ਨੇ ਅਜੇਹੇ ਰੰਗ ਬਰੰਗੇ ਉਦਾਸੀਆਂ ਸਾਧਾਂ ਦੇ ਅਖੌਤੀ ਖਾਣ ਪੀਣ ਤੇ ਅੰਦਰਲੀ ਤ੍ਰਿਸ਼ਨਾ ਦੀ ਮਾਨਸਿਕ ਕਮਜ਼ੋਰੀ ਨੂੰ ਚੰਗੇ ਢੰਗ ਨਾਲ ਬਿਆਨਿਆ ਹੈ–

**ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ ॥**
**ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ ॥**
**ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ ॥**
**ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ ॥ (140)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੋਈ ਗੁਰਮਤਿ ਦਾ ਫੈਸਲਾ ਕਰਨਾ ਹੈ ਤਾਂ ਧਾਰਮਿਕ ਜੱਥੇਬੰਦੀਆਂ ਦੇ ਨਾਮ ਹੇਠ ਨਿਗੂਣੀਆਂ ਵੋਟਾਂ ਦੀ ਖਾਤਰ ਇਸ ਸਾਧ ਲਾਣੇ ਨੂੰ ਪੂਰੀ ਚੌਧਰ ਦੇ ਦੇਂਦੇ ਹਨ। ਕਿਉਂਕਿ ਗੁਰਮਤਿ ਨੂੰ ਨਾ ਮੰਨਣ ਵਾਲੇ ਇਹ ਡੇਰੇ ਇਹਨਾਂ ਨੂੰ ਦਿਲ ਖੋਹਲ ਕੇ ਸਿਰਪਾਉ ਦੇਂਦੇ ਹਨ। ਕਿਸੇ ਵੀ ਸਾਧ ਦੇ ਡੇਰੇ ਤੇ ਸਿੱਖ ਰਹਿਤ ਮਰਿਯਾਦਾ ਦੀ ਇਕ ਵੀ ਮਦ ਲਾਗੂ ਨਹੀਂ ਹੈ। ਹਰ ਡੇਰੇ ਨੇ ਆਪਣੀਆਂ ਗਰਜ਼ਾਂ ਦੀ ਪੂਰਤੀ ਲਈ ਆਪਣੀ ਮਰਜ਼ੀ ਨਾਲ ਸਿੱਖ ਰਹਿਤ ਮਰਿਯਾਦਾ ਬਣਾਈ ਹੋਈ ਹੈ। ਗੁਰੂਆਂ ਦੇ ਅਵਤਾਰ ਪੁਰਬਾਂ, ਜੋਤੀ ਜੋਤ ਸਮਾਉਣ ਦੀ ਤਰਜ਼ ਤੇ ਇਹਨਾਂ ਡੇਰਿਆਂ ਨੇ ਹੋ ਚੁੱਕੇ ਨਾਮ ਧਰੀਕ ਮਹਾਂ-ਪੁਰਸ਼ਾਂ ਦੇ ਜਨਮ ਦਿਹਾੜੇ ਤੇ ਬਰਸੀਆਂ ਮਨਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਤਿਹਾਸਕ ਗੁਰਦੁਆਰਿਆਂ ਦੇ ਨਜ਼ਦੀਕ ਹੀ ਕਈਆਂ ਨੇ ਆਪਣੇ ਡੇਰੇ ਸਥਾਪਤ ਕਰ ਲਏ ਹਨ। ਇਹ ਤੇ ਹੁਣ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਜੋ ਵੀ ਬਾਬਾ ਸਿੱਖ ਰਹਿਤ ਮਰਿਯਾਦਾ ਨੂੰ ਨਹੀਂ ਮੰਨਦਾ ਉਸ ਦੇ ਲਾਣੇ ਨੂੰ ਮਾਨਤਾ ਨਾ ਦੇਵੇ। ਸਗੋਂ ਆਪ ਵਿਸ਼ਾ ਮਾਹਰ ਵਿਦਵਾਨਾਂ ਦੀਆਂ ਕਮੇਟੀਆਂ ਬਣ ਕੇ ਖੁਦ ਫੈਸਲੇ ਲਏ।

-0-

# ਗੁਰਸਿਖ ਮੀਤ ਚਲਹੁ ਗੁਰ ਚਾਲੀ

**-ਸੁਖਦੇਵ ਸਿੰਘ ਲੁਧਿਆਣਾ, ਫੋਨ: 8360568209**

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਵੱਲੋਂ ਸ਼ੁਰੂ ਕੀਤੇ ਸਿੱਖੀ ਦੇ ਮਹਿਲ ਨੂੰ ਕੰਪਲੀਟ ਕਰਕੇ ਵਾਗਡੋਰ ਖਾਲਸੇ ਨੂੰ ਸੌਂਪਕੇ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਕੇ ਦੇਹਧਾਰੀ ਪ੍ਰਥਾ ਹਮੇਸ਼ਾਂ ਲਈ ਖਤਮ ਕਰ ਦਿਤੀ। ਗੁਰੂ ਸਾਹਿਬ ਦਾ ਹੁਕਮ ਹੈ "ਆਤਮਾ ਗ੍ਰੰਥ ਵਿਚ ਸਰੀਰ ਪੰਥ ਵਿਚ"! ਖਾਲਸਾ ਪੰਥ ਤੋਂ ਭਾਵ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ ਇਹ ਗਿਆਨ ਸਾਰੇ ਸੰਸਾਰ ਵਿਚ ਵੰਡਣਾ। ਇਹ ਅਮੋਲਕ ਖਜ਼ਾਨਾ ਜਿੰਨਾ ਵੀ ਵੰਡਿਆ ਜਾਵੇ, ਇਹ ਘਟਦਾ ਨਹੀਂ ਸਗੋਂ ਵੱਧਦਾ ਹੈ ਪਰ ਅਸੀਂ ਆਪਣਾ ਇਹ ਫਰਜ਼ ਨਹੀਂ ਪਛਾਣਿਆ। ਜੇਕਰ ਗੁਰੂ ਸਾਹਿਬ ਅੱਜ ਸਰੀਰ ਰੂਪ ਵਿਚ ਆ ਕੇ ਵੇਖਣ ਤਾਂ ਹੈਰਾਨ ਹੋਣਗੇ ਕਿ ਜਿਹੜੇ ਮਸੰਦਾਂ ਨੂੰ ਮੈਂ ਖਤਮ ਕੀਤਾ ਸੀ, ਅੱਜ ਉਨ੍ਹਾਂ ਦੀ ਗਿਣਤੀ ਕਈ ਗੁਣਾਂ ਵਧੀ ਹੈ। ਅੱਜ ਸਾਰਾ ਜ਼ੋਰ ਦਿਹਾੜੇ ਮਨਾਉਣ ਭਾਵ ਸੰਗਰਾਂਦਾਂ, ਮੱਸਿਆ, ਪੂਰਨਮਾਸ਼ੀਆਂ ਅਤੇ ਬਰਸੀਆਂ ਆਦਿ ਮਨਾਉਣ ਤੇ ਲੱਗਿਆ ਹੋਇਆ ਹੈ, ਗੁਰੂ ਭਾਵੇਂ ਰੁੱਸ ਜਾਏ! ਗੁਰੂ ਦੀ ਗੋਲਕ ਸ਼ੁਰੂ ਹੋਈ ਸੀ ਗੁਰਮਤਿ ਦਾ ਪਰਚਾਰ ਕਰਨ ਲਈ ਪਰ ਵਰਤ ਹੋ ਰਹੀ ਹੈ ਗੁਰਮਤਿ ਦੀਆਂ ਧੱਜੀਆਂ ਉਡਾਉਣ ਲਈ। ਗੁਰੂ ਸਾਹਿਬ ਦਾ ਹੁਕਮ ਹੈ "ਗਰੀਬ ਦਾ ਮੂੰਹ ਗੁਰੂ ਦੀ ਗੋਲਕ"! ਪਰ ਅੱਜ ਇਹ ਗੋਲਕਾਂ ਗਰੀਬਾਂ ਤਕ ਨਹੀਂ ਪਹੁੰਚਦੀਆਂ। ਗੋਲਕਾਂ ਖਾਤਰ ਪ੍ਰਬੰਧਕਾਂ ਵਿਚ ਝਗੜੇ ਹੁੰਦੇ ਹਨ ਅਤੇ ਗੋਲੀਆਂ ਚੱਲਦੀਆਂ ਹਨ। ਜਿਹੜਾ ਪੈਸਾ ਗਰੀਬਾਂ ਤੇ ਲੱਗਣਾ ਸੀ, ਉਸ ਪੈਸੇ ਨਾਲ ਅੱਜ ਪਾਲਕੀਆਂ, ਗੁੰਬਦਾਂ ਅਤੇ ਸਾਧਾਂ ਦੀਆਂ ਮੂਰਤੀਆਂ ਤੇ ਸੋਨਾ ਲੱਗ ਰਿਹਾ ਹੈ। ਜਿਥੇ ਕਰੋੜਾਂ ਗਰੀਬ ਲੋਕ ਭੁੱਖੇ ਸੌਂਦੇ ਹੋਣ, ਕੀ ਉਥੇ ਗੁਰੂ ਸਾਹਿਬ ਪਾਲਕੀਆਂ, ਗੁੰਬਦਾਂ ਤੇ ਸੋਨਾ ਲੱਗਣ ਤੇ ਖੁਸ਼ ਹੋਣਗੇ? ਕਦੇ ਵੀ ਨਹੀਂ। ਅੱਜ ਗੁਰਦੁਆਰੇ ਤੇ ਡੇਰੇ ਅਮੀਰਾਂ ਦੇ ਹਨ, ਮਲਕ ਭਾਗੋਆਂ ਦੇ ਹਨ, ਭਾਈ ਲਾਲੋ ਵਰਗਾ ਕਿਰਤੀ ਤਾਂ ਰੁਲਦਾ ਫਿਰਦਾ ਹੈ। ਕਈ ਡੇਰਿਆਂ ਵਿਚ ਗਰੀਬ ਦਾ ਪੈਸਾ ਨਹੀਂ ਚੜ੍ਹਦਾ ਪਰ ਚੈੱਕ, ਸੋਨਾ ਤੇ ਡਾਲਰ ਚੜ੍ਹਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿਤੀ, ਮੱਥਾ ਟੇਕਿਆ ਤੇ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਪਰ ਅੱਜ ਚਲਾਕ ਲੋਕਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਖੜ੍ਹਾ ਕਰ ਦਿਤਾ ਹੈ। ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਕਰਕੇ ਸ਼ਰੇਆਮ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਜਾ ਰਹੀ ਹੈ। ਗੁਰੂ ਸਾਹਿਬ ਨੇ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਹੈ ਤੇ ਅਸੀਂ ਰੋਜ਼ "ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਿਉ ਗ੍ਰੰਥ" ਵਾਲਾ ਦੋਹਰਾ ਵੀ ਪੜ੍ਹੀ ਜਾ ਰਹੇ ਹਾਂ ਪਰ ਨਾਲ-ਨਾਲ ਦਸਮ ਗ੍ਰੰਥ ਨੂੰ ਸਤਿਕਾਰ ਦੇ ਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵੀ ਕਰੀ ਜਾ ਰਹੇ ਹਾਂ।

ਕਿਸੇ ਤਖਤ ਤੇ ਮਰਿਯਾਦਾ ਇਕ ਨਹੀਂ। ਇਹ ਕੌਮ ਦੀ ਬਦਕਿਸਮਤੀ ਹੈ। ਕੀ ਕੌਮ ਸੁੱਤੀ ਹੋਈ ਹੈ? ਕੁਝ ਨਾਸਮਝ ਲੋਕ ਕਹਿੰਦੇ ਹਨ ਕਿ ਭਗਤੀ ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲਦੀ ਹੈ ਤੇ ਸ਼ਕਤੀ ਦਸਮ ਗ੍ਰੰਥ ਵਿਚੋਂ! ਪਰ ਉਹ ਲੋਕ ਇਹ ਨਹੀਂ ਜਾਣਦੇ ਕਿ ਜਦੋਂ ਦਸਮ ਗ੍ਰੰਥ ਨਹੀਂ ਸੀ, ਉਦੋਂ ਵੀ ਸਿੱਖਾਂ ਤੇ ਗੁਰੂਆਂ ਨੇ ਜੰਗਾਂ ਲੜੀਆਂ, ਉਸ ਵਕਤ ਸ਼ਕਤੀ ਕਿਥੋਂ ਆਈ ਸੀ? ਗੁਰਬਾਣੀ ਫੁਰਮਾਨ ਹੈ:- **ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ॥ (4)**

ਇਸ ਲਈ ਲੱਖਾਂ ਤੀਰਥ ਯਾਤਰਾ ਕਰੋ, ਪਾਠਾਂ ਦੀਆਂ ਲੜੀਆਂ ਚਲਾਉ, ਨਗਰ ਕੀਰਤਨ ਕੱਢੋ, ਜਿੰਨੀ ਦੇਰ ਤਕ ਗੁਰੂ ਦੀ ਗੱਲ ਸਮਝ ਵਿਚ ਨਹੀਂ ਆਈ, ਇਹ ਸਭ ਅਡੰਬਰ ਫਜ਼ੂਲ ਹਨ। ਗੁਰੂ ਦੀ ਗੱਲ ਮੰਨਣੀ ਹੀ ਗੁਰੂ ਨੂੰ ਮਨਾਉਣਾ ਹੈ:-

**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ॥**
**ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥ (669)**

ਭਾਵ: ਪਰਮਾਤਮਾ ਉਨ੍ਹਾਂ ਮਨੁੱਖਾਂ ਦਾ ਬਾਣੀ ਗਾਉਣਾ ਤੇ ਸੁਣਨਾ ਕਬੂਲ ਕਰਦਾ ਹੈ, ਜਿਨ੍ਹਾਂ ਨੇ ਗੁਰੂ ਦੇ ਹੁਕਮ ਨੂੰ ਬਿਲਕੁਲ ਸਹੀ ਜਾਣਕੇ ਉਸ ਤੇ ਅਮਲ ਕੀਤਾ ਹੈ।

-0-

# ਗੁਰਮਤਿ ਦੇ ਸੰਦਰਭ ਵਿਚ: ਹੋਲੀ ਤੇ ਹੋਲਾ ਮਹੱਲਾ

-ਕੈਪਟਨ ਅਵਤਾਰ ਸਿੰਘ

**ਗੁਰੂ ਨਾਨਕ ਪਾਤਸ਼ਾਹ ਤੋਂ ਦਸਵੇਂ ਪਾਤਸ਼ਾਹ ਜੀ ਤੱਕ ਇੱਕ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਦੋਂ ਗੁਰੂ ਸਾਹਿਬਾਨ ਨੇ ਆਪ ਜਾਂ ਉਨ੍ਹਾਂ ਦੇ ਸਿੱਖਾਂ ਨੇ 239 ਵਰ੍ਹਿਆਂ ਵਿੱਚ ਕੋਈ ਹੋਲੀ ਖੇਡੀ ਹੋਵੇ। ਜਿਹੜੇ ਗੁਰੂ ਕੇ ਲਾਲ, ਆਪਣੀ ਹੂੜ ਮੱਤ ਜਾਂ ਅਗਿਆਨਤਾ ਕਾਰਨ ਹੋਲੀਆਂ ਵਿੱਚ ਸ਼ਾਮਲ ਹੋ ਕੇ ਪਾਤਸ਼ਾਹ ਦੇ ਬਖ਼ਸ਼ੇ ਸੁੰਦਰ ਸ਼ੇਰਾਂ ਵਾਲੇ ਸਰੂਪ ਦੀ ਬੇਅਦਬੀ ਕਰਦੇ ਹਨ, ਉਨ੍ਹਾਂ ਨੂੰ ਆਪਣੀ ਕਰਨੀ ਵੱਲ ਧਿਆਨ ਦੇਣਾ ਚਾਹੀਦਾ ਹੈ ਬਲਕਿ ਇਸ ਤੋਂ ਅੱਗੇ ਜਾਦਿਆਂ ਲੋਕਾਈ ਨੂੰ ਕੱਚੀਆਂ ਹੋਲੀਆਂ ਵਿੱਚੋਂ ਕੱਢ ਕੇ ਗੁਰਬਾਣੀ ਦੀ ਨਿਰਲੇਪ ਰੰਗਤ ਵਿੱਚ ਲਿਆਉਣ ਦਾ ਯਤਨ ਕਰਨਾ ਚਾਹੀਦਾ ਹੈ।**

ਹੋਲੀ ਭਾਰਤ ਦਾ ਇਕ ਮਿਥਿਹਾਸਕ ਅਤੇ ਪੌਰਾਣਿਕ ਤਿਉਹਾਰ ਹੈ ਅਤੇ ਇਸ ਦਾ ਮੂਲ ਸਬੰਧ ਬ੍ਰਾਹਮਣ ਮੱਤ ਰਾਹੀਂ ਪ੍ਰਚਲਿਤ ਵਰਣ ਵੰਡ ਨਾਲ ਹੈ, ਜਦ ਕਿ ਹੋਲੇ ਮਹੱਲੇ ਦਾ ਆਰੰਭ ਸੰਨ 1680 ਵਿੱਚ ਅਨੰਦਪੁਰ ਸਾਹਿਬ ਵਿਖੇ ਲੋਹਗੜ੍ਹ ਦੇ ਸਥਾਨ 'ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪ ਕੀਤਾ। ਇਨ੍ਹਾਂ ਦੋਹਾਂ ਤਿਉਹਾਰਾਂ ਦੀ ਵਿਚਾਰਧਾਰਾ ਪੱਖੋਂ ਆਪਸ ਵਿੱਚ ਬਹੁਤ ਭਿੰਨਤਾ ਹੈ। ਗੁਰੂ-ਘਰ ਵਿੱਚ ਗੁਰੂ ਦੀਆਂ ਸੰਗਤਾਂ ਵਾਸਤੇ ਜਿੱਥੇ ਹੋਲੀ ਨੂੰ ਇਸ ਦੇ ਪ੍ਰਚਲਿਤ ਢੰਗ ਨਾਲ ਖੇਡਣ ਤੋਂ ਪੂਰੀ ਤਰ੍ਹਾਂ ਮਨ੍ਹਾਂ ਕੀਤਾ ਗਿਆ ਹੈ, ਉੱਥੇ ਹੋਲੇ ਮਹੱਲੇ ਦਾ ਸਿਧਾਂਤ ਪੇਸ਼ ਕਰਦੇ ਹੋਏ, ਹੋਲੀ ਨੂੰ ਵੀ ਨਵੇਂ ਅਤੇ ਸੁਲਝੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ।

ਹੋਲਾ ਮਹੱਲਾ ਸਬੰਧੀ ਪੰਥ ਦੇ ਮਹਾਨ ਵਿਦਵਾਨ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਨੇ ਇਸ ਨੂੰ ਇਸ ਤਰ੍ਹਾਂ ਲਿਖਿਆ ਹੈ : ਯੁੱਧ ਵਿਦਿਆ ਦੇ ਅਭਿਆਸ ਨੂੰ ਨਿੱਤ ਨਵਾਂ ਰੱਖਣ ਵਾਸਤੇ ਕਲਗੀਧਰ ਜੀ ਦੀ ਚਲਾਈ ਹੋਈ ਰੀਤ ਅਨੁਸਾਰ ਚੇਤ ਵਦੀ ੧ ਨੂੰ ਸਿੱਖਾਂ ਵਿੱਚ ਹੋਲਾ ਮਹੱਲਾ ਹੁੰਦਾ ਹੈ, ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸਬੰਧ ਨਹੀਂ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਲੜਾਈ ਹੈ। ਪੈਦਲ, ਘੋੜ ਸਵਾਰ ਤੇ ਸ਼ਸਤਰਧਾਰੀ ਸਿੰਘ ਦੋ ਪਾਸਿਆਂ ਤੋਂ ਇੱਕ ਖ਼ਾਸ ਹਮਲੇ ਦੀ ਥਾਂ ਉੱਤੇ ਹਮਲਾ ਕਰਦੇ ਹਨ। ਕਲਗੀਧਰ ਜੀ ਆਪ ਇਸ ਬਨਾਉਟੀ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਦੀ ਸ਼ੁੱਭ ਸਿਖਿਆ ਦਿਆ ਕਰਦੇ ਸਨ। ਜਿਹੜਾ ਦਲ ਜੇਤੂ ਹੁੰਦਾ, ਉਸ ਨੂੰ ਦੀਵਾਨ ਵਿੱਚ ਸਿਰੋਪਾ ਬਖ਼ਸ਼ਦੇ ਸਨ ਪਰ ਅਸੀਂ ਸਾਲ ਪਿੱਛੋਂ ਇਹ ਰਸਮ ਨਾਂ ਮਾਤਰ ਕਰ ਛੱਡਦੇ ਹਾਂ, ਲਾਭ ਕੁਝ ਨਹੀਂ ਉਠਾਉਂਦੇ, ਹਾਲਾਂ ਕਿ ਸ਼ਸਤਰ ਵਿਦਿਆ ਤੋਂ ਅੰਞਾਣ ਸਿੱਖ, ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਅਧੂਰਾ ਸਿੱਖ ਹੈ।

ਇਸ ਵਿਸ਼ੇ ’ਤੇ ਭਾਈ ਸਾਹਿਬ ਹੋਰ ਲਿਖਦੇ ਹਨ : “ਸ਼ੱਕ ਹੈ ਕਿ ਹੁਣ ਸਿੱਖਾਂ ਨੇ ਸ਼ਸਤਰ ਵਿਦਿਆ ਨੂੰ ਆਪਣੀ ਕੌਮੀ ਵਿਦਿਆ ਨਹੀਂ ਸਮਝਿਆ, ਸਿਰਫ਼ ਫ਼ੌਜੀਆਂ ਦਾ ਕਰਤਬ ਮੰਨ ਲਿਆ ਹੈ, ਜਦੋਂ ਕਿ ਦਸਮੇਸ਼ ਜੀ ਦਾ ਹੁਕਮ ਹੈ ਕਿ ਹਰ ਸਿੱਖ ਪੂਰਾ ਸਿਪਾਹੀ ਹੋਵੇ ਅਤੇ ਸ਼ਸਤਰ ਵਿਦਿਆ ਦਾ ਅਭਿਆਸ ਕਰੇ। ”

ਇਸ ਵਿਆਖਿਆ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਭਾਵੇਂ ਕਿੰਨੀ ਵੀ ਜੰਗਜੂ ਕੌਮ ਜਾਂ ਜਥੇਬੰਦੀ ਹੋਵੇ, ਹਰ ਸਮੇਂ ਜਾਂ ਹਰ ਵਕਤ ਤਾਂ ਜੰਗਾਂ ਯੁੱਧਾਂ ਵਿੱਚ ਨਹੀਂ ਰਹਿੰਦੀ। ਸਰਕਾਰੀ ਫ਼ੌਜਾਂ ਵੀ ਸ਼ਸਤਰਾਂ ਦੀ ਵਰਤੋਂ ਕਿਸੇ ਦੁਸ਼ਮਣ ਦੇ ਜਾਂ ਉਸ'ਤੇ ਹਮਲੇ ਸਮੇਂ ਹੀ ਕਰਦੀਆਂ ਹਨ, ਹਰ ਸਮੇਂ ਨਹੀਂ, ਪਰ ਉਨ੍ਹਾਂ ਦੇ ਯੁੱਧ ਅਤੇ ਸ਼ਸਤਰ ਅਭਿਆਸ ਤਾਂ ਕਦੇ ਵੀ ਬੰਦ ਨਹੀਂ ਕੀਤੇ ਜਾਂਦੇ। ਛੇਵੇਂ ਪਾਤਸ਼ਾਹ ਨੇ ਪੰਥ ਨੂੰ ਬਕਾਇਦਾ ਸ਼ਸਤਰਧਾਰੀ ਕੀਤਾ ਅਤੇ ਹਕੂਮਤ ਨਾਲ ਚਾਰ ਜੰਗਾਂ ਲੜੀਆਂ। ਚੋਹਾਂ ਵਿੱਚ ਹੀ ਆਪ ਜੀ ਨੇ ਫ਼ਤਿਹ ਹਾਸਲ ਕੀਤੀ। ਗੁਰਗੱਦੀ ਸੌਂਪਣ ਸਮੇਂ ਆਪ ਜੀ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ 2200 ਸ਼ਸਤਰਧਾਰੀ ਘੋੜ ਸਵਾਰਾਂ ਦੀ ਫ਼ੌਜ ਦੀ ਸਪੁਰਦਗੀ ਕੀਤੀ ਅਤੇ ਨਾਲ ਹੀ ਹੁਕਮ ਕੀਤਾ ਕਿ ਇਨ੍ਹਾਂ ਫ਼ੌਜਾਂ ਨੂੰ ਬਕਾਇਦਾ ਕਾਇਮ ਰੱਖਣਾ ਹੈ। ਸਪੱਸ਼ਟ ਹੈ ਕਿ ਜੇ ਫ਼ੌਜਾਂ ਨੂੰ ਕਾਇਮ ਰੱਖਣਾ ਹੈ ਤਾਂ ਉਨ੍ਹਾਂ ਦੇ ਅਭਿਆਸ ਵੀ ਚਲਦੇ ਰਹਿਣੇ ਚਾਹੀਦੇ ਹਨ।

ਅੰਤ ਦਸਵੇਂ ਪਾਤਸ਼ਾਹ ਨੇ ਕੌਮ ਦੇ ਬਕਾਇਦਾ ਜੁਝਾਰੂ ਹੋਣ ਦਾ ਐਲਾਨ ਕਰ ਦਿੱਤਾ ਅਤੇ ਕ੍ਰਿਪਾਨ ਨੂੰ ਪੰਜਾਂ ਕਕਾਰਾਂ ਵਿੱਚ ਸ਼ਾਮਲ ਕਰ ਕੇ ਸਿੱਖੀ ਪਹਿਰਾਵੇ ਦਾ ਸਦਾ ਵਾਸਤੇ ਅੰਗ ਬਣਾ ਦਿੱਤਾ। ਫਿਰ ਇਹ ਨਿਯਮ ਵੀ ਪੱਕਾ ਕਰ ਦਿੱਤਾ ਕਿ ਸਿੱਖ ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਰਹਿਣ। ਇਸ ਤੋਂ ਵੱਡਾ ਹੋਰ ਕੋਈ ਸਬੂਤ ਨਹੀਂ ਕਿ ਅੰਮ੍ਰਿਤ ਦਾ ਢੰਗ ਚਰਣ ਪਾਹੁਲ ਤੋਂ ਖੰਡੇ ਦੀ ਪਾਹੁਲ ਵਿੱਚ ਤਾਂ ਬਦਲਿਆ 1699 ਨੂੰ, ਪਰ ਹੋਲਾ ਮਹੱਲਾ ਆਰੰਭ ਕੀਤਾ 1680 ਵਿੱਚ ਅਰਥਾਤ ਉਸ ਤੋਂ 19 ਸਾਲ ਪਹਿਲਾਂ।

ਹੋਲਾ ਅਤੇ ਮਹੱਲਾ ਤਰਤੀਬਵਾਰ ਅਰਬੀ ਅਤੇ ਫ਼ਾਰਸੀ ਦੇ ਸ਼ਬਦ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਮਲਾ ਅਤੇ ਹਮਲੇ ਦੀ ਥਾਂ ਹਨ। ਇਹ ਵੀ ਠੀਕ ਹੈ ਕਿ ਭਾਵੇਂ ਕ੍ਰਿਪਾਨ ਨੂੰ ਪਾਤਸ਼ਾਹ ਨੇ ਕਕਾਰਾਂ ਦੀ ਗਿਣਤੀ ਵਿੱਚ ਸਿੱਖੀ ਪਹਿਰਾਵੇ ਦਾ ਇੱਕ ਪੱਕਾ ਅੰਗ ਬਣਾ ਦਿੱਤਾ, ਪਰ ਜੰਗਾਂ, ਯੁੱਧਾਂ ਵਿੱਚ ਜੋ ਵੀ ਉਸ ਸਮੇਂ ਦੇ ਹਥਿਆਰ ਸਨ, ਉਨ੍ਹਾਂ ਦੀ ਵਰਤੋਂ



ਵਾਸਤੇ ਸਭ ਤੋਂ ਅੱਗੇ ਰਹੇ। ਸਾਨੂੰ ਆਧੁਨਿਕ ਹਥਿਆਰਾਂ ਦੀ ਵਰਤੋਂ ਅਤੇ ਅਨੁਸ਼ਾਸਿਤ ਬਾਣੇ ਦੇ ਤੌਰ'ਤੇ ਕ੍ਰਿਪਾਨ ਦੇ ਆਪਸੀ ਸਬੰਧ ਨੂੰ ਸਮਝਣਾ ਚਾਹੀਦਾ ਹੈ। ਉਂਝ ਵੀ ਕ੍ਰਿਪਾਨ ਇੱਕ ਅਜਿਹਾ ਸ਼ਸਤਰ ਹੈ, ਜੋ ਸ਼ੌਚ ਸ਼ਨਾਨ ਦੇ ਨਾਲ ਰਹਿ ਸਕਦਾ ਹੈ ਜਦੋਂ ਕਿ ਬਾਕੀ ਕਿਸੇ ਸ਼ਸਤਰ'ਤੇ ਇਹ ਨਿਯਮ ਲਾਗੂ ਨਹੀਂ ਹੁੰਦਾ। ਕ੍ਰਿਪਾਨ ਦੀ ਇਕ ਹੋਰ ਵਿਲੱਖਣਤਾ ਵੀ ਗੁਰੂ ਸਾਹਿਬ ਨੇ ਪੈਦਾ ਕੀਤੀ ਹੈ।

ਕ੍ਰਿਪਾਨ ਵਾਸਤੇ ਤਲਵਾਰ ਅਤੇ ਖੜਗ ਆਦਿ ਅਨੇਕਾਂ ਨਾਂ ਪਹਿਲਾਂ ਤੋਂ ਪ੍ਰਚਲਿਤ ਸਨ। ਸੋਚਣ ਦਾ ਵਿਸ਼ਾ ਇਹ ਹੈ ਕਿ ਪਾਤਸ਼ਾਹ ਨੂੰ ਇਹ ਨਵਾਂ ਨਾਂ ਇਸ ਸ਼ਸਤਰ ਵਾਸਤੇ ਦੇਣ ਦੀ ਕੀ ਲੋੜ ਪਈ ? ਇਸ ਸਬੰਧ ਵਿੱਚ ਇਹ ਯਾਦ ਰਹੇ ਕਿ ਕ੍ਰਿਪਾਨ ਧਾਰਨ ਕਰਨ ਵਾਲੇ ਨੂੰ ਦੋ ਪੱਖੋਂ ਹਰ ਵਕਤ ਚੇਤਾਵਨੀ ਮਿਲਦੀ ਹੈ ਕਿ ਉਸ ਨੇ ਜੋ ਸ਼ਸਤਰਧਾਰੀ ਹੋਣਾ ਹੈ ਤਾਂ ਕਾਹਦੇ ਵਾਸਤੇ ? ਕ੍ਰਿਪਾਨ ਦਾ ਨਵਾਂ ਸ਼ਬਦ ਪਾਤਸ਼ਾਹ ਨੇ ਦੋ ਸ਼ਬਦਾਂ ਕ੍ਰਿਪਾ+ਆਨ, ਦੀ ਸੰਧੀ ਤੋਂ ਬਖ਼ਸ਼ਿਆ ਹੈ। ਭਾਵ ਗੁਰੂ ਜੀ ਦੇ ਸਿੱਖ ਨੇ ਜਦੋਂ ਕ੍ਰਿਪਾਨ ਅਤੇ ਆਪਣੇ ਸ਼ਸਤਰਾਂ ਨੂੰ ਹੱਥ ਪਾਉਣਾ ਹੈ ਤਾਂ ਉਸ ਦੇ ਸਾਹਮਣੇ ਦੋ ਗੱਲਾਂ ਵਿੱਚੋਂ ਇਕ ਕਾਰਨ ਲਾਜ਼ਮੀ ਹੋਣਾ ਚਾਹੀਦਾ ਹੈ ਜਾਂ ਤਾਂ ਕ੍ਰਿਪਾ ਭਾਵ ਮਜ਼ਲੂਮ ਦੀ ਰਾਖੀ ਅਤੇ ਦੁਸ਼ਟ ਦੀ ਸੁਧਾਈ ਵਾਸਤੇ ਜਾਂ ਫਿਰ ਆਪਣੀ ਪੰਥ ਲੋਕਾਈ ਦੀ ਆਨ ਅਤੇ ਸ਼ਾਨ ਵਾਸਤੇ।

ਹੋਲੇ ਮਹੱਲੇ ਦਾ ਮਹੱਤਵ ਹੋਰ ਵੀ ਸਪਸ਼ਟ ਹੋ ਜਾਂਦਾ ਹੈ ਜਦੋਂ ਅਸੀਂ ਸਿੱਖੀ ਦੇ ਮੂਲ ਸਿਧਾਂਤ 'ਦੇਗ ਤੇਗ਼ ਫ਼ਤਿਹ' ਵਾਲੇ ਸ਼ਬਦਾਂ ਬਾਰੇ ਸੋਚਦੇ ਹਾਂ। ਗੁਰੂ ਦੀਆਂ ਸੰਗਤਾਂ ਨੂੰ ਜਿਥੇ ਕੜਾਹ ਪ੍ਰਸ਼ਾਦ, ਗੁਰੂ ਕਾ ਲੰਗਰ ਆਦਿ ਨੂੰ ਦੇਗ ਜਾਂ ਦੇਗਾਂ ਕਿਹਾ ਹੈ, ਉੱਥੇ ਨਾਲ ਹੀ ਨਿਯਮ ਹੈ ਕਿ ਬਿਨਾਂ ਕ੍ਰਿਪਾਨ ਭੇਟ ਕਰਨ ਦੇ ਕੜਾਹ ਪ੍ਰਸ਼ਾਦ ਦੀ ਦੇਗ ਵੀ ਨਹੀਂ ਵਰਤਾਉਣੀ ਅਤੇ ਨਾ ਹੀ ਛਕਣੀ ਹੈ।

ਖਿਮਾ ਚਾਹੁੰਦਾ ਹਾਂ, ਜੇ ਕੁਝ ਸੱਜਣ ਕੜਾਹ ਪ੍ਰਸ਼ਾਦ ਦੀ ਦੇਗ ਨੂੰ ਕ੍ਰਿਪਾਨ ਭੇਟ ਕਰਨ ਨੂੰ ਭੋਗ ਲੁਆਉਣਾ ਸਮਝ ਲੈਂਦੇ ਹਨ। ਗੁਰੂ ਘਰ ਵਿੱਚ ਭੋਗ ਲੁਆਉਣ ਦਾ ਕੋਈ ਵਿਧਾਨ ਹੀ ਨਹੀਂ ਹੈ। ਭੋਗ ਲਵਾਉਣ ਦੀ ਪ੍ਰਥਾ ਤਾਂ ਦੇਵੀ ਦੇਵਤੀਆਂ ਤੇ ਮੂਰਤੀਆਂ ਦੇ ਪੁਜਾਰੀਆਂ ਦੀ ਹੈ। ਗੁਰੂ ਘਰ ਵਿੱਚ ਤਾਂ ਸਿੱਖ ਧਰਮ ਦੇ ਮੂਲ ਸਿਧਾਂਤ ਦੇਗ ਤੇਗ਼ ਫ਼ਤਹਿ ਦੇ ਆਧਾਰ'ਤੇ ਕ੍ਰਿਪਾਨ ਭੇਟ ਦਾ ਨਿਯਮ ਹੈ ਤਾਂ ਜੋ ਗੁਰਸਿੱਖ ਸ਼ਸਤਰਾਂ ਨੂੰ ਭੁੱਲ ਕੇ ਦੇਗਾਂ ਵਾਸਤੇ ਹੀ ਨਾ ਰਹਿ ਜਾਣ। ਤੇਗ਼ ਭਾਵ ਸ਼ਸਤਰਾਂ ਨੂੰ ਭੁਲਾ ਕੇ ਗੁਰੂ ਘਰ ਦੀਆਂ ਸੰਗਤਾਂ ਨੂੰ ਦੇਗ ਛੱਕਣ ਦਾ ਵੀ ਹੱਕ ਨਹੀਂ।

ਗੁਰ ਬਿਲਾਸ ਪਾਤਸ਼ਾਹੀ ਦਸਵੀਂ ਅਧਿਆਯ ੨੩ ਵਿੱਚ ਸਿੱਖਾਂ ਵਾਸਤੇ ਇਸ ਵਿਸ਼ੇ ਦੇ ਪ੍ਰਥਾਇ ਦਸਵੇਂ ਪਾਤਸ਼ਾਹ ਵੱਲੋਂ ਹੁਕਮ ਇਸ ਪ੍ਰਕਾਰ ਹੈ :

ਪੁਨੰ ਸੰਗ ਸਾਰੇ ਪ੍ਰਭ ਜੀ ਸੁਨਾਈ।
ਬਿਨਾ ਤੇਗ ਤੀਰੰ ਰਹੋ ਨਾਹ ਭਾਈ।
ਬਿਨਾ ਸਸਤ੍ਰ ਕੇਸੰ ਨਰੰ ਭੇਡ ਜਾਨੋ।
ਗਹੇ ਕਾਨ ਤਾਕੋ ਕਿਤੈ ਲੈ ਸਿਧਾਨੋ। ੯੮।
ਇਹੈ ਮੋਰ ਆਗਿਆ ਸੁਨੋ ਲੈ ਪਿਆਰੇ।
ਬਿਨਾ ਤੇਗ ਕੇਸੰ ਦਿਵੋ ਨ ਦਿਦਾਰੇ।
ਇਹੈ ਮੋਹ ਬੈਨਾ, ਮੰਨੇਗਾ ਸੁ ਜੋਈ।
ਤਿਸੇ ਇਛ ਪੂਰੰ, ਸਭੈ ਜਾਨ ਸੋਈ। ੯੯।

**ਰਹਿਤਨਾਮਾ, ਭਾਈ ਦੇਸਾ ਸਿੰਘ ਜੀ ਵਿੱਚ ਹੁਕਮ ਹੈ :**

ਸ਼ਸਤ੍ਰਹੀਨ ਇਹ ਕਬਹੂ ਨਹਿ ਕੋਈ।
ਰਹਿਤਵੰਤ ਖਾਲਸਾ ਸੋਈ।
ਕਛ ਕ੍ਰਿਪਾਨ ਨ ਕਬਹੂੰ ਤਿਆਗੈ।
ਸਨਮੁਖ ਲਰੈ, ਨ ਰਣ ਤੇ ਭਾਗੈ। ੧੫।

ਹੋਰ ਲਵੋ : ਗੁਰ ਪ੍ਰਤਾਪ ਸੂਰਯ, ਰੁਤ ੩, ਅਧਿਆਯ ੨੩ ਦਸਮੇਸ਼ ਜੀ ਦਾ ਖ਼ਾਲਸੇ ਨੂੰ ਹੁਕਮ ਹੈ :-

ਸ਼ਸਤ੍ਰਨਿ ਕੇ ਅਧੀਨ ਹੈ ਰਾਜ।
ਜੋ ਨ ਧਰਹਿ ਤਿਸ ਬਿਗਰਹਿ ਕਾਜ। ੬।
ਯਾਂ ਤੇ ਸਰਬ ਖਾਲਸਾ ਸੁਨੀਅਹਿ।
ਆਯੁਧ ਧਰਿਬੋ ਉੱਤਮ ਗੁਨੀਅਹਿ।
ਜਬਿ ਹਮਰੇ ਦਰਸ਼ਨ ਕੋ ਆਵਹੁ।
ਬਨਿ ਸੁਚੇਤ ਤਨ ਸ਼ਸਤ੍ਰ ਸਜਾਵਹੁ। ੭।
ਕਮਰ ਕਸਾ ਕਰਿ ਦੇਹੁ ਦਿਖਾਈ।
ਹਮਰੀ ਖੁਸ਼ੀ ਹੋਇ ਅਧਿਕਾਈ। ...। ੮।

ਇਹ ਸਭ ਜਾਣਕਾਰੀ ਦੇਣ ਦਾ ਮਤਲਬ ਸਾਡਾ ਇਹ ਸਾਬਤ ਕਰਨਾ ਹੈ ਕਿ ਹੋਲੇ ਮਹੱਲੇ ਦੇ ਤਿਉਹਾਰ ਦਾ ਵਿਸ਼ੇਸ਼ ਮਹੱਤਵ ਹੈ; ਜਿਵੇਂ ਕਿ ਸਮਕਾਲੀ ਲਿਖਾਰੀ ਅਤੇ ਸਾਰੇ ਸਿੱਖ ਇਤਿਹਾਸਕਾਰ ਇਸ ਬਾਰੇ ਇਕ ਮੱਤ ਹਨ ਕਿ ਪਾਤਸ਼ਾਹ ਵੱਲੋਂ ਸਿੱਖਾਂ ਵਾਸਤੇ ਕੇਸਾਧਾਰੀ ਅਤੇ ਸ਼ਸਤਰਧਾਰੀ ਹੋਣਾ ਸਭ ਤੋਂ ਜ਼ਰੂਰੀ ਅੰਗ, ਸਪੱਸ਼ਟ ਹੈ ਅਤੇ ਇਸੇ ਤਰ੍ਹਾਂ ਇਹ ਸ਼ਸਤਰ ਅਭਿਆਸ ਨੂੰ ਪੱਕਾ ਕਰਨ ਵਾਸਤੇ ਉਨ੍ਹਾਂ ਨੇ ਹੋਲੇ ਮਹੱਲੇ ਦਾ ਤਿਉਹਾਰ ਆਪ ਆਰੰਭ ਕੀਤਾ। ਜਿੱਥੇ ਕਿ ਗੁਰਸਿੱਖ ਨੂੰ ਕੜਾਹ ਪ੍ਰਸ਼ਾਦ ਸਮੇਂ ਨਿਤਾਪ੍ਰਤੀ ਕ੍ਰਿਪਾਨ ਭੇਟ, ਦੇਗ ਦੀ ਸਾਂਝ ਦੇ ਨਾਲ ਉਸ ਨੂੰ ਉਸ ਦੀ ਸ਼ਸਤਰਾਂ ਨਾਲ ਸਾਂਝ ਪ੍ਰਗਟ ਕਰਦੀ ਹੈ, ਉੱਥੇ ਸਾਲ ਦੇ ਸਾਲ ਹੋਲਾ ਮੁਹੱਲਾ ਉਸ ਨੂੰ ਸ਼ਸਤਰ ਅਭਿਆਸੀ ਬਣੇ ਰਹਿਣ ਦੀ ਵੀ ਚੇਤਾਵਨੀ ਦਿੰਦਾ ਹੈ। ਸ਼ਸਤਰਧਾਰੀ ਫ਼ੌਜਾਂ ਦਾ ਵੀ ਇਹੀ ਨਿਯਮ ਹੁੰਦਾ ਹੈ। ਕਿਸੇ ਵੀ ਦੇਸ਼ ਦੀਆਂ ਫ਼ੌਜਾਂ ਹਮੇਸ਼ਾਂ ਜੰਗਾਂ ਯੁੱਧਾਂ'ਤੇ ਨਹੀਂ ਚੜ੍ਹੀਆਂ ਰਹਿੰਦੀਆਂ ਪਰ ਸ਼ਸਤਰ ਅਭਿਆਸ ਉਨ੍ਹਾਂ ਦੇ ਨਿੱਤ ਹੀ ਚਲਦੇ ਰਹਿੰਦੇ ਹਨ। ਯੁੱਧ ਸਮੇਂ ਇਹ ਅਭਿਆਸ-ਰੂਪ-ਤਿਆਰੀ ਹੀ ਅਸਲੀ ਯੁੱਧ ਦਾ ਆਧਾਰ ਹੁੰਦੀ ਹੈ। ਹੋਲੇ ਮਹੱਲੇ ਦਾ ਵੀ ਇਹੀ ਮਤਲਬ ਹੈ।

ਨਿਰਾ ਪੁਰਾ ਸ਼ਸਤਰਧਾਰੀ ਹੋਣਾ ਵੀ ਕਿਸੇ ਵਕਤ ਮਨੁੱਖ ਨੂੰ ਜ਼ਾਲਮ ਬਣਾ ਸਕਦਾ ਹੈ, ਪਰ ਜਦੋਂ ਉਸ ਦੇ ਜੀਵਨ ਨੂੰ ਗੁੜ੍ਹਤੀ ਗੁਰਬਾਣੀ ਦੀ ਹੋਵੇ, ਸਾਰੇ ਸ਼ਸਤਰਾਂ ਦੀ ਪਹਿਚਾਣ ਉਸ ਨੂੰ ਕ੍ਰਿਪਾਨ ਤੋਂ ਆਰੰਭ ਕਰਵਾਈ ਹੋਵੇ, ਜਿਸ ਦਾ ਮਤਲਬ ਹੀ ਉਸ ਲਈ ਮਜ਼ਲੂਮ ਦੀ ਰਾਖੀ ਅਤੇ ਅਣਖ ਨਾਲ ਜੀਣਾ ਹੋਵੇ, ਤਾਂ ਜ਼ਾਲਮ ਹੋਣ ਦੀ ਗੱਲ ਹੀ ਮੁੱਕ ਜਾਂਦੀ ਹੈ। ਫਿਰ ਉਸ ਨੂੰ ਇਸ ਬਾਰੇ ਦਸਵੇਂ ਪਾਤਸ਼ਾਹ ਦੀ ਬਾਕਾਇਦਾ ਹਦਾਇਤ ਵੀ ਹੈ :-

ਹਥਿਆਰ ਦੀ ਵਰਤੋਂ ਤਾਂ ਹੀ ਜਾਇਜ਼ ਹੈ ਜਦੋਂ ਬਾਕੀ ਸਾਰੇ ਹੀਲੇ ਮੁੱਕ ਜਾਣ।

ਕਾਫ਼ੀ ਸਮੇਂ ਤੋਂ ਢਿੱਲੇ ਅਧਿਕਾਰੀ ਪ੍ਰਚਾਰਕਾਂ ਦੇ ਕਾਰਨ ਹੌਲੀ-ਹੌਲੀ ਪੰਥ ਦਾ ਵੱਡਾ ਹਿੱਸਾ ਅੰਮ੍ਰਿਤ ਤੋਂ ਟੁੱਟਦਾ ਗਿਆ ਹੈ, ਹਾਲਾਂਕਿ ਅੰਮ੍ਰਿਤ ਤਾਂ ਸਿੱਖੀ ਦਾ ਆਰੰਭ ਅਤੇ ਸਿੱਖ ਧਰਮ ਵਿੱਚ ਪ੍ਰਵੇਸ਼ ਹੈ। ਅੰਮ੍ਰਿਤ ਰਾਹੀਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕਰਨਾ ਹੈ ਕਿਉਂਕਿ ਨਿਗੁਰਾ ਤਾਂ ਸਿੱਖ ਹੀ ਨਹੀਂ ਹੁੰਦਾ। ਅੰਮ੍ਰਿਤ ਤੋਂ ਟੁੱਟੇ ਅਸੀਂ ਕ੍ਰਿਪਾਨ ਤੋਂ ਵੀ ਲਾਪ੍ਰਵਾਹ ਹੁੰਦੇ ਗਏ ਅਤੇ ਹੌਲੀ-ਹੌਲੀ ਇਹ ਸਮਝਣਾ ਅਤੇ ਮੰਨਣਾ ਸ਼ੁਰੂ ਕਰ ਦਿੱਤਾ ਕਿ ਕ੍ਰਿਪਾਨ ਨੂੰ ਤਾਂ ਕੇਵਲ ਅੰਮ੍ਰਿਤਧਾਰੀ ਨੇ ਪਾਉਣਾ ਹੈ ਹਾਲਾਂਕਿ ਅੰਮ੍ਰਿਤਧਾਰੀ ਹੋਣ ਤੋਂ ਪਹਿਲਾਂ ਸਾਡਾ ਪੰਜ ਕਕਾਰੀ ਹੋਣਾ ਜ਼ਰੂਰੀ ਹੈ ਅਤੇ ਪੰਜਾਂ ਕਕਾਰਾਂ ਵਿੱਚ ਕੇਸ, ਕ੍ਰਿਪਾਨ ਪ੍ਰਧਾਨ ਕਕਾਰ ਹਨ।

ਅਸੀਂ ਸ਼ਸਤਰਧਾਰੀ ਹੋਣ ਤੋਂ ਹੀ ਲਾਪ੍ਰਵਾਹ ਹੋ ਗਏ ਤਾਂ ਹੋਲੇ ਮਹੱਲੇ ਦੀ ਸਮਝ ਹੀ ਕਿਵੇਂ ਆਉਂਦੀ ? ਜਿੱਥੇ ਗੁਰਸਿੱਖ ਹੈ, ਉੱਥੇ ਹੀ ਹੋਲੇ ਮਹੱਲੇ ਦਾ ਤਿਉਹਾਰ ਜ਼ਰੂਰੀ ਹੈ ਭਾਵੇਂ ਪਾਤਸ਼ਾਹ ਨੇ ਇਸ ਨੂੰ ਲੋਹਗੜ੍ਹ ਸਾਹਿਬ ਤੋਂ ਹੀ ਆਰੰਭ ਕੀਤਾ ਸੀ, ਪਰ ਇਸ ਦਾ ਮਹੱਤਵ ਸਮਝਣਾ ਸਾਡੇ ਵਾਸਤੇ ਅਤਿ ਜ਼ਰੂਰੀ ਹੈ।

ਹੋਲੀ (ਫੱਗਣ ਸੁਦੀ 11 ਤੋਂ 14 ਤੀਕ) ਇਕ ਮਿਥਿਹਾਸਕ ਪੌਰਾਣਿਕ ਤਿਉਹਾਰ ਹੈ। ਬ੍ਰਾਹਮਣ ਮੱਤ ਅਨੁਸਾਰ ਵਰਣ-ਵੰਡ ਵਿੱਚੋਂ ਦ੍ਰਿੜ੍ਹਤਾ ਲਿਆਉਣ ਵਾਸਤੇ ਜਿੱਥੇ ਹਰ ਇਕ ਵਰਣ ਵਾਸਤੇ ਜੰਞੂ, ਜੰਞੂ ਪਾਉਣ ਦੇ ਢੰਗ ਅਤੇ ਸਮੇਂ, ਸਭ ਵਖਰੇ-ਵਖਰੇ, ਫਿਰ ਵਰਣਾਂ ਅਨੁਸਾਰ ਨਾਵਾਂ ਦੀ ਵੰਡ ਅਤੇ ਹੋਰ ਨਿਯਮ ਬਣਾਏ, ਉਸੇ ਤਰ੍ਹਾਂ ਬ੍ਰਾਹਮਣ ਵਰਗ ਨੇ ਆਪਣੇ ਵਾਸਤੇ ਵੈਸਾਖੀ, ਵੈਸ਼ਾਂ ਵਾਸਤੇ ਦੀਵਾਲੀ, ਖੱਤਰੀਆਂ ਵਾਸਤੇ ਦੁਸਹਿਰਾ ਅਤੇ ਸ਼ੂਦਰਾਂ ਵਾਸਤੇ ਹੋਲੀ ਦਾ ਤਿਉਹਾਰ ਪ੍ਰਚਲਿਤ ਕੀਤਾ। ਮੂਲ ਰੂਪ ਵਿੱਚ ਇਹ ਬ੍ਰਾਹਮਣੀ ਤਿਉਹਾਰ ਹੈ।

ਇਕ ਪੌਰਾਣਿਕ ਕਥਾ ਅਨੁਸਾਰ ਹੰਕਾਰੀ ਰਾਜੇ ਹਰਨਾਖਸ਼ ਨੇ ਸ਼ਿਵ ਤੋਂ ਵਰ ਪ੍ਰਾਪਤ ਕੀਤਾ ਕਿ ਅੰਦਰ ਜਾਂ ਬਾਹਰ, ਦਿਨੇ ਜਾਂ ਰਾਤੀ, ਮਨੁੱਖ ਜਾਂ ਪਸ਼ੂ ਕਿਸੇ ਤੋਂ ਨਾ ਮਰਾਂ। ਅਜਿਹਾ ਵਰ ਪ੍ਰਾਪਤ ਕਰ ਕੇ ਉਹ ਵੱਡਾ ਜ਼ਾਲਮ ਬਣ ਗਿਆ ਅਤੇ ਉਸ ਨੇ ਐਲਾਨ

ਕਰ ਦਿੱਤਾ ਕਿ ਕੋਈ ਪ੍ਰਮਾਤਮਾ ਨੂੰ ਨਾ ਜਪੇ ਅਤੇ ਸਾਰੇ ਉਸ ਦਾ ਹੀ ਜਾਪ ਕਰਨ। ਕਰਤੇ ਦੀ ਕਰਨੀ ਕਿ ਘਰ ਵਿੱਚੋਂ ਹੀ, ਹਰਨਾਖਸ਼ ਦਾ ਸਪੁੱਤਰ ਪ੍ਰਹਿਲਾਦ ਇਸ ਗੱਲ ਦਾ ਵਿਰੋਧੀ ਹੋ ਗਿਆ ਅਤੇ ਉਹ ਰਾਮ-ਰਾਮ ਜਪਣ ਅਤੇ ਪ੍ਰਚਾਰਨ ਲੱਗਾ। ਰਾਜੇ ਨੇ ਉਸ ਨੂੰ ਪਹਾੜ ਤੋਂ ਧੱਕ ਕੇ ਦਰਿਆ ਵਿੱਚ ਸੁੱਟ ਦਿੱਤਾ, ਹਰ ਢੰਗ ਨਾਲ ਮਾਰਨ ਦਾ ਯਤਨ ਕੀਤਾ ਪਰ ਪ੍ਰਭੂ ਨੇ ਉਸ ਦੀ ਰਖਿਆ ਕੀਤੀ।

ਅੰਤ ਹਰਨਾਖ਼ਸ਼ ਦੀ ਭੈਣ ਢੂੰਡਾ (ਹੋਲਿਕਾ) ਜਿਸ ਨੇ ਤਪ ਕਰ ਕੇ ਸ਼ਿਵ ਤੋਂ ਇਕ ਦੁਪੱਟਾ ਪ੍ਰਾਪਤ ਕਰ ਰਖਿਆ ਸੀ, ਜਿਸ ਨੂੰ ਉੱਪਰ ਲੈਣ ਤੋਂ ਬਾਅਦ ਅੱਗ ਉਸ ਉੱਪਰ ਅਸਰ ਨਹੀਂ ਕਰਦੀ ਸੀ। ਹਰਨਾਖਸ਼ ਦੇ ਕਹਿਣ'ਤੇ ਹੋਲਿਕਾ ਆਪਣੇ ਭਣੇਵੇਂ (ਪ੍ਰਹਿਲਾਦ) ਨੂੰ ਗੋਦੀ ਵਿੱਚ ਲੈ ਕੇ ਚਿਖਾ ਵਿੱਚ ਬੈਠ ਗਈ। ਕਰਤੇ ਦੀ ਕਰਨੀ ਕਿ ਵਰ ਵਾਲਾ ਦੁਪੱਟਾ ਹੋਲਿਕਾ ਤੋਂ ਉੱਡ ਕੇ ਪ੍ਰਹਿਲਾਦ'ਤੇ ਜਾ ਪਿਆ। ਹੋਲਿਕਾ ਸੜ ਕੇ ਰਾਖ ਹੋ ਗਈ ਅਤੇ ਪ੍ਰਹਿਲਾਦ ਫਿਰ ਵੀ ਬਚ ਗਿਆ। ਅੰਤ ਅੱਗ ਨਾਲ ਲਾਲ ਕੀਤੇ ਫੌਲਾਦ ਦੇ ਥੰਮ੍ਹ ਨਾਲ ਪ੍ਰਹਿਲਾਦ ਦੇ ਜੱਫਾ ਮਾਰਨ ਸਮੇਂ, ਪ੍ਰਭੂ ਨੇ ਨਰਸਿੰਘ ਰੂਪ ਧਾਰ ਕੇ ਦਹਿਲੀਜ਼ ਵਿੱਚ ਹਰਨਾਖਸ਼ ਨੂੰ ਦੋ ਫਾੜ ਕਰ ਦਿੱਤਾ।

ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਇਸ ਘਟਨਾ ਦਾ ਜ਼ਿਕਰ 16 ਵਾਰ (ਗੁਰੂ ਨਾਨਕ ਜੀ 2 ਵਾਰ, ਭਗਤ ਕਬੀਰ ਜੀ 2 ਵਾਰ, ਭਗਤ ਨਾਮਦੇਵ ਜੀ 2 ਵਾਰ, ਗੁਰੂ ਅਮਰਦਾਸ ਜੀ 4 ਵਾਰ, ਗੁਰੂ ਰਾਮਦਾਸ ਜੀ 3 ਵਾਰ, ਗੁਰੂ ਅਰਜਨ ਜੀ 1 ਵਾਰ, ਭੱਟ ਨਲ ਜੀ 1 ਵਾਰ ਤੇ ਭੱਟ ਗਯੰਦ ਜੀ 1 ਵਾਰ) ਆਇਆ ਹੈ; ਜਿਵੇਂ ਕਿ ਸੰਖੇਪ ਮਾਤਰ:

**ਦੁਰਮਤਿ ਹਰਣਾਖਸੁ ਦੁਰਾਚਾਰੀ ॥**
**ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥**
**ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥**
**(224)**

**ਪ੍ਰਹਿਲਾਦ ਜਨ ਤੁਧੁ ਰਾਖਿ ਲਏ**
**ਹਰਿ ਜੀਉ ਹਰਣਾਖਸੁ ਮਾਰਿ ਪਚਾਇਆ॥**
**(637)**

**ਜੋ ਨਿੰਦਾ ਦੁਸਟ ਕਰਹਿ ਭਗਤਾ ਕੀ**
**ਹਰਨਾਖਸ ਜਿਉ ਪਚਿ ਜਾਵੈਗੋ ॥**
**(1309)**

**ਕੀਨੀ ਰਖਿਆ ਭਗਤ ਪ੍ਰਹਿਲਾਦੈ**
**ਹਰਨਾਖਸ ਨਖਹਿ ਬਿਦਾਰੇ ॥ (999)**
**ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ**
**ਹਰਨਾਖਸੁ ਨਖ ਬਿਦਰਿਓ॥ (856)**
**ਭਗਤ ਹੇਤਿ ਮਾਰਿਓ ਹਰਨਾਖਸੁ**
**ਨਰਸਿੰਘ ਰੂਪ ਹੋਇ ਦੇਹ ਧਰਿਓ ॥**
**(1105)**

ਆਦਿ।

ਇਹ ਘਟਨਾ ਲੋਕਾਈ ਨੂੰ ਇਹ ਸਮਝਾਉਣ ਵਾਸਤੇ ਕਾਫ਼ੀ ਹੈ ਕਿ ਮਨੁੱਖ ਭਾਵੇਂ ਕਿੰਨਾ ਵੀ ਜ਼ਾਲਮ ਜਾਂ ਹੰਕਾਰੀ ਹੋ ਜਾਵੇ, ਪ੍ਰਭੂ ਆਪਣੇ ਪਿਆਰਿਆਂ ਦੀ ਸਦਾ ਲਾਜ ਰਖਦਾ ਹੈ। ਹੋਲੀ ਦੇ ਤਿਉਹਾਰ ਲਈ ਇਸ ਘਟਨਾ ਨੂੰ ਆਧਾਰ ਬਣਾ ਕੇ, ਰਾਤ ਨੂੰ ਹੋਲੀ ਜਲਾਈ ਜਾਂਦੀ ਹੈ ਅਤੇ ਰਾਖ ਨੂੰ ਹੋਲਿਕਾ ਦੀ ਰਾਖ ਮੰਨ ਕੇ ਸਵੇਰੇ ਉਸ ਨੂੰ ਉਡਾਇਆ ਜਾਂਦਾ ਹੈ।

ਲੋਕੀ ਇਕ ਦੂਜੇ 'ਤੇ ਕੇਵਲ ਰੰਗ ਗੁਲਾਲ ਹੀ ਨਹੀਂ ਬਲਕਿ ਚਿੱਕੜ, ਗੋਹਾ, ਲੁੱਕ, ਗੰਦਗੀ, ਮਿੱਟੀ ਦਾ ਤੇਲ ਆਦਿ ਸੁੱਟ ਕੇ ਇਸ ਤਿਉਹਾਰ ਨੂੰ ਬਹੁਤ ਝਗੜੇ ਫਸਾਦ ਨਾਲ ਮਨਾ ਰਹੇ ਹਨ। ਸ਼ਰਾਬਾਂ ਉੱਡਦੀਆਂ ਹਨ ਅਤੇ ਕਈ ਝਗੜੇ ਫਸਾਦ, ਲੜਾਈਆਂ ਤੇ ਕਤਲ ਤੱਕ ਹੁੰਦੇ ਹਨ ਕਿਉਂਕਿ ਸ਼ਰਾਬ ਦੇ ਨਸ਼ੇ ਵਿੱਚ ਕਈ ਵਾਰੀ ਭੂਤਰੇ ਲੋਕ, ਇਸ ਵਿਗੜੇ ਹੋਏ ਵਾਤਾਵਰਣ ਦਾ ਆਪਣੇ ਢੰਗ ਨਾਲ ਪੂਰਾ ਲਾਭ ਉਠਾਉਂਦੇ ਹਨ। ਜਵਾਨ ਬੱਚੀਆਂ ਅਤੇ ਇਸਤ੍ਰੀਆਂ ਨਾਲ ਭੱਦੇ ਮਜ਼ਾਕ ਵੀ ਕੀਤੇ ਜਾਂਦੇ ਹਨ।

ਭਾਰਤ ਵਿੱਚ ਸਭ ਤੋਂ ਵੱਧ ਹੋਲੀ ਬ੍ਰਿਜ, ਮਥੁਰਾ, ਗੋਕੁਲ ਵਿੱਚ ਖੇਡੀ ਜਾਂਦੀ ਹੈ ਅਤੇ ਧਾਰਮਿਕ ਤਿਉਹਾਰ ਦੇ ਬਹਾਨੇ ਅਨੇਕਾਂ ਕਾਮ-ਉਕਸਾਊ, ਅਸ਼ਲੀਲ, ਲੱਜਾਹੀਣ ਖੇਡਾਂ ਖੇਡੀਆਂ ਜਾਂਦੀਆਂ ਹਨ।

ਗੁਰੂ-ਘਰ ਵਿੱਚ ਹੋਲੀ ਦਾ ਤਿਉਹਾਰ ਰੰਗਾਂ-ਗੁਲਾਲਾਂ ਆਦਿ ਦੇ ਢੰਗ ਨਾਲ ਮਨਾਉਣਾ ਪੂਰੀ ਤਰ੍ਹਾਂ ਵਰਜਿਤ ਹੈ। ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬਖ਼ਸ਼ੇ ਸੁੰਦਰ ਕੇਸਾਧਾਰੀ ਸਰੂਪ ਦੀ ਬੇਅਦਬੀ ਕਰਨ ਜਾਂ ਕਰਾਉਣ ਦਾ ਸਾਨੂੰ ਕੋਈ ਅਧਿਕਾਰ ਨਹੀਂ। ਹੋਲੀ ਦੇ ਇਸ ਢੰਗ ਨਾਲ ਗੁਰੂ ਘਰ ਬਿਲਕੁਲ ਸਹਿਮਤ ਨਹੀਂ ਹੋ ਸਕਦਾ।

ਉਚੇਚੇ ਤੌਰ 'ਤੇ ਹੋਲੀ ਦੇ ਦਿਨਾਂ ਵਿੱਚ ਗੁਰੂ ਨਾਨਕ ਪਾਤਸ਼ਾਹ ਮਥੁਰਾ ਵਿੱਚ, ਜੋ ਹੋਲੀਆਂ ਦਾ ਗੜ੍ਹ ਮੰਨਿਆ ਜਾਂਦਾ ਹੈ, ਪੁੱਜੇ। ਉਥੇ ਆਪ ਨੇ ਧਰਮ ਤਿਉਹਾਰ ਦੇ ਪੱਜ, ਲੋਕਾਈ ਵਿੱਚ ਖੇਡੀਆਂ ਜਾ ਰਹੀਆਂ ਅਸਭਿਯ ਖੇਡਾਂ ਤੋਂ ਲੋਕਾਂ ਨੂੰ ਮਨ੍ਹਾ ਕੀਤਾ ਅਤੇ ਸਮਝਾਇਆ ਪਰ ਪਾਂਡਿਆਂ ਨੇ ਇਸ ਨੂੰ ਕਲਜੁੱਗ ਦਾ ਪ੍ਰਭਾਵ ਦੱਸਿਆ। ਉੱਥੇ ਪਾਤਸ਼ਾਹ ਨੇ **ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥** ਵਾਲੇ ਸ਼ਬਦ ਰਾਹੀਂ ਸਮਝਾਇਆ ਕਿ ਸਤਿਯੁੱਗ, ਤ੍ਰੇਤਾ, ਕਲਯੁੱਗ ਆਦਿ ਕੋਈ ਸਮੇਂ ਦੀ ਵੰਡ ਨਹੀਂ। ਇਸ ਤਰ੍ਹਾਂ ਅਖੌਤੀ ਕਲਯੁੱਗ ਦਾ ਪਰਦਾ ਪਾ ਕੇ ਧਾਰਮਿਕ ਆਗੂ ਜਾਂ ਆਮ ਲੋਕਾਈ ਆਪਣੇ ਦੋਸ਼ਾਂ ਤੋਂ ਬਰੀ ਨਹੀਂ ਹੋ ਸਕਦੀ। 'ਨਾਨਕ ਨਾਮੁ ਮਿਲੈ ਵਡਿਆਈ, ਏਦੂ ਉਪਰਿ ਕਰਮੁ ਨਹੀ॥' ਤਾਂ ਤੇ ਲੋੜ ਹੈ ਕਿ ਮਨੁੱਖ ਇੱਕ ਨੇਕ ਪਰਉਪਕਾਰੀ ਮਨੁੱਖ ਬਣੇ ਅਤੇ ਆਪਣੇ ਜੀਵਨ ਨੂੰ ਸਫਲਾ ਕਰੇ। ਹਰ ਇਕ ਗੁਰਸਿੱਖ ਨੂੰ ਇਹ ਸ਼ਬਦ ਪੜ੍ਹਨਾ ਅਤੇ ਸਮਝਣਾ ਚਾਹੀਦਾ ਹੈ।

ਪੰਜਵੇਂ ਪਾਤਸ਼ਾਹ ਨੇ ਹੋਲੀ ਦੌਰਾਨ ਆਪਣੇ ਮੂੰਹ ਸਿਰ ਲਾਲ, ਨੀਲੇ, ਪੀਲੇ ਕਰਨ ਵਾਲੇ ਲੋਕਾਂ ਨੂੰ ਉਪਦੇਸ਼ ਕਰਦਿਆਂ ਫੁਰਮਾਇਆ :

**ਗੁਰੁ ਸੇਵਉ ਕਰਿ ਨਮਸਕਾਰ॥**
**ਆਜੁ ਹਮਾਰੈ ਮੰਗਲਚਾਰ ॥**
**ਆਜੁ ਹਮਾਰੈ ਮਹਾ ਅਨੰਦ॥**
**ਚਿੰਤ ਲਥੀ ਭੇਟੇ ਗੋਬਿੰਦ ॥1॥**
**ਆਜੁ ਹਮਾਰੈ ਗ੍ਰਿਹਿ ਬਸੰਤ॥**
**ਗੁਨ ਗਾਏ ਪ੍ਰਭ ਤੁਮ੍ ਬੇਅੰਤ॥1॥ ਰਹਾਉ॥**
**ਆਜੁ ਹਮਾਰੈ ਬਨੇ ਫਾਗ॥**
**ਪ੍ਰਭ ਸੰਗੀ ਮਿਲਿ ਖੇਲਨ ਲਾਗ ॥**
**ਹੋਲੀ ਕੀਨੀ ਸੰਤ ਸੇਵ॥**
**ਰੰਗੁ ਲਾਗਾ ਅਤਿ ਲਾਲ ਦੇਵ॥2॥**
**(1180)**

ਭਾਵ ਜਦੋਂ ਜੀਵ ਪ੍ਰਭੂ ਪਿਆਰ ਵਿੱਚ ਰੰਗਿਆ ਜਾਂਦਾ ਹੈ ਤਾਂ ਮਾਨੋਂ ਉਸ ਦੇ ਘਰ ਸਦਾ ਹੀ ਖੇੜਾ ਤੇ ਬਸੰਤ ਰੁੱਤ ਹੁੰਦੀ ਹੈ। ਇਸ ਵਾਸਤੇ ਦੁਨੀਆਂ ਦੇ ਲੋਕੋ ! ਜੇਕਰ ਤੁਸੀਂ ਇਸ ਫੱਗਣ ਦੇ ਮਹੀਨੇ ਵਿੱਚ ਹੋਲੀ ਦਾ ਅਨੰਦ ਮਾਣਨਾ ਹੈ ਤਾਂ ਪ੍ਰਭੂ ਪਿਆਰਿਆਂ ਦੀ ਸੰਗਤ ਵਿੱਚ ਆਓ ਅਤੇ ਰੱਬੀ ਨਾਮ ਮਸਤੀ ਵਾਲਾ ਪੱਕਾ ਲਾਲ ਰੰਗ ਤੁਹਾਡੇ ਮਨ 'ਤੇ ਚੜ੍ਹੇਗਾ। ਇਹੀ ਸਾਡੇ ਵਾਸਤੇ ਹੋਲੀ ਹੋਣੀ ਚਾਹੀਦੀ ਹੈ।


ਗੁਰੂ ਪਾਤਸ਼ਾਹ ਨੇ ਹੋਲੀ ਦੇ ਨਾਂ ਨਾਲ ਵਿਰੋਧ ਨਹੀਂ ਕੀਤਾ ਬਲਕਿ ਉਸ ਦੇ ਅਰਥ ਹੀ ਨਿਰੋਏ ਕਰ ਦਿੱਤੇ ਹਨ ਜਾਂ ਦੂਜੇ ਸ਼ਬਦਾਂ ਵਿੱਚ ਗੁਰੂ-ਆਸ਼ੇ ਅਨੁਸਾਰ ਚੱਲਣ ਵਾਲਿਆਂ ਨੂੰ ਰੰਗ, ਗੁਲਾਲਾਂ, ਚਿੱਕੜਾਂ ਵਾਲੀ ਹੋਲੀ ਤੋਂ ਪੂਰੀ ਤਰ੍ਹਾਂ ਵਰਜਿਆ ਅਤੇ ਰੱਬੀ ਨਾਮ ਬਾਣੀ ਦੇ ਅਭਿਆਸ ਵੱਲ ਹੋਰ ਦ੍ਰਿੜ੍ਹ ਕੀਤਾ ਹੈ। ਦਸਵੇਂ ਪਾਤਸ਼ਾਹ ਨੇ ਵੀ ਹੋਲੀਆਂ ਦੇ ਸਮੇਂ 'ਤੇ ਗੁਰਸਿੱਖਾਂ ਵਿੱਚ ਸ਼ਸਤਰ ਅਭਿਆਸ ਆਰੰਭ ਕਰ ਕੇ ਹੋਲੇ ਮਹੱਲੇ ਦਾ ਨਵਾਂ ਤਿਉਹਾਰ ਬਖ਼ਸ਼ਿਆ। ਅੱਜ ਇਸ ਮੌਕੇ 'ਤੇ ਅਨੰਦਪੁਰ ਸਾਹਿਬ ਵਿਖੇ ਜੋ ਰੰਗ ਗੁਲਾਲ ਉਡਾਏ ਜਾਂਦੇ ਹਨ, ਸਾਨੂੰ ਇਸ ਪੱਖੋਂ ਸੰਭਲਣ ਦੀ ਲੋੜ ਹੈ।

ਗੁਰੂ ਨਾਨਕ ਪਾਤਸ਼ਾਹ ਤੋਂ ਦਸਵੇਂ ਪਾਤਸ਼ਾਹ ਜੀ ਤੱਕ ਇੱਕ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਦੋਂ ਗੁਰੂ ਸਾਹਿਬਾਨ ਨੇ ਆਪ ਜਾਂ ਉਨ੍ਹਾਂ ਦੇ ਸਿੱਖਾਂ ਨੇ 239 ਵਰ੍ਹਿਆਂ ਵਿੱਚ ਕੋਈ ਹੋਲੀ ਖੇਡੀ ਹੋਵੇ। ਜਿਹੜੇ ਗੁਰੂ ਕੇ ਲਾਲ, ਆਪਣੀ ਹੂੜ ਮੱਤ ਜਾਂ ਅਗਿਆਨਤਾ ਕਾਰਨ ਹੋਲੀਆਂ ਵਿੱਚ ਸ਼ਾਮਲ ਹੋ ਕੇ ਪਾਤਸ਼ਾਹ ਦੇ ਬਖ਼ਸ਼ੇ ਸੁੰਦਰ ਸ਼ੇਰਾਂ ਵਾਲੇ ਸਰੂਪ ਦੀ ਬੇਅਦਬੀ ਕਰਦੇ ਹਨ, ਉਨ੍ਹਾਂ ਨੂੰ ਆਪਣੀ ਕਰਨੀ ਵੱਲ ਧਿਆਨ ਦੇਣਾ ਚਾਹੀਦਾ ਹੈ ਬਲਕਿ ਇਸ ਤੋਂ ਅੱਗੇ ਜਾਦਿਆਂ ਲੋਕਾਈ ਨੂੰ ਕੱਚੀਆਂ ਹੋਲੀਆਂ ਵਿੱਚੋਂ ਕੱਢ ਕੇ ਗੁਰਬਾਣੀ ਦੀ ਨਿਰਲੇਪ ਰੰਗਤ ਵਿੱਚ ਲਿਆਉਣ ਦਾ ਯਤਨ ਕਰਨਾ ਚਾਹੀਦਾ ਹੈ।

-0-

ਬਾਬਾ ਬਘੇਲ ਸਿੰਘ ਵਲੋਂ ਦਿੱਲੀ ਫਤਹਿ ਦਿਵਸ ’ਤੇ ਵਿਸ਼ੇਸ਼

# ਸਿੰਘਾਂ ਨਾਲ ਪੰਗਾ ਲੈਣ ਵਾਲੇ ਤਖ਼ਤ ਨੂੰ, ਸਿੰਘ ਜਿੱਤਦੇ ਹੀ ਨਹੀਂ ਸਗੋਂ ਜੜ੍ਹੋਂ ਪੁੱਟਦੇ ਵੀ ਰਹੇ ਹਨ...



ਕਰੋੜਸਿੰਘੀਆ ਮਿਸਲ ਦੇ ਮੁਖੀ ਬਾਬਾ ਬਘੇਲ ਸਿੰਘ ਵੱਲੋਂ ਜਦੋਂ ਪੰਜਾਬ ਦੇ ਸਾਰੇ ਸਰਦਾਰਾਂ ਨੂੰ ਦਿੱਲੀ ਫ਼ਤਹਿ ਕਰਨ ਦਾ ਸੁਨੇਹਾ ਮਿਲਿਆ ਤਾਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ, ਜੱਸਾ ਸਿੰਘ ਆਹਲੂਵਾਲੀਆ ਵਰਗੇ ਸਾਰੇ ਸਰਦਾਰਾਂ ਨੇ ਦਿੱਲੀ ਫ਼ਤਹਿ ਕਰਨ ਲਈ ਕੂਚ ਕਰ ਦਿੱਤਾ। ਸੰਨ 1783 ਦੇ ਮਾਰਚ ਦਾ ਮਹੀਨਾ ਸੀ ਅਤੇ ਬਸੰਤ ਰੁੱਤ ਅੰਗੜਾਈ ਲੈ ਰਹੀ ਸੀ। ਓਧਰ ਦਿੱਲੀ ਫ਼ਤਹਿ ਕਰਨ ਦਾ ਚਾਅ ਸਿੰਘਾਂ ਅੰਦਰ ਠਾਠਾਂ ਮਾਰ ਰਿਹਾ ਸੀ। ਖਾਲਸਾ ਫ਼ੌਜਾਂ ਪੰਜਾਬ ਤੋਂ ਦਿਨ ਰਾਤ ਚੱਲ ਕੇ ਦਿੱਲੀ ਦੇ ਕੋਲ ਪਹੁੰਚ ਗਈਆਂ। ਦਿੱਲੀ ਤੋਂ ਕੁਝ ਦੂਰ ਸਾਰੇ ਸਰਦਾਰ ਇਕੱਠੇ ਹੋਏ ਅਤੇ ਇਥੇ ਹੀ ਬਾਬਾ ਬਘੇਲ ਸਿੰਘ ਵੀ ਉਨ੍ਹਾਂ ਨਾਲ ਆ ਮਿਲੇ।

ਸੰਨ 1783 ਦੀ 8 ਮਾਰਚ ਨੂੰ ਕਰੀਬ 40 ਹਜ਼ਾਰ ਦੀ ਖਾਲਸਾ ਫ਼ੌਜ ਨੇ ਦਿੱਲੀ ’ਤੇ ਚੜ੍ਹਾਈ ਕਰ ਦਿੱਤੀ ਅਤੇ ਸਿੱਖ ਰਾਹ ਦੇ ਸਾਰੇ ਇਲਾਕੇ ਨੂੰ ਸਰ ਕਰਦੇ ਦਿੱਲੀ ਦੇ ਪਾਸ ਟਿੱਲਾ ਮਜਨੂੰ ’ਤੇ ਜਾ ਪੁੱਜੇ ਅਤੇ ਅਜਮੇਰੀ ਦਰਵਾਜ਼ੇ ਵਲੋਂ ਅੰਦਰ ਜਾ ਕੇ ਸ਼ਹਿਰ ਦੇ ਕਈ ਬਜ਼ਾਰਾਂ ’ਤੇ ਆਪਣਾ ਪਹਿਰਾ ਲਾ ਦਿੱਤਾ। ਸਿੰਘ ਕਟੜਾ ਨੀਲਾ ਤੇ ਮੁਗਲ ਮੁਹੱਲੇ ਵਿੱਚ ਜਾ ਪਹੁੰਚੇ। ਦਿੱਲੀ ਦੇ ਲੋਕ ਸਿੰਘਾਂ ਨੂੰ ਦੇਖ ਕੇ ਨੱਸ ਪਏ। ਸ਼ਾਮ ਤੱਕ ਸਿੰਘ ਲਾਲ ਕਿਲ੍ਹੇ ਨੂੰ ਘੇਰ ਚੁੱਕੇ ਸਨ ਅਤੇ ਕਸ਼ਮੀਰੀ ਗੇਟ ਦੇ ਬਾਹਰ ਹਜ਼ਾਰਾਂ ਸਿੱਖ ਫ਼ੌਜਾਂ ਖੜ੍ਹੀਆਂ ਸਨ। ਸਿੰਘਾਂ ਨੇ ਗੇਟ ਤੋੜਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਨਾਕਾਮ ਰਹੇ। ਅਖੀਰ 9 ਮਾਰਚ 1783 ਦੇ ਦਿਨ ਸਿੱਖ ਫ਼ੌਜਾਂ ਨੇ ਤੋਪਾਂ ਨਾਲ ਕਿਲ੍ਹੇ ਦੀ ਕੰਧ ਦਾ ਇੱਕ ਹਿੱਸਾ ਉੱਡਾ ਦਿੱਤਾ ਤੇ ਇਸ ਮਘੋਰੇ (ਮੋਰੀ) ਰਾਹੀਂ ਕਿਲ੍ਹੇ ਵਿੱਚ ਦਾਖਲ ਹੋ ਗਏ। ਅੱਜ ਵੀ ਇਸ ਇਲਾਕੇ ਨੂੰ ਮੋਰੀ ਗੇਟ ਕਹਿੰਦੇ ਹਨ।

ਖਾਲਸਾ ਫ਼ੌਜਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਬਾਬਾ ਬਘੇਲ ਸਿੰਘ, ਰਾਏ ਸਿੰਘ ਦੀ ਅਗਵਾਈ ਵਿੱਚ ਲਾਲ ਕਿਲ੍ਹੇ ਦੇ ਅੰਦਰ ਦਾਖਲ ਹੋਈਆਂ। ਲਾਲ ਕਿਲ੍ਹੇ ਉੱਪਰ ਹੁਣ ਖਾਲਸਾਈ ਨਿਸ਼ਾਨ ਝੁਲ ਚੁੱਕਾ ਸੀ। ਸਿੰਘ ਨੇ ਦਿੱਲੀ ਤਖ਼ਤ ਉੱਪਰ ਕਬਜ਼ਾ ਕਰ ਲਿਆ। ਇਸ ਮੌਕੇ ’ਤੇ ਜਰਨੈਲਾਂ ਨੇ ਦਲ ਖਾਲਸਾ ਦਾ ਮੁਖੀ ਹੋਣ ਦੇ ਨਾਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਲੀ ਤਖ਼ਤ ’ਤੇ ਬੈਠਨ ਲਈ ਕਿਹਾ ਪਰ ਉਨ੍ਹਾਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਸਿੱਖਾਂ ਵਿੱਚ ਅਜਿਹੇ ਬਾਦਸ਼ਾਹ ਦਾ ਕੋਈ ਸਿਧਾਂਤ ਨਹੀਂ ਹੈ। ਇਸ ਕਰਕੇ ਕੋਈ ਵੀ ਉਸ ਤਖ਼ਤ ’ਤੇ ਬੈਠਣ ਨੂੰ ਤਿਆਰ ਨਾ ਹੋਇਆ। ਹਾਲਾਂਕਿ ਕਿ ਕੁਝ ਇਤਿਹਾਸਕਾਰ ਲਿਖਦੇ ਹਨ ਜੱਸਾ ਸਿੰਘ ਆਹਲੂਵਾਲੀਆ ਦਿਲੀ ਦੇ ਤਖ਼ਤ ਉੱਪਰ ਬੈਠੇ ਸਨ ਇਸੇ ਕਰਕੇ ਉਨ੍ਹਾਂ ਨੂੰ ਬਾਦਸ਼ਾਹ ਕਿਹਾ ਜਾਂਦਾ ਹੈ।

ਦਿੱਲੀ ਤਖ਼ਤ ਉੱਪਰ ਸਿੱਖਾਂ ਦਾ ਕਬਜ਼ਾ ਹੋ ਜਾਣ ਨਾਲ ਮੁਗਲ ਬਾਦਸ਼ਾਹ ਸ਼ਾਹ ਆਲਮ ਨੂੰ ਹੱਥਾਂ ਪੈਰਾਂ ਦੀ ਪੈ ਗਈ। ਮਿਰਜ਼ਾ ਗੌਹਰ ਅਲੀ ਸ਼ਾਹ ਸਾਨੀ ਨੇ ਵਜ਼ੀਰ ਆਜ਼ਮ ਨੂੰ ਸੱਦ ਕੇ ਆਖਿਆ ਕਿ ਜਿਸ ਤਰਾਂ ਹੋ ਸਕੇ ਸਿੱਖਾਂ ਦੇ ਹੱਥੋਂ ਜਾਨ ਛੁਡਾਓ। ਸਰਦਾਰ ਬਘੇਲ ਸਿੰਘ ਨੂੰ ਸੱਦਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਖਾਲਸਾ ਤੁਹਾਡਾ ਮੁਲਕ ਨਹੀਂ ਖੋਹਣਾ ਚਾਹੁੰਦਾ। ਤੁਸੀਂ ਜ਼ੁਲਮ ਕਰਨਾ ਛੱਡ ਦੇਵੋ, ਇਥੇ ਜਿਹੜੇ-ਜਿਹੜੇ ਸਿੰਘਾਂ ਦੇ ਗੁਰਦੁਆਰੇ ਹਨ, ਬਣਾ ਦੇਵੋ ਤੇ ਖਾਲਸੇ ਨੂੰ ਹਰਜਾਨਾ ਦੇ ਦੇਵੋ, ਇਹ ਵਾਪਸ ਚਲਾ ਜਾਣਗੇ। ਸਿਮਰੂ ਬੇਗਮ ਜਿਸਦਾ ਬਾਦਸ਼ਾਹ ’ਤੇ ਬਹੁਤ ਵਸੀਕਾਰ ਸੀ, ਇਹ ਗੱਲ ਉਹਦੇ ਦਿਲ ਲੱਗੀ ਤੇ ਉਸਨੇ ਵਜ਼ੀਰ ਆਜ਼ਮ ਨੂੰ ਸੱਦ ਕੇ ਬਘੇਲ ਸਿੰਘ ਨੂੰ ਬਿਠਾ ਕੇ ਫੈਸਲਾ ਕਰਾ ਦਿੱਤਾ। ਫੈਸਲਾ ਇਹ ਹੋਇਆ ਕਿ:-

1. ਖਾਲਸੇ ਨੂੰ ਤਿੰਨ ਲੱਖ ਰੁਪਿਆ ਹਰਜਾਨਾ ਦਿੱਤਾ ਜਾਵੇ।

2. ਸ਼ਹਿਰ ਦੀ ਕੋਤਵਾਲੀ ਤੇ ਚੁੰਗੀ ਵਸੂਲ ਕਰਨ ਦਾ ਕੰਮ ਸਰਦਾਰ ਬਘੇਲ ਸਿੰਘ ਦੇ ਅਧੀਨ ਕਰ ਦਿੱਤਾ ਜਾਵੇ।

3. ਜਦ ਤੱਕ ਗੁਰਦੁਆਰਿਆਂ ਦੀ ਸੇਵਾ ਨਾ ਹੋ ਜਾਵੇ ਸਰਦਾਰ ਬਘੇਲ ਸਿੰਘ 4000 ਸਵਾਰਾਂ ਨਾਲ ਇਥੇ ਰਹਿਣਗੇ।

ਇਹ ਸ਼ਰਤਾਂ ਦੋਵਾਂ ਧਿਰਾਂ ਨੇ ਮਨਜ਼ੂਰ ਕਰ ਲਈਆਂ। ਕੁਝ ਚਿਰ ਮਗਰੋਂ ਹੀ ਬਾਦਸ਼ਾਹ ਨੇ ਦਿੱਲੀ ਦੀ ਚੁੰਗੀ ਵਿੱਚੋਂ 6 ਆਨੇ (ਸਾਢੇ 37 ਫੀਸਦੀ) ਹਿੱਸੇ ਦੇਣੇ ਮੰਨ ਕੇ ਉਨ੍ਹਾਂ ਨੂੰ ਭੇਜ ਦਿੱਤਾ। ਇਸ ਮੌਕੇ ’ਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਕਿਹਾ ਕਿ ਜੇ ਅਸੀਂ ਦਿੱਲੀ ਦੇ ਤਖ਼ਤ ’ਤੇ ਨਹੀਂ ਬੈਠਣਾ ਤਾਂ ਅਸੀਂ ਇਸ ਤਖ਼ਤ ਦਾ ਥੜਾ ਪੁੱਟ ਕੇ ਯਾਦਗਾਰ ਵਜੋਂ ਅੰਮ੍ਰਿਤਸਰ ਲੈ ਕੇ ਜਾਵਾਂਗੇ ਤਾਂ ਜੋ ਤਵਾਰੀਖ਼ ਵਿੱਚ ਯਾਦ ਰਹੇ ਕਿ ਕਦੇ ਦਿੱਲੀ ਦਾ ਤਖ਼ਤ ਵੀ ਸਿੱਖਾਂ ਦੇ ਕਦਮਾਂ ਹੇਠ ਰਿਹਾ ਸੀ ਅਤੇ ਇਸ ਦੀ ਸਿੱਲ ਹਮੇਸ਼ਾਂ ਸਿੱਖਾਂ ਦੇ ਪੈਰਾਂ ਹੇਠ ਰਹੇਗੀ। ਤਖ਼ਤ ਵਾਲੀ ਇਹ ਸਿੱਲ ਜੱਸਾ ਸਿੰਘ ਰਾਮਗੜ੍ਹੀਆ ਆਪਣੇ ਬੁੰਗੇ ਵਿੱਚ ਲੈ ਗਿਆ ਜੋ ਅੱਜ ਵੀ ਓਥੇ ਮੌਜੂਦ ਹੈ।

ਦਿੱਲੀ ਵਿਖੇ ਜਿਸ ਥਾਂ ’ਤੇ ਖਾਲਸਾ ਫੌਜਾਂ ਠਹਿਰੀਆਂ ਸਨ ਉਸ ਵਕਤ ਓਨਾਂ ਦੀ ਗਿਣਤੀ ਤੀਹ ਹਜ਼ਾਰ ਸੀ। ਅੱਜ ਵੀ ਉਸ ਥਾਂ ਨੂੰ ਤੀਸ ਹਜ਼ਾਰੀ ਵਜੋਂ ਜਾਣਿਆ ਜਾਂਦਾ ਹੈ। ਦਿੱਲੀ ਦਾ ਹਾਈ ਕੋਰਟ ਤੀਸ ਹਜ਼ਾਰੀ ਵਿੱਚ ਹੀ ਹੈ। ਏਵੇਂ ਹੀ ਜਿਸ ਪੁਲ ’ਤੇ ਜਿੱਤ ਦੀ ਖੁਸ਼ੀ ਵਿੱਚ ਸਿੱਖ ਫ਼ੌਜੀਆਂ ਨੇ ਮਿਠਾਈ ਵੰਡੀ ਸੀ ਉਸ ਦਾ ਨਾਮ ਅੱਜ ਵੀ ‘ਪੁਲ ਮਿਠਾਈ’ ਵਜੋਂ ਜਾਣਿਆ ਜਾਂਦਾ ਹੈ।

ਸਮਝੌਤੇ ਤਹਿਤ ਖਾਲਸਾ ਫ਼ੌਜਾਂ ਪੰਜਾਬ ਨੂੰ ਵਾਪਸ ਮੁੜ ਆਈਆਂ ਅਤੇ ਬਾਬਾ ਬਘੇਲ ਸਿੰਘ ਗੁਰਦੁਆਰਿਆਂ ਦੀ ਉਸਾਰੀ ਲਈ ਓਥੇ ਰੁਕ ਗਏ। ਬਾਬਾ ਬਘੇਲ ਸਿੰਘ ਨੇ ਦਿੱਲੀ ਵਿਖੇ ਰਹਿ ਕੇ ਗੁਰੂ ਸਾਹਿਬ ਨਾਲ ਸਬੰਧਤ ਥਾਵਾਂ ’ਤੇ ਯਾਦਗਾਰਾਂ ਬਣਾਉਣ ਵਾਸਤੇ ਜ਼ਮੀਨ ਲੈ ਲਈ। ਬਾਬਾ ਬਘੇਲ ਸਿੰਘ ਨੇ ਗੁਰਦੁਆਰਾ ਸੀਸ ਗੰਜ, ਰਕਾਬ ਗੰਜ, ਬੰਗਲਾ ਸਾਹਿਬ, ਬਾਲਾ ਸਾਹਿਬ, ਦਮਦਮਾ ਸਾਹਿਬ, ਮੋਤੀ ਬਾਗ ਆਦਿ ਦੀ ਉਸਾਰੀ ਕਰਵਾਈ ਅਤੇ ਸਿੰਘਾਂ ਨੂੰ ਸੇਵਾ ਸੰਭਾਲ ਲਈ ਨਿਯੁਕਤ ਕੀਤਾ।

ਗੁਰਦੁਆਰਿਆਂ ਦੀ ਉਸਾਰੀ ਮਗਰੋਂ ਸਰਦਾਰ ਬਘੇਲ ਸਿੰਘ ਨੇ ਬਾਦਸ਼ਾਹ

ਬਾਕੀ ਸਫ਼ਾ 19 ’ਤੇ

ਭਾਈ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ ਦੇ ਸ਼ਹੀਦੀ ਦਿਹਾੜੇ ’ਤੇ ਵਿਸ਼ੇਸ਼

# ਸ਼ਹੀਦ ਭਾਈ ਸੁਬੇਗ ਸਿੰਘ ਜੀ ਸ਼ਾਹਬਾਜ਼ ਸਿੰਘ ਜੀ

-ਗੁਰਮਤਿ ਵਿਰਸਾ ਬਿਊਰੋ

**ਸਰਦਾਰ** ਸੁਬੇਗ ਸਿੰਘ ਜੀ ਪਿੰਡ ਜੰਬਰ ਜ਼ਿਲ੍ਹਾ ਲਾਹੌਰ ਦੇ ਵਸਨੀਕ ਸਨ। ਉਹ ਚੰਗੇ ਰਸੂਖ ਵਾਲੇ ਜ਼ਿਮੀਂਦਾਰ ਤੇ ਸਰਕਾਰੀ ਠੇਕੇਦਾਰ ਤੇ ਫ਼ਾਰਸੀ ਦੇ ਚੰਗੇ ਵਿਦਵਾਨ ਸਨ। ਲਾਹੌਰ ਦਾ ਸੂਬਾ ਜ਼ਕਰੀਆ ਖ਼ਾਨ ਉਹਨਾਂ ਦੀ ਇਜ਼ਤ ਕਰਦਾ ਸੀ। ਉਹਨਾਂ ਨੇ ਉਸ ਦੇ ਕਈ ਕੰਮ ਸਵਾਰੇ ਸਨ ਅਤੇ ਕਈ ਮੌਕਿਆਂ ਤੇ ਉਸ ਦੀ ਕਦਰ ਯੋਗ ਸੇਵਾ ਸਹਾਇਤਾ ਕੀਤੀ ਸੀ। ਉਨ੍ਹਾਂ ਵਿਚੋਂ ਇਕ ਖਾਸ ਕਥਨ-ਯੋਗ ਹੈ।

ਸੰਨ 1733 ਵਿਚ ਜ਼ਕਰੀਆ ਖ਼ਾਨ ਨੇ ਦਿੱਲੀ ਦੇ ਬਾਦਸ਼ਾਹ ਨੂੰ ਲਿਖਿਆ ਕਿ ਅਸੀਂ ਸਿੱਖਾਂ ਉਪਰ ਵੱਧ ਤੋਂ ਵੱਧ ਸਖ਼ਤੀ ਕਰਕੇ ਵੇਖ ਲਈ ਹੈ, ਪਰ ਵਸ ਵਿਚ ਨਹੀਂ ਆਉਂਦੇ, ਇਹ ਮੁਕਦੇ ਵੀ ਨਹੀਂ ਅਤੇ ਆਪਣੇ ਕਾਰਿਆਂ ਤੋਂ ਰੁਕਦੇ ਤੇ ਹਟਦੇ ਵੀ ਨਹੀਂ। ਮੇਰੀ ਤਜ਼ਵੀਜ ਹੈ ਕਿ ਇਹਨਾਂ ਨਾਲ ਨਰਮੀ ਵਾਲਾ ਸਲੂਕ ਕਰ ਕੇ ਵੇਖ ਲਈਏ। ਇਸ ਖ਼ਿਆਲ ਨਾਲ ਉਹਨਾਂ ਨੂੰ ਜਾਗੀਰ ਦਿੱਤੀ ਜਾਵੇ ਅਤੇ ਉਹਨਾਂ ਦੇ ਜੱਥੇਦਾਰ ਨੂੰ ਨਵਾਬ ਦਾ ਖ਼ਿਤਾਬ ਦਿੱਤਾ ਜਾਵੇ। ਦਿੱਲੀ ਦੇ ਬਾਦਸ਼ਾਹ ਨੇ ਇਹ ਸਲਾਹ ਮੰਨ ਲਈ। ਅੰਤ ਜ਼ਕਰੀਆ ਖ਼ਾਨ ਨੇ ਸਰਦਾਰ ਸੁਬੇਗ ਸਿੰਘ ਜੀ ਨੂੰ ਆਪਣਾ ਵਕੀਲ ਬਣਾ ਕੇ ਭੇਜਿਆ ਤਾਂ ਜੋ ਖ਼ਾਲਸੇ ਨਾਲ ਗੱਲਬਾਤ ਤੇ ਸਮਝੌਤਾ ਕੀਤਾ ਜਾਵੇ ਤੇ ਸਿੰਘਾਂ ਨੂੰ ਪੇਸ਼ਕਸ਼ ਕੀਤੀ ਜਾਵੇ, ਜਦੋਂ ਸਰਦਾਰ ਸਾਹਿਬ ਖ਼ਾਲਸੇ ਪਾਸ ਪੁਜੇ, ਜੋ 1733 ਵਿਸਾਖੀ ਸਮੇਂ ਅਕਾਲ ਤਖ਼ਤ ਸਾਹਿਬ ਤੇ ਜੁੜਿਆ ਹੋਇਆ ਸੀ ਤਾਂ ਖ਼ਾਲਸੇ ਵੱਲੋਂ ਉਹਨਾਂ ਨੂੰ ਪਹਿਲਾਂ ਤਨਖਾਹ ਲਾਈ ਗਈ, ਕਿਉਂਕਿ ਉਹ ਸਰਕਾਰ ਨੂੰ ਮਿਲਵਰਤਨ ਦੇ ਰਹੇ ਸਨ। ਉਹਨਾਂ ਨੇ ਸਰਕਾਰ ਵੱਲੋਂ ਨਵਾਬੀ, ਦਿਆਲਪੁਰ, ਕੰਗਣਪੁਰ ਤੇ ਝਬਾਲ ਦੇ ਪਰਗਨਿਆਂ ਦੀ ਜਗੀਰ, ਜਿਸ ਦੀ ਆਮਦਨ ਇਕ ਲੱਖ ਰੁਪਿਆ ਸਲਾਨਾ ਸੀ ਅਤੇ ਕੀਮਤੀ ਖ਼ਿੱਲਅਤ (ਪੁਸ਼ਾਕ) ਖ਼ਾਲਸੇ ਅੱਗੇ ਪੇਸ਼ ਕੀਤੀ। ਖ਼ਾਲਸੇ ਵਲੋਂ ਜੱਥੇਦਾਰ ਦੀਵਾਨ ਦਰਬਾਰਾ ਸਿੰਘ ਜੀ ਨੇ ਕਿਹਾ ਸਾਨੂੰ ਸਤਿਗੁਰਾਂ ਦਾ ਫ਼ੁਰਮਾਣ ਹੈ ਕਿ ਖ਼ਾਲਸਾ ਰਾਜ ਕਰੇਗਾ। ਅਸੀਂ ਆਪ ਰਾਜ ਜਿਤਾਂਗੇ।ਕਿਸੇ ਦੀ ਦਿੱਤੀ ਹੋਈ ਨਵਾਬੀ ਕਿਉਂ ਲਈਏ? ਪਰ ਸਰਦਾਰ ਸੁਬੇਗ ਸਿੰਘ ਜੀ ਦੇ ਕਹਿਣ-ਕਹਾਉਣ ਅਤੇ ਜ਼ੋਰ ਦੇਣ ਉਤੇ ਪ੍ਰਵਾਨ ਕਰਨੀ ਮੰਨ ਲਈ। ਪਹਿਲਾਂ ਦੀਵਾਨ ਦਰਬਾਰਾ ਸਿੰਘ ਜੀ ਨੂੰ ਜੋ ਸਿਰ ਕੱਢ ਜੱਥੇਦਾਰ ਸੀ, ਨਵਾਬੀ ਲੈਣ ਲਈ ਕਿਹਾ ਗਿਆ। ਉਹਨਾਂ ਨੇ ਨਾਂਹ ਕਰ ਦਿੱਤੀ। ਕਈਆਂ ਹੋਰਨਾਂ ਨੂੰ ਕਿਹਾ ਗਿਆ, ਪਰ ਕੋਈ ਨਵਾਬੀ ਤੇ ਲੱਖ ਰੁਪਏ ਦੀ ਜਾਗੀਰ ਲੈਣੀ ਨਾ ਮੰਨੇ। ਅਖੀਰ ਵਿਚ ਸਰਦਾਰ ਸੁਬੇਗ ਸਿੰਘ ਜੀ ਨੇ ਕਿਹਾ ਖ਼ਾਲਸਾ ਜੀ ! ਇਹ ਕਿਸੇ ਸੇਵਾਦਾਰ ਨੂੰ ਬਖਸ਼ ਦਿਓ, ਮੋੜੋ ਨਾ। ਉਸ ਵੇਲੇ ਸ੍ਰ. ਕਪੂਰ ਸਿੰਘ ਫੈਜ਼ਲਪੁਰੀਆ ਸੰਗਤਾਂ ਨੂੰ ਪੱਖਾ ਝੱਲ ਰਿਹਾ ਸੀ। ਉਹ ਖ਼ਾਲਸੇ ਦੇ ਤਬੇਲਿਆਂ ਦੀ ਲਿੱਦ ਹੂੰਝਣ ਅਤੇ ਘੋੜਿਆਂ ਦੇ ਦਾਣੇ ਪਾਣੀ ਦੀ ਸੇਵਾ ਕਰਦਾ ਹੁੰਦਾ ਸੀ। ਨਵਾਬੀ ਤੇ ਜਾਗੀਰ ਉਸ ਨੂੰ ਦਿੱਤੀ ਗਈ। ਉਸਨੇ ਕਿਹਾ, ਜੀਅ ਤਾਂ ਮੇਰਾ ਨਹੀਂ ਕਰਦਾ ਪਰ ਜੇ ਖ਼ਾਲਸਾ ਬਖਸ਼ਿਸ਼ ਕਰਦਾ ਹੈ, ਤਾਂ ਹਾਜ਼ਰ ਹਾਂ, ਪਰ ਪਹਿਲਾਂ ਇਸ ਸਨਦ ਤੇ ਖ਼ਿੱਲਅਤ ਨੂੰ ਪੰਜ ਸਿੰਘਾਂ ਦੇ ਚਰਨਾਂ ਨੂੰ ਛੁਹਾ ਦਿਓ।ਭਾਈ ਸੁਬੇਗ ਸਿੰਘ ਜੀ ਦੀ ਬੇਨਤੀ ਪ੍ਰਵਾਨ ਹੋਈ ਤੇ



ਨਵਾਬੀ ਉਸ ਸਮੇਂ ਸੰਗਤਾਂ ਨੂੰ ਪੱਖਾ ਝੱਲ ਰਹੇ ਸ੍ਰ. ਕਪੂਰ ਸਿੰਘ ਜੀ ਨੂੰ ਦੇ ਦਿੱਤੀ ਗਈ।

ਭਾਈ ਸੁਬੇਗ ਸਿੰਘ ਜੀ ਦੇ ਵਾਪਸ ਲਾਹੌਰ ਆਉਣ ਤੇ ਜ਼ਕਰੀਆ ਖ਼ਾਨ ਨੇ ਉਹਨਾਂ ਦਾ ਬਹੁਤ ਧੰਨਵਾਦ ਕੀਤਾ। ਉਨ੍ਹਾਂ ਦਾ ਜ਼ਕਰੀਆ ਖ਼ਾਨ ਤੇ ਇਹ ਬਹੁਤ ਵੱਡਾ ਅਹਿਸਾਨ ਸੀ। ਇਸ ਤੋਂ ਛੁੱਟ ਹੋਰ ਵੀ ਕਈ ਮੌਕਿਆਂ ਤੇ ਸ੍ਰ. ਸੁਬੇਗ ਸਿੰਘ ਜੀ ਨੇ ਜ਼ਕਰੀਆ ਖ਼ਾਨ ਦੇ ਯੋਗ ਕੰਮ ਸਵਾਰੇ ਸਨ।

ਹਕੂਮਤ ਤੇ ਸਿੰਘਾਂ ਵਿਚਾਲੇ ਕੁਝ ਚਿਰ ਸੁਲ੍ਹਾ ਰਹੀ। ਹਕੂਮਤ ਮੁੱਕਰ ਗਈ ਤੇ ਜ਼ਕਰੀਆ ਖ਼ਾਨ ਨੇ ਫਿਰ ਸਿੰਘਾਂ ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ। ਸਿੰਘ ਚੰਗੇ ਮੌਕੇ ਦੀ ਭਾਲ ਵਿਚ ਮੁੜ ਜੰਗਲਾਂ ਨੂੰ ਤੁਰ ਗਏ।

ਸ੍ਰ. ਸੁਬੇਗ ਸਿੰਘ ਜੀ ਦਾ ਹੋਣਹਾਰ ਲੜਕਾ ਸ਼ਾਹਬਾਜ਼ ਸਿੰਘ ਲਾਹੌਰ ਦੇ ਇਕ ਮਦਰੱਸੇ (ਸਕੂਲ) ਵਿਚ ਕਾਜ਼ੀ ਪਾਸੋਂ ਫ਼ਾਰਸੀ ਵਿਦਿਆ ਹਾਸਲ ਕਰਦਾ ਸੀ। ਜਦੋਂ ਇਹ ਬੱਚਾ 18 ਵਰ੍ਹਿਆਂ ਦਾ ਹੋਇਆ, ਤਾਂ ਬੜਾ ਸੁੰਦਰ ਗੱਭਰੂ ਹੋ ਨਿਕਲਿਆ। ਕਾਜ਼ੀ ਇਸ ਬੱਚੇ ਦੇ ਡੀਲ ਡੌਲ, ਆਚਰਣ ਤੇ ਲਿਆਕਤ ਤੋਂ ਬਹੁਤ ਪ੍ਰਭਾਵਿਤ ਸੀ। ਮਨ ਹੀ ਮਨ ਕਾਜ਼ੀ ਸੋਚਣ ਲੱਗਾ, ਕਿਉਂ ਨਾਂ ਇਸ ਲੜਕੇ ਨੂੰ ਇਸਲਾਮ ਧਰਮ ਵਿਚ ਲਿਆ ਕੇ ਆਪਣੀ ਸੁੰਦਰ ਲੜਕੀ ਨਾਲ ਇਸ ਲੜਕੇ ਦਾ ਨਿਕਾਹ ਕਰ ਕੇ ਇਸ ਨੂੰ ਆਪਣਾ ਜਵਾਈ ਬਣਾ ਲਵਾਂ। ਇਸ ਮੰਤਵ ਦੀ ਪੂਰਤੀ ਲਈ ਹੌਲੀ ਹੌਲੀ ਕਾਜ਼ੀ ਨੇ ਸ਼ਾਹਬਾਜ਼ ਸਿੰਘ ਨੂੰ ਇਸਲਾਮ ਧਰਮ ਦੀਆਂ ਖ਼ੂਬੀਆਂ ਦੱਸ-ਦੱਸ ਕੇ ਇਸਲਾਮ ਧਰਮ ਵਲ ਪ੍ਰੇਰਨਾ ਆਰੰਭਿਆ। ਸ਼ਾਹਬਾਜ਼ ਸਿੰਘ ਭਾਵੇਂ ਇਸਲਾਮੀ ਵਾਤਾਵਰਣ ਵਿਚ ਵਿਦਿਆ ਹਾਸਲ ਕਰ ਰਿਹਾ ਸੀ, ਪਰ ਉਸਨੂੰ ਬਚਪਨ ਤੋਂ ਹੀ ਮਾਤਾ ਪਿਤਾ ਨੇ ਸਿੱਖ ਧਰਮ ਦੇ ਸੁੰਦਰ ਅਸੂਲ, ਉੱਤਮ ਵਿਚਾਰਧਾਰਾ ਤੇ ਸਿੱਖ ਗੁਰੂ ਸਾਹਿਬਾਨ ਦੇ ਕਮਾਲ ਦੇ ਜੀਵਨ ਕਾਰਨਾਮਿਆਂ ਤੋਂ ਜਾਣੂ ਕਰਵਾਉਣਾ ਆਰੰਭ ਦਿੱਤਾ ਸੀ। ਗੱਭਰੂ ਹੋਣ ਤੱਕ ਉਸਨੂੰ ਨਾ ਸਿਰਫ ਆਪਣੇ ਧਰਮ ਬਾਰੇ ਹੀ ਪੂਰੀ ਜਾਣਕਾਰੀ ਸੀ, ਸਗੋਂ ਹਿੰਦੂ ਮਤ ਤੇ ਇਸਲਾਮ ਮਤ ਬਾਰੇ ਵੀ ਉਸਨੂੰ ਬਥੇਰਾ ਕੁਝ ਪਤਾ ਸੀ। ਉਸ ਨੂੰ ਮਾਣ ਸੀ ਆਪਣੇ ਸਿੱਖ ਹੋਣ ਤੇ, ਉਸ ਨੂੰ ਮਾਣ ਸੀ ਆਪਣੇ ਸੁਨਹਿਰੀ ਸਿੱਖ ਇਤਿਹਾਸ ਤੇ, ਉਹ ਪੰਜਵੇਂ, ਨੌਵੇਂ ਗੁਰੂ ਸਾਹਿਬਾਨ ਤੇ ਹੋਰ ਸਿੱਖ ਸ਼ਹੀਦਾਂ ਦਾ ਸ਼ਹੀਦੀ ਇਤਿਹਾਸ ਬੜੇ ਸ਼ੌਕ ਨਾਲ ਆਪਣੇ ਮਾਤਾ ਪਿਤਾ ਤੋਂ ਸੁਣਿਆ ਕਰਦਾ ਸੀ। ਜਦੋਂ ਕਾਜ਼ੀ, ਇਸਲਾਮ ਧਰਮ ਦੇ ਗੁਣਾਂ ਦੀ ਗੱਲ ਛੇੜਦਾ ਤਾਂ ਸ਼ਾਹਬਾਜ਼ ਸਿੰਘ ਇਸਲਾਮ ਤੋਂ ਕਿਤੇ ਵਧ ਕੇ ਸਿੱਖ ਧਰਮ ਦੇ ਗੁਣਾਂ ਦਾ ਵਰਣਨ ਕਰਨ ਲੱਗ ਪੈਂਦਾ। ਕਾਜ਼ੀ ਦੇ ਰੋਜ਼ ਦੇ ਇਸਲਾਮ ਧਰਮ ਦੀਆਂ ਤਾਰੀਫਾਂ ਦੇ ਚਰਚੇ ਕਾਰਨ ਸ਼ਾਹਬਾਜ਼ ਸਿੰਘ ਹੋਰ ਵੀ ਸੁਚੇਤ ਰਹਿਣ ਲੱਗ ਪਿਆ ਤੇ ਮਦਰੱਸੇ ਵਿਚ ਹੋਈਆਂ ਕਾਜ਼ੀ ਨਾਲ ਗੱਲਾਂ ਬਾਤਾਂ ਦਾ ਜ਼ਿਕਰ ਉਹ ਘਰ ਆ ਕੇ ਮਾਤਾ-ਪਿਤਾ ਨਾਲ ਕਰ ਦਿੰਦਾ ਰਿਹਾ।

ਜਦੋਂ ਕਾਫ਼ੀ ਸਮੇਂ ਦੀ ਪ੍ਰੇਰਨਾ ਮਗਰੋਂ ਕਾਜ਼ੀ ਨੂੰ ਆਪਣੇ ਕੁਟਿਲ ਮੰਤਵ ਵਿਚ ਸਫ਼ਲਤਾ ਪ੍ਰਾਪਤ ਹੁੰਦੀ ਨਾ ਦਿਸੀ ਤਾਂ ਉਸ ਨੇ ਪੈਂਤੜਾ ਬਦਲਿਆ ਤੇ ਹੁਣ ਡਰ ਡਰਾਵੇ ਤੋਂ ਕੰਮ ਲੈਣ ਲੱਗਾ। ਉਸ ਨੇ ਸ਼ਾਹਬਾਜ਼

ਸਿੰਘ ਨੂੰ ਕਿਹਾ, " ਜੇ ਤੂੰ ਇਸਲਾਮ ਧਰਮ ਗ੍ਰਹਿਣ ਕਰਕੇ ਮੇਰਾ ਜਵਾਈ ਬਣਨਾ ਕਬੂਲ ਕਰ ਲਵੇਂ ਤਾਂ ਠੀਕ ਹੈ, ਨਹੀਂ ਤਾਂ ਮੈਂ ਤੇਰੇ ਵਿਰੁੱਧ ਸ਼ਿਕਾਇਤ ਕਰਕੇ ਤੈਨੂੰ ਮਰਵਾ ਦਿਆਂਗਾ।"

ਜਦੋਂ ਸ਼ਾਹਬਾਜ਼ ਸਿੰਘ ਨੂੰ ਕਾਜ਼ੀ ਦੇ ਡਰਾਵੇ ਵੀ ਇਸਲਾਮ ਧਰਮ ਵਿਚ ਲਿਆਉਣ ਵਿਚ ਕਾਮਯਾਬ ਨਾ ਹੋ ਸਕੇ ਤਾਂ ਕਾਜ਼ੀ ਨੇ ਗਵਰਨਰ ਯਹੀਆ ਖ਼ਾਨ ਪਾਸ ਇਹ ਸ਼ਿਕਾਇਤ ਪਹੁੰਚਾਈ ਕਿ ਸ਼ਾਹਬਾਜ਼ ਸਿੰਘ ਨੇ ਇਸਲਾਮ ਧਰਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਲਈ ਬਹੁਤ ਭੱਦੇ ਸ਼ਬਦ ਵਰਤੇ ਹਨ ਅਤੇ ਇਹ ਇਸਲਾਮ ਧਰਮ ਵਿਚ ਕਈ ਨੁਕਸ ਦੱਸਦਾ ਹੈ।

ਯਹੀਆ ਖ਼ਾਨ ਦੇ ਕੰਨ ਕਾਜ਼ੀ ਨੇ ਇੰਨੇ ਭਰੇ ਕਿ ਉਹ ਸਰਦਾਰ ਸੁਬੇਗ ਸਿੰਘ ਦੁਆਰਾ ਕੀਤੇ ਗਏ ਉਸ ਦੇ ਪਿਤਾ ਸੂਬਾ ਜ਼ਕਰੀਆ ਖ਼ਾਨ ਉੱਪਰ ਅਹਿਸਾਨਾਂ ਨੂੰ ਮੂਲੋਂ ਹੀ ਭੁੱਲ ਗਿਆ। ਮਜ਼ਬੀ ਪਾਗਲ-ਪੁਣੇ ਦੀ ਅੱਗ ਨੇ ਪਿਛਲੀ ਸੇਵਾ ਸਹਾਇਤਾ ਸਭ ਭੁਲਾ ਦਿੱਤੀ। ਉਹਨਾਂ ਵਿਰੁੱਧ ਦੋਸ਼ ਘੜਿਆ ਗਿਆ ਕਿ ਇਹ ਸਰਕਾਰ ਦੇ ਵੈਰੀ ਹਨ।

ਦੋਹਾਂ ਪਿਓ ਪੁੱਤਰਾਂ ਨੂੰ ਜੇਲ੍ਹ ਦੀਆਂ ਅਲੱਗ ਅਲੱਗ ਕਾਲ ਕੋਠੜੀਆਂ ਵਿਚ ਬੰਦ ਕਰ ਦਿੱਤਾ ਗਿਆ। ਇਸਲਾਮੀ ਕਾਨੂੰਨ ਦਾ ਇਹ ਹਾਲ ਸੀ ਕਿ ਗੈਰ ਮੁਸਲਿਮ ਧਰਮ ਵਾਲਿਆਂ ਨੂੰ ਸਰਕਾਰੋਂ ਇਨਸਾਫ਼ ਮਿਲਣ ਦੀ ਕੋਈ ਆਸ ਨਹੀਂ ਸੀ ਹੁੰਦੀ। ਜਾਨ ਬਚ ਸਕਦੀ ਸੀ ਤਾਂ ਕੇਵਲ ਉਹਨਾਂ ਦੀ, ਜਿਹੜੇ ਆਪਣੇ ਧਰਮ ਨੂੰ ਛੱਡ ਕੇ ਮੁਸਲਮਾਨ ਬਣਨਾ ਮੰਨ ਲੈਣ। ਸਿੱਖਾਂ ਲਈ ਤਾਂ ਉਸ ਸਮੇਂ ਸ਼ਹਿਰਾਂ ਵਿਚ ਰਹਿਣਾ ਵੀ ਅਸੰਭਵ ਜਿਹੀ ਗੱਲ ਸੀ।

ਕਾਲ ਕੋਠੜੀ ਵਿਚ ਬੰਦ ਕੀਤੇ ਹੋਏ ਸ਼ਾਹਬਾਜ਼ ਸਿੰਘ ਨੂੰ ਕਿਹਾ, "ਤੇਰੇ ਪਿਤਾ ਨੂੰ ਕਤਲ ਕਰ ਦਿੱਤਾ ਗਿਆ ਹੈ। ਹੁਣ ਤੂੰ ਮੁਸਲਮਾਨ ਬਣ ਜਾ ਤੇ ਆਪਣੀ ਜਾਨ ਬਚਾ ਲੈ। ਕਿਉਂ ਆਪਣੀ ਜੁਆਨੀ ਵਿਅਰਥ ਗੁਆਉਂਦਾ ਹੈ?" ਉਧਰ ਸੁਬੇਗ ਸਿੰਘ ਨੂੰ ਅਲੱਗ ਤੌਰ ਤੇ ਕਿਹਾ ਗਿਆ, "ਤੇਰਾ ਲੜਕਾ ਸ਼ਾਹਬਾਜ਼ ਸਿੰਘ ਮੁਸਲਮਾਨ ਹੋਣਾ ਮੰਨ ਗਿਆ ਹੈ। ਇਸ ਲਈ ਤੂੰ ਵੀ ਮੁਸਲਮਾਨ ਹੋਣਾ ਮੰਨ ਜਾ, ਸਿੱਖੀ ਨੂੰ ਛੱਡ ਦੇ।" ਇਸ ਝੂਠੇ ਪ੍ਰਾਪੇਗੰਡੇ ਦੇ ਬਾਵਜੂਦ ਦੋਵੇਂ ਸਿੰਘ ਸਿੱਖੀ ਸਿਦਕ ਵਿਚ ਦ੍ਰਿੜ ਰਹੇ ਤੇ ਆਉਣ ਵਾਲੇ ਕਠਿਨ ਇਮਤਿਹਾਨ ਦੀ ਤਿਆਰੀ ਕਰਨ ਲੱਗੇ। ਹਰ ਸਮੇਂ ਬਾਣੀ ਪੜ੍ਹਦੇ। ਸਿੱਖ ਸ਼ਹੀਦਾਂ ਦੇ ਕਾਰਨਾਮੇ ਚੇਤੇ ਕਰਦੇ ਤੇ ਗੁਰੂ ਚਰਨਾਂ ਦਾ ਧਿਆਨ ਧਰਕੇ ਅਰਦਾਸ ਕਰਦੇ"ਹੇ ਸੱਚੇ ਪਾਤਸ਼ਾਹ ਸਾਨੂੰ ਬਲ ਬਖਸ਼ੀਂ ਤਾਂ ਜੋ ਅਸੀਂ ਵੀ ਆਪਣੇ ਵੀਰਾਂ ਵਾਗੂੰ ਹੱਸ ਹੱਸ ਜਾਨਾਂ ਵਾਰ ਜਾਈਏ,ਪਰ ਸਿੱਖੀ ਸਿਦਕ ਤੋਂ ਡੋਲੀਏ ਨਾ।"

ਸ੍ਰ. ਸੁਬੇਗ ਸਿੰਘ ਨੂੰ ਕਿਹਾ ਗਿਆ ਕਿ ਮੁਸਲਮਾਨ ਹੋ ਜਾਓ, ਨਹੀਂ ਤਾਂ ਮਾਰੇ ਜਾਓਗੇ। ਉਹਨਾਂ ਨੇ ਧਰਮ ਛਡਣੋਂ ਨਾਂਹ ਕਰ ਦਿੱਤੀ। ਕੁਝ ਕੁ ਨਿਕਟਵਰਤੀਆਂ ਨੇ ਸ੍ਰ. ਸੁਬੇਗ ਸਿੰਘ ਜੀ ਨੂੰ ਕਿਹਾ, ਹੋਰ ਨਹੀਂ ਤਾਂ ਆਪਣੇ ਬੱਚੇ ਨੂੰ ਬਚਾ ਕੇ ਕੁਲ ਦਾ ਨਿਸ਼ਾਨ ਤਾਂ ਕਾਇਮ ਰੱਖ ਲਓ ਤਾਂ ਭਾਈ ਸਾਹਿਬ ਨੇ ਡਟ ਕੇ ਜੁਆਬ ਦਿਤਾ:

**ਸਿਖਨ ਕਾਜ ਸੁ ਗੁਰੂ ਸਵਾਰੇ,**
**ਸੀਸ ਦੀਓ ਨਿਜ ਸਣ ਪ੍ਰਵਾਰੇ॥**
**ਹਮ ਕਾਰਨ ਗੁਰ ਕੁਲਹਿ ਗਵਾਈ,**
**ਹਮ ਕੁਲ ਰਾਖੈ ਕੌਣ ਬਡਾਈ॥**

**ਭਾਵ:** ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸਾ ਪੰਥ ਜੀਉਂਦਾ ਰੱਖਣ ਲਈ ਸਾਰੇ ਪਰਿਵਾਰ ਨੂੰ ਸ਼ਹੀਦ ਕਰਵਾਇਆ ਹੈ ਤੇ ਮੈਂ ਆਪਣੀ ਕੁਲ ਬਚਾਉਣ ਲਈ ਪੁੱਤਰ ਨੂੰ ਧਰਮ ਤਿਆਗਣ ਲਈ ਕਹਾਂ, ਇਸ ਵਿਚ ਕੀ ਵਡਿਆਈ ਹੈ? ਸ਼ਾਹੀ ਕਾਜ਼ੀ ਨੇ ਸ੍ਰ. ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਜੀ ਦੇ ਮੂੰਹੋਂ ਕੋਰਾ ਉੱਤਰ ਸੁਣ ਕੇ ਉਹਨਾਂ ਨੂੰ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ। ਉਸ ਨੂੰ ਚਰਖੜੀ ਤੇ ਚਾੜ੍ਹ ਕੇ ਗੇੜਿਆ ਗਿਆ। ਅੱਤ ਦਾ ਦੁਖ ਹੋਇਆ ਪਰ ਸ੍ਰ. ਸੁਬੇਗ ਸਿੰਘ ਜੀ ਨੇ ਸਿਦਕ ਨਾ ਹਾਰਿਆ। "ਚਰਖੜੀ ਚਾੜ੍ਹ ਫਿਰ ਬਹੁਤ ਘੁਮਾਇਆ। ਵਾਹਿਗੁਰੂ ਤਿਨ ਨਾਹਿ ਭੁਲਾਇਆ।" ਫਿਰ ਉਹਨਾਂ ਦੇ ਪੁਤਰ ਸ੍ਰ. ਸ਼ਾਹਬਾਜ਼ ਸਿੰਘ ਨੂੰ ਉਹਨਾਂ ਦੇ ਰੂ-ਬ-ਰੂ ਚਰਖੜੀ ਤੇ ਚਾੜ੍ਹਿਆ ਤੇ ਚਰਖੜੀ ਨੂੰ ਗੇੜਿਆ ਗਿਆ। ਦੋਵੇਂ ਚਰਖੜੀਆਂ ਚਲਦੀਆਂ ਗਈਆਂ। ਗੁਰੂ ਦੇ ਸਿੱਖ ਕਸ਼ਟ ਝੱਲਦੇ ਤੇ " ਅਕਾਲ ਅਕਾਲ" ਕਹਿੰਦੇ ਰਹੇ। ਕੁਝ ਚਿਰ ਮਗਰੋਂ ਚਰਖੜੀਆਂ ਖਲਿਹਾਰ ਕੇ ਉਹਨਾਂ ਪਾਸੋਂ ਪੁਛਿਆ ਜਾਂਦਾ ਸੀ ਕਿ, ਕੀ ਤੁਸੀਂ ਇਸਲਾਮ ਕਬੂਲ ਕਰਨ ਨੂੰ ਤਿਆਰ ਹੋ? ਉਹ ਦੋਵੇਂ ਹੀ ਡਟ ਕੇ "ਨਹੀਂ" ਕਹਿੰਦੇ ਰਹੇ। ਚੋਖਾ ਚਿਰ ਇਉਂ ਹੁੰਦਾ ਰਿਹਾ। ਚਰਖੜੀਆਂ ਨਾਲ ਤਿੱਖੀਆਂ ਛੁਰੀਆਂ ਲੱਗੀਆਂ ਹੋਈਆਂ ਸਨ। ਯਹੀਆ ਖ਼ਾਨ, ਸ਼ਾਹੀ ਕਾਜ਼ੀ ਤੇ ਲੋਕਾਈ ਦੇ ਵੇਖਦਿਆਂ ਉਹ ਗਿੜਦੀਆਂ ਗਈਆਂ, "ਅਕਾਲ-ਅਕਾਲ" ਦੀਆਂ ਆਵਾਜ਼ਾਂ ਸਹਿਜੇ-ਸਹਿਜੇ ਬੰਦ ਹੋ ਗਈਆਂ। ਦੋਵੇਂ ਪਿਓ ਪੁੱਤਰ ਹੱਸ ਹੱਸ ਕੇ ਸ਼ਹੀਦੀਆਂ ਪਾ ਸਾਹਿਬ ਕਲਗੀਧਰ ਪਿਤਾ ਜੀ ਦੀ ਗੋਦ ਵਿਚ ਜਾ ਬਿਰਾਜੇ। ਇਹ ਸਾਕਾ 25 ਮਾਰਚ 1746 ਦਾ ਹੈ।

ਇਸ ਘਟਨਾ ਕਾਰਨ ਲਾਹੌਰ ਦੇ ਸ਼ਹਿਰੀਆਂ ਵਿਚ, ਜਿਹੜੇ ਕਿ ਸ੍ਰ. ਸੁਬੇਗ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਨ, ਰੋਹ ਦੀ ਲਹਿਰ ਦੌੜ ਗਈ। ਉਹਨਾਂ ਵਿਚੋਂ ਕਈਆਂ ਨੇ ਇਹ ਖਬਰ ਨੇੜੇ ਦੇ ਜੰਗਲਾਂ ਵਿਚ ਵਿਚਰਦੇ ਸਿੰਘਾਂ ਪਾਸ ਜਾ ਪਹੁੰਚਾਈ। ਬਸ ਫਿਰ ਕੀ ਸੀ, ਸਿੰਘਾਂ ਦੇ ਜੱਥੇ ਨੇ ਇਹਨਾਂ ਦੋ ਸ਼ਹੀਦਾਂ ਤੇ ਹੋਏ ਜ਼ੁਲਮਾਂ ਦਾ ਲੇਖਾ ਚੁਕਾਉਣ ਲਈ ਰੋਹ ਵਿਚ ਭੁੱਖੇ ਸ਼ੇਰਾਂ ਵਾਗੂੰ ਜੰਗਲਾਂ ਚੋਂ ਨਿਕਲ ਕੇ ਲਾਹੌਰ ਤੇ ਆਣ ਪਏ। ਹਕੂਮਤ ਦੇ ਅਹਿਲਕਾਰਾਂ ਜ਼ਾਲਮ ਹਾਕਮਾਂ ਤੇ ਉਹਨਾਂ ਦੇ ਹਿਮਾਇਤੀਆਂ ਉੱਤੇ ਬਾਜ਼ਾਂ ਵਾਗੂੰ ਝਪਟੇ ਤੇ ਕਈਆਂ ਨੂੰ ਤੇਗਾਂ ਦੇ ਸਪੁਰਦ ਕਰਦੇ ਹੋਏ ਸ਼ਹੀਦਾਂ ਦੇ ਖ਼ੂਨ ਦਾ ਹਿਸਾਬ ਲੈ ਕੇ ਜੰਗਲੀਂ ਜਾ ਵੜੇ।

ਲਾਹੌਰ ਸ਼ਹਿਰ ਵਿਚ ਵਸਦੇ ਨੇਕ ਬੰਦੇ ਕਹਿ ਉਠੇ, "ਰੱਬ ਦੇ ਘਰ ਵਿਚ ਦੇਰ ਹੈ, ਅੰਧੇਰ ਨਹੀਂ। ਇਹ ਜ਼ੁਲਮੀਂ ਰਾਜ ਛੇਤੀ ਮੁੱਕ ਜਾਵੇਗਾ ਤੇ ਉਹ ਦਿਨ ਦੂਰ ਨਹੀਂ ਜਦੋਂ ਜੰਗਲਾਂ ਵਿਚ ਕਸ਼ਟ ਭਰਿਆ ਜੀਵਨ ਜੀਉਂਦੇ ਗੁਰੂ ਕੇ ਸਿੰਘ ਰਾਜ ਕਰਨਗੇ।***

**ਸਫਾ 17 ਦਾ ਬਾਕੀ**

ਨੂੰ ਕਿਹਾ ਕਿ ਹੁਣ ਉਹ ਪੰਜਾਬ ਜਾ ਰਿਹਾ ਹੈ। ਬਾਦਸ਼ਾਹ ਨੇ ਹਾਥੀ ਦੀ ਤੇ ਸੋਨੇ ਦੀ ਇੱਕ ਜ਼ੰਜੀਰ ਤੇ ਪੰਜ ਘੋੜੇ, ਬਹੁਤ ਸਾਰੇ ਤੋਹਫੇ ਤੇ ਇੱਕ ਬਹੁਮੁੱਲਾ ਸਰੋਪਾ ਦੇ ਕੇ ਕਿਹਾ ਕਿ ਪ੍ਰਸੰਨਤਾ ਨਾਲ ਜਾਣਾ।

ਗੱਲਾਂ ਵਿੱਚ ਹੀ ਮੁਗਲ ਬਾਦਸ਼ਾਹ ਨੇ ਬਾਬਾ ਬਘੇਲ ਸਿੰਘ ਨੂੰ ਪੁੱਛ ਲਿਆ ਕਿ ਖਾਲਸੇ ਦੀ ਧਾਕ ਸਾਰੇ ਮੁਲਕ ਵਿੱਚ ਬੈਠ ਗਈ ਹੈ ਅਤੇ ਹਰ ਕੋਈ ਇਨ੍ਹਾਂ ਦਾ ਲੋਹਾ ਮੰਨਦਾ ਹੈ ਪਰ ਇਹ ਅੱਡ-ਅੱਡ ਜਥੇ ਬਣਾ ਕੇ ਰਹਿੰਦੇ ਹਨ ਤੇ ਆਪਸ ਵਿੱਚ ਵੀ ਇੱਕ ਦੂਜੇ ਨਾਲ ਇਨ੍ਹਾਂ ਦੇ ਝਗੜੇ ਹੁੰਦੇ ਰਹਿੰਦੇ ਹਨ, ਇਸਦਾ ਕਾਰਨ ਕੀ ਹੈ? ਸਰਦਾਰ ਬਘੇਲ ਸਿੰਘ ਨੇ ਉੱਤਰ ਵਿੱਚ ਕਿਹਾ ਕਿ ਰਾਏ ਦਾ ਅੱਡਰਾਪਨ ਹੋਣਾ ਸੁਭਾਵਕ ਗੱਲ ਹੈ। ਅਸੀਂ ਘਰ ਵਿੱਚ ਅੱਡ ਹੋ ਸਕਦੇ ਹਾਂ, ਕਿੰਤੂ ਜਦ ਕੌਮ ਦਾ ਸਵਾਲ ਆ ਜਾਏ ਤਦ ਆਪਣੇ ਅੱਡਰੇਪਨ ਭੁੱਲ ਕੇ ਇੱਕ ਦੂਜੇ ਨਾਲੋਂ ਅੱਗੇ ਵੱਧ ਕੇ ਜਾਨ ਦੇਣ ਨੂੰ ਤਿਆਰ ਹੋਵਾਂਗੇ।

ਬਾਦਸ਼ਾਹ ਨੇ ਬਘੇਲ ਸਿੰਘ ਦੀ ਜ਼ੁਬਾਨੀ ਇਹ ਗੱਲ ਸੁਣ ਕੇ ਉਂਗਲੀ ਦੰਦਾਂ ਵਿੱਚ ਲੈ ਲਈ ਤੇ 5000 ਰੁਪਏ ਕੜਾਹ ਪ੍ਰਸ਼ਾਦ ਲਈ ਦੇ ਕੇ ਸਰਦਾਰ ਸਾਹਿਬ ਨੂੰ ਰੁਖਸਤ ਕੀਤਾ। ਬਘੇਲ ਸਿੰਘ ਆਪਣੇ ਸਾਥੀਆਂ ਸਮੇਤ ਦਿੱਲੀ ਤੋਂ ਚੱਲ ਕੇ ਆਪਣੇ ਨਿਵਾਸ ਅਸਥਾਨ ਛਲੌਦੀ ਵਿੱਚ ਅਪੜ ਕੇ ਇਲਾਕੇ ਦਾ ਪ੍ਰਬੰਧ ਕਰਨ ਲੱਗਾ। ਜਦ ਤੱਕ ਬਾਬਾ ਬਘੇਲ ਸਿੰਘ ਜਿਉਂਦਾ ਰਿਹਾ ਦਿੱਲੀ ਸ਼ਹਿਰ ਦੀ ਚੁੰਗੀ ਦਾ ਚੌਥਾ ਹਿੱਸਾ ਘਰ ਬੈਠਿਆਂ ਹੀ ਉਸ ਪਾਸ ਅਪੜਦਾ ਰਿਹਾ।

ਖਾਲਸੇ ਵਲੋਂ ਦਿੱਲੀ ਫ਼ਤਹਿ ਕਰਨ ਦਾ ਇਹ ਮਾਣਮੱਤਾ ਕਾਰਨਾਮਾ ਹਮੇਸ਼ਾਂ ਖਾਲਸੇ ਦਾ ਸੀਨਾ ਮਾਣ ਨਾਲ ਚੌੜਾ ਕਰਦਾ ਰਹੇਗਾ। ਦਿੱਲੀ ਦਾ ਹੰਕਾਰਿਆ ਹੋਇਆ ਤਖ਼ਤ ਅੱਜ ਵੀ ਸਿੱਖਾਂ ਦੇ ਪੈਰਾਂ ਹੇਠ ਹੈ ਅਤੇ ਦਿੱਲੀ ਨੂੰ ਇਹ ਕਦੀ ਨਹੀਂ ਭੁੱਲਣਾ ਚਾਹੀਦਾ ਕਿ ਸਿੰਘਾਂ ਨਾਲ ਪੰਗਾ ਲੈਣ ਵਾਲੇ ਤਖ਼ਤ ਨੂੰ ਸਿੱਖ ਜਿੱਤਦੇ ਹੀ ਨਹੀਂ ਸਗੋਂ ਜੜ੍ਹੋਂ ਵੀ ਪੁੱਟ ਦਿੰਦੇ ਹਨ। -0-

# ਖੋਰਿਆ ਜਾ ਰਿਹਾ ਸਾਡਾ ਪੰਜਾਬ

-ਕੁਲਵੰਤ ਕੌਰ (ਡਾ.) 98156-20515

**ਪੰਜਾਬੀਆਂ ਨਾਲ ਵਿਤਕਰਿਆਂ ਦੀ ਸੂਚੀ ਬੇਗਾਨਿਆਂ ਨਾਲੋਂ ਵੀ ਆਪਣਿਆਂ ਵਲੋਂ ਵਧੇਰੇ ਲੰਮੀ ਕੀਤੀ ਗਈ ਹੈ ਪਰ ਅੱਜ ਦੇ ਨੀਤੀ ਘਾੜਿਆਂ ਤੇ ਸਰਕਾਰ ਨੂੰ ਇਸ ਦੀ ਅਸਲ ਰਮਜ਼ ਸਮਝ ਕੇ, ਅਤੀਤ ਦੀਆਂ ਹੋਛੀਆਂ ਤੇ ਮਾਰੂ ਨੀਤੀਆਂ 'ਤੇ ਕਲਮ ਫੇਰ ਕੇ ਨਵੇਂ ਦਿਸਹੱਦੇ ਉਲੀਕਣੇ ਜ਼ਰੂਰੀ ਹਨ। ਪੰਜਾਬ ਨੂੰ ਬਚਾਉਣ ਲਈ ਫੌਰੀ ਤੌਰ 'ਤੇ ਕਦਮ ਚੁੱਕਣੇ ਬੇਹੱਦ ਜ਼ਰੂਰੀ ਹਨ। ਕੁਝ ਖਾਸ ਭਲਾਈ ਸਕੀਮਾਂ, ਕੁਝ ਵਿਸ਼ੇਸ਼ ਰਿਆਇਤਾਂ, ਹੋਰਨਾਂ ਸੂਬਿਆਂ ਵਾਂਗ ਬਰਾਬਰੀ ਦਾ ਸਲੂਕ ਤੇ ਸਰਹੱਦੀ ਸੂਬੇ ਵਾਲੀਆਂ ਬੇਸ਼ੁਮਾਰ ਔਕੜਾਂ ਦੇ ਮੱਦੇਨਜ਼ਰ ਕੁਝ ਉਚੇਚੇ ਕਦਮ ਚੁੱਕੇ ਬਿਨਾ ਡੇਗਿਆ ਗਿਆ ਸਾਡਾ ਪੰਜਾਬ ਉੱਠ ਕੇ ਖੜ੍ਹਾ ਨਹੀਂ ਹੋ ਸਕਦਾ। ਇਸ ਦੀ ਰੋਲੀ ਮਧੋਲੀ ਤੇ ਮੂੰਹ ਜ਼ੋਰ ਹੋ ਚੁਕੀ ਜਵਾਨੀ ਨੂੰ ਸਾਂਭਣ ਲਈ ਜੰਗੀ ਪੱਧਰ 'ਤੇ ਕੌਂਸਲਿੰਗ, ਯੁਵਕ ਕੈਂਪ ਅਤੇ ਸਹਾਇਤਾ ਕੇਂਦਰ ਸਥਾਪਿਤ ਕਰਕੇ ਸਮੇਂ ਦੀ ਲੋੜ ਹੈ।**

ਸਾਢੇ ਕੁ ਪੰਜ ਸੌ ਵਰ੍ਹੇ ਪਹਿਲਾਂ, ਹਿੰਦੁਸਤਾਨ ਦੇ ਭੂ ਮੰਡਲ ਵਿਚ ਪ੍ਰਕਾਸ਼ਮਾਨ ਹੋਏ ਇਕ ਅਨੂਠੇ ਸੂਰਜ ਦੀ ਬਦੌਲਤ, ਇੱਥੇ ਰੱਬੀ ਪ੍ਰਕਾਸ਼ ਦੇ ਹੜ੍ਹ ਆ ਗਏ। ਸਾਰਾ ਦੇਸ਼ ਇਸ ਦੀ ਪਵਿੱਤਰ ਰੋਸ਼ਨੀ ਵਿਚ ਸਰਾਬੋਰ ਹੋ ਉੱਠਿਆ। ਜ਼ਾਲਮ ਕੰਬ ਉੱਠੇ। ਬਾਬਰ ਨੂੰ ਵੰਗਾਰਨ ਵਾਲੀ ਇਕ ਮਹਾਨ ਨੂਰਾਨੀ ਹਸਤੀ ਨੇ ਇਸ ਪੂਰੇ ਮਹਾਂਦੀਪ ਨੂੰ ਜੀਵਤ ਕਰ ਦਿੱਤਾ - ਪਾਪਾਂ, ਪਾਪੀਆਂ, ਪਾਖੰਡੀਆਂ, ਪਾਜੀਆਂ ਤੇ ਸੜੀਆਂ ਗਲੀਆਂ ਕਦਰਾਂ ਕੀਮਤਾਂ ਨੂੰ ਜੱਫੀ ਪਾਈ ਬੈਠੇ ਦੰਭੀਆਂ ਨੂੰ ਕਾਂਬੇ ਛਿੜ ਗਏ। ਮਨੁੱਖੀ ਬਰਾਬਰੀ, ਏਕਤਾ, ਅਖੰਡਤਾ, ਸਾਂਝੀਵਾਲਤਾ, ਜ਼ੋਰ-ਜ਼ੁਲਮ, ਛੂਆ ਛੂਤ, ਕਰਮ ਕਾਂਡਾਂ, ਤੰਤਰ ਮੰਤਰਾਂ, ਸ਼ਖ਼ਸੀ ਆਜ਼ਾਦੀ ਅਤੇ ਨਾਰੀ-ਸਨਮਾਨ ਦੇ ਪ੍ਰਸੰਗ ਵਿਚ ਨਵੇਂ ਅਧਿਆਏ, ਪ੍ਰਕਰਣ ਅਤੇ ਵਿਚਾਰ ਜੱਗ ਜ਼ਾਹਿਰ ਹੋਏ - ਢਾਈ ਸਦੀਆਂ ਨਿਰੰਤਰ ਇਹ ਦੈਵੀ ਚਸ਼ਮੇ ਵਗਦੇ ਰਹੇ, ਖ਼ਲਕਤ ਟੁੱਬੀਆਂ ਲਾਉਂਦੀ ਰਹੀ ਤੇ ਜ਼ਾਲਮ ਪਰੇਸ਼ਾਨ ਹੋ ਕੇ ਆਪਣੀ ਆਈ 'ਤੇ ਉੱਤਰਦੇ ਰਹੇ। ਕੁਰਬਾਨੀਆਂ ਤੇ ਜ਼ੁਲਮ ਦੀ ਬਰਾਬਰ ਟੱਕਰ ਚੱਲੀ ਪਰ 'ਕੂੜਿ ਨਿਖੁਟੇ ਨਾਨਕਾ ਓੜਕਿ ਸਚੁ ਰਹੀ' ਦੇ ਮਹਾਂਵਾਕ ਅਨੁਸਾਰ ਕਹਿਰ ਦੇ ਜ਼ੁਲਮਾਂ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੀ ਆਮਦ ਨੇ ਇਕ ਨਵਾਂ ਸੂਰਜ ਉਦੈਮਾਨ ਕਰ ਦਿੱਤਾ। ਮਿਸਲ-ਰਾਜ 'ਚ ਲਾਲ ਕਿਲ੍ਹੇ ਦੀ ਫ਼ਤਹਿ, ਮਹਾਰਾਜਾ ਰਣਜੀਤ ਸਿੰਘ ਦੀਆਂ ਲਾਸਾਨੀ ਜਿੱਤਾਂ, ਸਰਦਾਰ ਨਲੂਏ ਤੇ ਅਕਾਲੀ ਫੂਲਾ ਸਿੰਘ ਜੀ ਦੀਆਂ ਬੇਸ਼ਕੀਮਤੀ ਦੇਣਾਂ ਤੇ ਉਪਰੰਤ ਪੰਜਾਬੀਆਂ (ਸਿੱਖਾਂ) ਦਾ ਪੂਰੇ ਬ੍ਰਹਿਮੰਡ ਵਿਚ ਇਤਿਹਾਸਕ ਯੋਗਦਾਨ ਕਿਸ ਤੋਂ ਛੁਪਿਆ ਹੋਇਆ ਹੈ ਭਲਾ ? ਪ੍ਰੋ. ਪੂਰਨ ਸਿੰਘ ਨੂੰ ਜੇਕਰ ਇਸ ਪੰਜਾਬ ਵਿਚ ਨੂਰਾਨੀ ਵਾਸ ਅਤੇ ਗੁਰਮਤਿ ਦੇ ਦਰਿਆ ਵਗਦੇ ਦਿਸੇ ਤਾਂ ਹੀ ਉਸ ਨੇ ਲਿਖਿਆ ਸੀ ਕਿ 'ਪੰਜਾਬ ਸਾਰਾ ਜਿਉਂਦਾ ਗੁਰਾਂ ਦੇ ਨਾਂ 'ਤੇ।' ਇਹੀ ਨਹੀਂ, ਪ੍ਰੋ. ਮੋਹਨ ਸਿੰਘ ਨੂੰ ਇਹ ਭਾਰਤ ਰੂਪੀ ਮੁੰਦਰੀ ਵਿਚਲਾ ਸੁੱਚਾ 'ਨਗ', ਟੈਗੋਰ ਨੂੰ ਸਾਰੇ ਦੇਸ਼ ਦਾ ਮੁਹਰਲਾ ਸੂਬਾ, ਚਾਤ੍ਰਿਕ ਤੇ ਸ਼ਰਫ ਹੁਰਾਂ ਨੂੰ ਇਕ ਨਾਯਾਬ ਤੇ ਖ਼ੂਬਸੂਰਤ ਧਰਤੀ। ਆਪਣੀ ਵਿਸ਼ਾਲਤਾ, ਬ੍ਰਹਿਮੰਡੀ ਵਿਚਾਰਧਾਰਾ, ਨਿਆਮਤਾਂ ਤੇ ਗੁਰਮਤਿ ਦੀ ਫੈਲੀ ਵਿਆਪਕ ਚਾਦਰ ਕਰਕੇ ਕਦੇ ਉੱਤਰੀ ਭਾਰਤ ਦਾ ਇਹ ਖਿੱਤਾ ਪੂਰੇ ਦੇਸ਼ ਦੇ ਨਕਸ਼ੇ ਦਾ ਸ਼ਿੰਗਾਰ ਕਿਹਾ ਜਾ ਸਕਦਾ ਸੀ ਪਰ ਅੱਜ ਇਹ ਕਿੱਥੇ ਪਹੁੰਚਾ ਦਿੱਤਾ ਗਿਆ ਹੈ? ਇਸ ਦੀ ਅਜੋਕੀ ਹਾਲਤ ਬੇਹੱਦ ਤ੍ਰਾਹੁਣੀ, ਭਿਆਨਕ, ਸਾਹ ਸੂਤਵੀਂ ਤੇ ਨਿਰਾਸ਼ਾਜਨਕ ਹੈ ਜਿਸ ਬਾਰੇ ਵਿਚਾਰ ਕਰਨਾ ਹਰ ਦਰਦਮੰਦ ਪੰਜਾਬੀ ਲਈ ਜ਼ਰੂਰੀ ਹੈ।

ਅੱਜ ਪੰਜਾਬ ਉਂਞ ਵੀ ਪੰਜਾਬ ਨਹੀਂ ਰਿਹਾ। ਗੁਰਾਂ ਦੇ ਨਾਂ 'ਤੇ ਵੱਸਣ ਵਾਲਾ ਤਾਂ ਬਿਲਕੁਲ ਹੀ ਨਹੀਂ ਰਿਹਾ- ਪੰਜਾਬ ਹੈ ਅੱਜ ਨਸ਼ੇੜੀਆਂ ਦਾ ਅੱਡਾ, ਗੈਂਗਸਟਰਾਂ ਦੀ ਬਸਤੀ, ਪੂਰਬੀਆਂ ਦਾ ਟਿਕਾਣਾ, ਪੰਜਾਬੀਆਂ ਦੇ ਪ੍ਰਵਾਸ ਦਾ ਧੁਰਾ, ਲੱਚਰ ਗਾਇਕੀ ਦਾ ਗੜ੍ਹ, ਮਾਂ ਬੋਲੀ ਤੋਂ ਕਿਨਾਰਾ ਕਰ ਗਏ ਜਾਇਆਂ ਦੀ ਨਗਰੀ, ਬੌਧਿਕ ਤੇ ਮਾਨਸਿਕ ਤੌਰ 'ਤੇ ਗੁਲਾਮ ਹੋ ਚੁੱਕੇ ਲੋਕਾਂ ਦਾ ਟਿਕਾਣਾ, ਗੁਰੂ ਪਾਤਿਸ਼ਾਹੀਆਂ ਦੀ ਸਰਬਸਾਂਝੀ ਸਿੱਖਿਆ ਨੂੰ ਤਿਲਾਂਜਲੀ ਦੇ ਕੇ ਈਸਾਈਆਂ, ਸਿਰਸੇ ਵਾਲਿਆਂ ਤੇ ਅਨਮਤਾਂ ਦੇ ਘਨੇੜੇ ਚੜ੍ਹ ਜਾਣ ਵਾਲਿਆਂ ਦੀ ਭੋਇੰ!!

ਐਨਾਂ ਨਿਘਾਰ! ਐਨੀ ਨਿਵਾਣ!! ਐਨੀ ਗ਼ਰਕਣ!!! ਜਿਨ੍ਹਾਂ ਨੂੰ ਬਾਬਰ ਤੇ ਔਰੰਗਜ਼ੇਬ ਨਾ ਝੁਕਾ ਸਕੇ, ਜਿਨ੍ਹਾਂ ਨੂੰ ਵਜ਼ੀਰ ਖਾਂ ਤੇ ਅਬਦਾਲੀ ਨਾ ਹਿਲਾ ਸਕੇ, ਉਹ ਪੰਜਾਬੀ ਅੱਜ ਕਿਵੇਂ ਮੂਧੇ ਮੂੰਹ ਡਿਗੇ ਪਏ ਹਨ? ਜਿਨ੍ਹਾਂ ਨੇ ਜਮਰੌਦ ਦੇ ਕਿਲੇ ਨਿਵਾ ਦਿੱਤੇ, ਸਾਰਾਗੜ੍ਹੀਆਂ ਸਿਰਜ ਦਿੱਤੀਆਂ, ਸਮੁੰਦਰਾਂ 'ਚ ਜਹਾਜ਼ ਠੇਲ੍ਹ ਦਿੱਤੇ, ਕਾਲੇ ਪਾਣੀ ਡੀਕ ਲਏ, ਸਾਨ ਫਰਾਂਸਿਸਕੋ 'ਚ ਯੁਗਾਂਤਰ ਆਸ਼ਰਮ ਖੋਲ੍ਹ ਦਿੱਤੇ, ਭਰ ਜਵਾਨੀਆਂ ਦੇਸ਼ ਕੌਮ ਦੇ ਲੇਖੇ ਲਾ ਦਿੱਤੀਆਂ, ਉਹ ਅੱਜ ਮੈਕਸੀਕੋ ਦੀਆਂ ਅਲੰਘ ਕੰਧਾਂ ਟੱਪਣ ਲਈ ਕਿਉਂ ਤਰਲੋਮੱਛੀ ਹਨ? ਕਿਉਂ ਸਮੁੰਦਰੀ ਗੋਤੇ ਖਾਂਦੇ, ਅੱਧ ਵਿਚਕਾਰ ਕਿਸ਼ਤੀਆਂ ਪਲਟਣ ਤੇ ਡੁੱਬਣ ਲਈ ਮਜਬੂਰ ਹਨ? ਕਿਉਂ ਜਿਸ ਦੇਸ਼ ਲਈ ਉਨ੍ਹਾਂ ਦੇ ਪੂਰਵਜਾਂ ਨੇ ਜਾਨਾਂ ਵਾਰੀਆਂ, ਘਰ ਬਾਰੇ ਲੁਟਾਏ, ਜੇਲ੍ਹਾਂ ਕੱਟੀਆਂ ਤੇ ਜਫ਼ਰ ਜਾਲੇ, ਉਹੀ ਦੇਸ਼ ਤੇ ਹਾਕਮ ਉਨ੍ਹਾਂ ਨੂੰ ਆਤੰਕਵਾਦੀ, ਵੱਖਵਾਦੀ ਤੇ ਕੱਟੜਵਾਦੀ ਐਲਾਨ ਰਿਹਾ ਹੈ? ਇਹ ਗੱਲ, ਮੇਰੇ ਜ਼ਿਹਨ ਨੂੰ ਉਦੋਂ ਹੋਰ ਵੀ ਛਲਣੀ ਛਲਣੀ ਕਰ ਗਈ ਜਦੋਂ ਆਜੀਵਨ ਉੱਚੇ ਅਹੁਦਿਆਂ, ਐਮ.ਪੀ. ਵਰਗੇ ਪ੍ਰਤਿਸ਼ਠਤ ਪਦ ਤੇ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਬਣਨ ਦੇ ਬਾਵਜੂਦ ਸ੍ਰ. ਤਰਲੋਚਨ ਸਿੰਘ ਪਿਛਲੇ ਦਿਨੀਂ, ਦਿੱਲੀ ਵਿਖੇ ਕਿਸੇ ਐਵਾਰਡ-ਸਮਾਰੋਹ ਵੇਲੇ ਇਹ ਆਖਣ ਲਈ ਮਜਬੂਰ ਹੋ ਗਿਆ ਕਿ 'ਸਾਡੀ (ਸਿੱਖਾਂ ਤੇ ਸਿੱਖੀ ਦੀ) ਬੇਸ਼ਕੀਮਤੀ ਦੇਣ, ਕੁਰਬਾਨੀਆਂ, ਇਤਿਹਾਸ, ਸਭਿਆਚਾਰਕ ਵਿਭਿੰਨਤਾ ਅਤੇ ਅੱਡਰਾਪਨ ਦਰਕਿਨਾਰ ਕੀਤਾ ਜਾ ਰਿਹਾ ਹੈ। ਸਾਨੂੰ ਅਣਗੌਲਿਆ ਜਾ ਰਿਹਾ ਹੈ। ਇਕ ਸਾਜ਼ਿਸ਼ ਅਧੀਨ, ਸਾਡੇ ਜੁਝਾਰੂ ਇਤਿਹਾਸ ਅਤੇ ਯੋਗਦਾਨ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਅੰਡੇਮਾਨ ਨਿੱਕੋਬਾਰ ਵਿੱਚੋਂ ਸਾਡੀਆਂ ਕੁਰਬਾਨੀਆਂ ਮਨਫ਼ੀ ਕਰ ਦਿੱਤੀਆਂ ਗਈਆਂ ਹਨ। ਮੱਧਕਾਲੀਨ ਇਤਿਹਾਸ ਵਿੱਚੋਂ ਗੁਰੂ ਨਾਨਕ ਕਾਲ ਮਨਫ਼ੀ ਕਰ ਦਿੱਤਾ ਗਿਆ ਹੈ। ਤੇ ਬਹੁਤ ਕੁਝ ਹੋਰ ਵੀ'

ਵੱਡੇ ਵੱਕਾਰੀ ਅਹੁਦਿਆਂ 'ਤੇ ਰਿਹਾ ਇਕ ਆਹਲਾ ਪੰਜਾਬੀ ਵਿਅਕਤੀ ਜੇ ਇਸ ਕਦਰ ਪਸ਼ੇਮਾਨ, ਪਰੇਸ਼ਾਨ ਤੇ ਪੀੜਤ ਮਹਿਸੂਸ ਕਰ ਰਿਹਾ ਹੈ ਤਾਂ ਇਕ ਅਦਨੇ ਬੰਦੇ (ਭਾਵ ਸਾਡੇ ਵਰਗੇ ਆਮ ਇਨਸਾਨ) ਦੀ ਮਨੋ-ਦਸ਼ਾ ਸਮਝਣੀ ਮੁਸ਼ਕਿਲ ਨਹੀਂ ਜਿਸ ਦੇ ਚੌਗਿਰਦੇ ਵਿਚ ਬਹੁਤ ਕੁਝ ਅਜਿਹਾ ਘਟ ਰਿਹਾ ਜਾਂ ਪਰੋਸਿਆ ਜਾ ਰਿਹਾ ਹੈ ਜਿਹੜਾ ਉਸ ਨੂੰ ਜਿਉਂਦੀ ਲਾਸ਼ ਬਣਾ ਦੇਣ ਲਈ ਕਾਫੀ ਹੈ। ਗੰਦੀ, ਸਵਾਰਥੀ, ਨਿਜੀ ਮੁਫ਼ਾਦਾਂ ਵਾਲੀ, ਪਰਿਵਾਰਕ ਤੇ ਸੌੜੀ ਸਿਆਸਤ ਨੇ ਸਾਡਾ ਕੁਝ ਨਹੀਂ ਛੱਡਿਆ - ਨਾ ਸ਼ੁਧ ਹਵਾ, ਨਾ ਸਾਫ਼ ਪਾਣੀ, ਨਾ ਸਵੱਛ ਵਾਤਾਵਰਣ ਅਤੇ ਨਾ ਹੀ ਪਵਿੱਤਰ ਸੋਚ, ਵਿਚਾਰ ਤੇ ਦੂਰ-ਦਰਸ਼ਤਾ। ਹਰੀ ਤੇ ਚਿੱਟੀ ਕ੍ਰਾਂਤੀ ਦੇ ਜਨਮਦਾਤੇ, ਸਾਰੇ ਦੇਸ਼ ਦੇ ਮੂੰਹ ਵਿਚ ਅੰਨ ਪਾਉਣ ਵਾਲੇ, ਸਾਰੇ ਮੁਲਕ ਲਈ ਲੰਗਰ ਲਾਉਣ ਵਾਲੇ ਕਦੋਂ 1984 ਤੱਕ ਪਹੁੰਚਾ ਦਿੱਤੇ ਗਏ, ਕਿਸੇ ਨੂੰ ਕੰਨੋਂ ਕੰਨ ਕਨਸੋਅ ਨਾ ਮਿਲੀ। ਸਾਨੂੰ ਦਹਾਕਿਆਂ ਤੱਕ ਕੁੱਟਿਆ, ਲੁੱਟਿਆ, ਕੋਹਿਆ, ਮਾਰਿਆ, ਉਜਾੜਿਆ, ਪਾੜਿਆ ਅਤੇ

ਰੁਲਾਇਆ ਗਿਆ। ਸਾਡੇ ਗੁਰਧਾਮ ਤਹਿਸ ਨਹਿਸ ਕਰ ਦਿੱਤੇ ਗਏ। ਗੱਲ ਕੀ, ਸਾਡੀ ਗੱਤ ਤੇ ਪੱਤ ਰੋਲ ਦਿੱਤੀ ਗਈ। ਸਾਡੀ ਜਵਾਨੀ ਨਿਗਲ ਲਈ ਗਈ-ਇਹ ਉਹ ਸਮਾਂ ਸੀ ਜਦੋਂ ਸਾਡੇ ਹਜ਼ਾਰਾਂ ਬੇਦੋਸ਼ੇ ਨੌਜਵਾਨ ਅਣਪਛਾਤੀਆਂ ਲਾਸ਼ਾਂ ਕਹਿ ਕੇ ਰੋੜ੍ਹ ਦਿੱਤੇ ਗਏ ਤੇ ਬੇਸ਼ੁਮਾਰ ਰਾਜਸੀ ਸ਼ਰਨ ਲੈ ਕੇ ਵਿਦੇਸ਼ੀ ਧਰਤੀਆਂ ਵਲ ਤੁਰ ਜਾਣ ਲਈ ਬੇਬਸ ਕਰ ਦਿੱਤੇ ਗਏ। ਪੰਜਾਬ 'ਚੋਂ ਪਲਾਇਨ ਹੋਇਆ ਜੋ ਇਨ੍ਹਾਂ ਸਿਆਸਤਦਾਨਾਂ ਦੀਆਂ ਕਾਲੀਆਂ ਤੇ ਦੋਗਲੀਆਂ ਨੀਤੀਆਂ ਤੇ ਕਰਤੂਤਾਂ ਦੀ ਬਦੌਲਤ, ਅੱਜ ਸਿਖ਼ਰਾਂ 'ਤੇ ਜਾ ਪੁੱਜਾ ਹੈ। ਪੰਜ-ਪੰਜ ਵਾਰ ਰਹੇ ਮੁੱਖ ਮੰਤਰੀਆਂ ਨੇ ਕੀ ਕੀਤਾ ਇਸ ਕਦੇ ਰੰਗਲੇ ਰਹੇ ਪੰਜਾਬ ਲਈ? ਗਹਿਣੇ ਪਾ ਦਿੱਤੀ ਸਾਡੀ ਸ਼ਾਨ, ਰਵਾਇਤਾਂ, ਆਜ਼ਾਦ ਬਿਰਤੀ, ਸਾਡੀ ਸੋਚ, ਆਜ਼ਾਦ ਵਿਚਾਰਧਾਰਾ ਅਤੇ ਗੁਰਮਤਿ ਦ੍ਰਿਸ਼ਟੀਕੋਣ। ਅੱਜ ਜਿਹੜੇ ਦਮਗਜੇ ਮਾਰ-ਮਾਰ ਕੇ ਸਾਨੂੰ ਚਿੜਾ ਰਹੇ ਹਨ, ਸਾਡੇ ਖੁੱਲ੍ਹੇਪਨ, ਦਰਿਆਦਿਲੀ, ਨੇਕਨੀਅਤੀ, ਹਮਦਰਦਾਨਾ ਵਤੀਰੇ ਅਤੇ ਨਿਆਰੇਪਨ ਦਾ ਮਜ਼ਾਕ ਉਡਾ ਰਹੇ ਹਨ, ਉਹ ਭੁੱਲੀ ਬੈਠੇ ਹਨ ਕਿ ਉਨ੍ਹਾਂ ਦੀ ਹੋਂਦ ਕੇਵਲ ਸਾਡੇ ਸੱਚੇ ਪਾਤਿਸ਼ਾਹਾਂ ਦੀ ਬਦੌਲਤ ਹੀ ਹੈ, ਨਹੀਂ ਤਾਂ ਅੱਜ ਚਾਰ ਚੁਫ਼ੇਰੇ ਇਥੇ 'ਅੱਲਾ ਹੂ ਅਕਬਰ', 'ਅੱਲਾ ਹੂ ਅਕਬਰ' ਦੀ ਧੁਨੀ ਹੀ ਸੁਣਾਈ ਦਿੰਦੀ। ਸਤਿਗੁਰੂ ਜੀ ਦੀ ਇਹ ਜੀਵਨਦਾਤੀ ਸਿੱਖਿਆ **'ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥'** ਕੀ ਸਾਰੀ ਮਨੁੱਖ ਜਾਤੀ ਨੂੰ ਇਕ ਬਰਾਬਰ ਰੱਖਣ ਤੇ ਤੱਕਣ ਵਾਲੀ ਸੋਚ ਅਤੇ ਸਿੱਖਿਆ ਨਹੀਂ ਸੀ ਜਿਸ ਨੂੰ ਪ੍ਰੋ. ਪੂਰਨ ਸਿੰਘ ਅਨੁਸਾਰ ਪੰਜਾਬ ਦੇ ਜ਼ਰੇ-ਜ਼ਰੇ, ਵਣ ਤ੍ਰਿਣ, ਪਸ਼ੂ-ਪੰਛੀ, ਦਰਿਆਵਾਂ ਅਤੇ ਪ੍ਰਾਣੀਆਂ ਨੇ ਅਪਣਾਇਆ ਤੇ ਗੁਣਗੁਣਾਇਆ:-

ਇਉਂ ਅੱਥਾਹ ਪ੍ਰਵਾਹ ਹੋਇਆ
ਸੁੱਕਾ ਰਿਹਾ ਨਾ ਕੋਈ ਥਾਂ।
ਆਦਮੀ, ਪਸ਼ੂ ਪੰਛੀ ਭਿੱਜਿਆ ਸਭ
ਅੰਮ੍ਰਿਤ ਓਸ ਨਿਗਾਹ ਵਿਚ।

ਇੱਥੇ ਸਤਿਗੁਰਾਂ ਸੱਚੇ ਪਾਤਿਸ਼ਾਹਾਂ ਦਾ ਨਿਵਾਸ ਹੈ।

ਸੋ, ਸੱਚੇ ਪਾਤਿਸ਼ਾਹਾਂ ਦੇ ਨਿਵਾਸ ਵਾਲੀ ਪੂਜਨੀਕ ਤੇ ਪਵਿੱਤਰ ਧਰਤੀ 'ਤੇ ਜਦੋਂ ਤੱਕ ਬਹਾਦਰ ਬੰਦੇ, ਮਿਸਾਲੀ ਮਿਸਲ ਸਰਦਾਰ, ਮਹਾਰਾਜਾ ਰਣਜੀਤ ਸਿੰਘ, ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲਵਾ ਜਿਹੇ ਵਿਚਰੇ, ਇੱਥੇ ਦੋਵਾਂ ਸੰਸਾਰ ਯੁੱਧਾਂ ਵਿਚ ਲਾਮਿਸਾਲ ਸੂਰਬੀਰਤਾ ਦਿਖਾਉਣ ਵਾਲੇ ਯੋਧੇ ਨਿਕਲੇ (ਯੋਰਪ ਦੇ ਅਨੇਕ ਦੇਸ਼ਾਂ ਵਿਚ ਅਦਭੁੱਤ ਨਿਸ਼ਾਨੀਆਂ, ਯਾਦਗਾਰਾਂ ਤੇ ਖੰਡੇ ਦੇ ਨਿਸ਼ਾਨ ਅੱਜ ਵੀ ਮੌਜੂਦ ਹਨ) ਵਿਦੇਸ਼ੀ ਧਰਤੀਆਂ ਤੇ ਅੱਜ ਵੀ ਸਿੱਖ ਰੈਜਮੈਂਟਾਂ ਕਾਇਮ ਕਰਨਾ ਉਹ ਲੋਕ (ਸਰਕਾਰਾਂ) ਆਪਣੀ ਸ਼ਾਨ ਸਮਝ ਰਹੀਆਂ ਹਨ ਪਰ ਸਾਡੇ ਇੱਥੇ? ਸਾਡੀ ਸਰਕਾਰ ਪੰਜਾਬ ਦਾ ਗੌਰਵਮਈ ਇਤਿਹਾਸ ਅਤੇ ਲਾਸਾਨੀ ਸ਼ਹਾਦਤਾਂ ਨੂੰ ਜੱਗ ਜ਼ਾਹਿਰ ਕਰਨੋਂ ਇਨਕਾਰੀ ਹੈ।

ਸੰਜੀਦਾ, ਸੂਝਵਾਨ ਅਤੇ ਸੁਹਿਰਦ ਪੰਜਾਬੀ ਅਤੇ ਗੁਰੂ ਪ੍ਰੇਮੀ ਸਕਤੇ ਵਿਚ ਹਨ ਕਿ ਕਦੇ ਦੇਸ ਦੇ ਨਕਸ਼ੇ ਵਿਚ 'ਦਸਤਾਰ ਸਿਰਾ' ਦਿਖਾਇਆ ਜਾਂਦਾ ਪੰਜਾਬ ਅੱਜ ਕਿਹੋ ਜਿਹੇ ਸਰੂਪ ਵਿਚ ਹੈ? ਕਿੱਥੇ ਗ਼ਰਕ ਗਏ ਹਾਂ ਅਸੀਂ? ਕਿਸਨੇ ਗਰਕਾ ਦਿੱਤਾ ਸਾਨੂੰ-ਇਕ ਸਾਜਿਸ਼ ਅਧੀਨ, ਇਕ ਯੋਜਨਾ ਅਧੀਨ, ਸਾਨੂੰ ਦਬਾਈ ਰੱਖਣ ਦੇ ਇਰਾਦੇ ਅਧੀਨ, ਸਾਡੀ ਨੌਜਵਾਨੀ ਨੂੰ ਨਸ਼ਈ ਬਣਾ ਕੇ ਸਾਡੀ ਨਸ਼ਲਕੁਸ਼ੀ ਕਰਕੇ, ਸਾਨੂੰ ਬਦਨਾਮ ਕਰਕੇ, ਸਾਡਾ ਮਾਇਕ ਲੱਕ ਤੋੜ ਕੇ ਤੇ ਸਾਡੇ ਗੱਭਰੂਆਂ ਨੂੰ ਨਸ਼ੇੜੀ, ਨਿਕੰਮੇ, ਨਕਾਮ, ਕਮਜ਼ੋਰ ਤੇ ਵਿਹਲੜ ਬਣਾ ਕੇ, ਅੱਜ ਪੰਜਾਬ ਤੇ ਪੰਜਾਬੀ ਜਿਸ ਮੋੜ 'ਤੇ ਪਹੁੰਚਾ ਦਿੱਤੇ ਗਏ ਹਨ, ਉੱਥੇ ਘੁੱਪ ਹਨੇਰਾ ਹੈ, ਉਜਾੜ ਹੈ। ਭੰਬਲ ਭੂਸਿਆਂ ਭਰਿਆ, ਦਿਸ਼ਾ ਹੀਣ, ਦਸ਼ਾਹੀਣ, ਤ੍ਰਾਹੁਣਾ ਤੇ ਡਰਾਉਣਾ ਮੰਜ਼ਰ ਹੈ ਉੱਥੇ।

ਚੇਤਿਆਂ 'ਚ ਦਸਤਕ ਦੇ ਰਹੇ ਹਨ ਪੰਜਾਬ ਦੇ ਚੱਪੇ ਚੱਪੇ 'ਤੇ ਵਗ ਰਹੇ ਨਸ਼ਿਆਂ ਦੇ ਦਰਿਆ ਤੇ ਬੁੱਢੇ ਮੋਢਿਆਂ 'ਤੇ ਢੋਈਆਂ ਜਾ ਰਹੀਆਂ ਜਵਾਨ ਪੁੱਤਾਂ ਦੀਆਂ ਲਾਸ਼ਾਂ ਦੇ ਦ੍ਰਿਸ਼। ਓਵਰਡੋਜ਼ ਨਾਲ ਮੌਤ ਨੂੰ ਜੱਫੀ ਪਾ ਲੈਣ ਵਾਲਿਆਂ ਦੀਆਂ ਨਿੱਤ ਆ ਰਹੀਆਂ ਖ਼ਬਰਾਂ। ਹੁਣ ਇਉਂ ਲੱਗਣ ਲੱਗ ਗਿਆ ਹੈ ਇਹ ਸਰਕਾਰਾਂ ਜਾਂ ਸਿਸਟਮ ਨੂੰ ਪਰੇਸ਼ਾਨ ਨਹੀਂ ਕਰ ਰਹੀਆਂ। ਗੁਰੂ ਨਗਰੀਆਂ, ਸਿੱਖੀ ਦੇ ਧੁਰੇ ਗੱਲ ਕੀ ਕੋਈ ਵੀ ਧਰਤੀ ਅਛੂਤੀ ਨਹੀਂ ਰਹਿ ਗਈ ਮੌਤ ਨਾਲ ਕਲੋਲਾਂ ਕਰਨ ਵਾਲਿਆਂ ਇਨ੍ਹਾਂ ਨਸ਼ੇੜੀਆਂ ਤੇ ਨਸ਼ਾ-ਤਸਕਰਾਂ ਨਾਲ। ਜਿਸ ਧਰਤੀ ਦੀ ਜਵਾਨੀ ਰੋਲ ਦਿੱਤੀ ਜਾਵੇ, ਮਾਰ ਮੁਕਾਈ ਜਾਵੇ, ਦਿਸ਼ਾਹੀਣ ਕਰ ਦਿੱਤੀ ਜਾਵੇ, ਪੈਰ ਪੈਰ 'ਤੇ ਮੌਤ ਦੇ ਮੂੰਹ ਵਿਚ ਪਾ ਦਿੱਤੀ ਜਾਵੇ ਓਸ ਦਾ ਬਚ ਜਾਣਾ ਅਸੰਭਵ ਹੈ। ਇਤਿਹਾਸ ਵਿਚੋਂ ਕਈ ਉਦਾਹਰਣਾਂ ਮਿਲਦੀਆਂ ਹਨ ਜਦੋਂ ਵੱਡੀਆਂ ਮਹਾਂਮਾਰੀਆਂ ਜਾਂ ਮੁਸੀਬਤਾਂ ਕਾਰਨ ਕਿਸੇ ਦੇਸ਼ ਵਿਚੋਂ ਐਨੀ ਵੱਡੀ ਪੱਧਰ 'ਤੇ ਪ੍ਰਵਾਸ ਹੋਇਆ ਹੋਵੇ ਜਿਵੇਂ ਹੁਣ ਪੰਜਾਬ ਵਿੱਚੋਂ ਹੋ ਰਿਹਾ ਹੈ। ਕਹਿੰਦੇ ਹਨ ਕਿ 1845 ਵਿਚ ਪੂਰੇ ਦਹਾਕੇ ਤੱਕ, 15 ਲੱਖ ਲੋਕ ਆਇਰਲੈਂਡ ਤੋਂ ਅਮਰੀਕਾ ਜਾ ਵੱਸੇ ਕਿਉਂਕਿ ਆਇਰਲੈਂਡ ਵਿਚ ਕਾਲ ਪੈ ਗਿਆ ਸੀ ਤੇ ਲੋਕ ਭੁੱਖੇ ਮਰ ਰਹੇ ਸਨ ਪਰ ਪੰਜਾਬ ਵਿਚ ਨਾ ਕਾਲ ਪਿਆ ਹੈ ਨਾ ਲੋਕ ਭੁੱਖ ਦੇ ਸਤਾਏ ਹੋਏ ਹਨ। ਇੱਥੇ ਤਾਂ ਪੂਰਬੀਏ ਤੇ ਨਿਪਾਲੀ ਲੱਖਾਂ ਦੀ ਗਿਣਤੀ ਵਿਚ ਰੋਜ਼ ਆ ਕੇ ਪੱਕੇ ਤੌਰ 'ਤੇ ਸੈਟ ਹੋ ਰਹੇ ਹਨ। ਕੋਈ ਬਾਹਰੀ ਕਾਰਨ ਦ੍ਰਿਸ਼ਟੀਗੋਚਰ ਨਾ ਹੋਣ ਦੇ ਬਾਵਜੂਦ, ਪੰਜਾਬੀ ਆਪਣੇ ਆਪ ਤੋਂ ਡਰ ਕੇ ਹੀ ਇੱਥੋਂ ਭੱਜ ਰਹੇ ਹਨ। ਉਨ੍ਹਾਂ ਨੂੰ ਖ਼ਦਸ਼ਾ ਹੈ ਕਿ ਉਨ੍ਹਾਂ ਦੀ ਔਲਾਦ ਨੇ ਨਸ਼ਿਆਂ ਦੇ ਸ਼ਿਕਾਰ ਹੋ ਜਾਣਾ ਹੈ। ਅਗਾਂਹ ਉਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਣਾ। ਪੰਜਾਬ ਵਿਚ ਉਹਨਾਂ ਨੂੰ ਬਾਇੱਜ਼ਤ ਜ਼ਿੰਦਗੀ ਨਸੀਬ ਨਹੀਂ ਹੋ ਸਕਣੀ। ਇੰਞ, ਨਸ਼ਿਆ ਦਾ ਪਾਸਾਰ, ਬੇਰੁਜ਼ਗਾਰੀ ਤੇ ਪ੍ਰਵਾਸ ਸਭ ਇਕ ਦੂਜੇ ਨਾਲ ਸੰਬੰਧਿਤ ਸਮੱਸਿਆਵਾਂ ਹਨ। ਦੇਖਾ ਦੇਖੀ, ਰੀਸੋ ਰੀਸੀ ਅਜ ਪੰਜਾਬ ਦੇ ਹਰ ਪਰਿਵਾਰ ਦੀ ਧੀ ਜਾਂ ਪੁੱਤ ਜਹਾਜੇ ਚੜ੍ਹਨ ਦੀ ਦੌੜ ਵਿਚ ਹੈ। ਪੰਜਾਬ, ਪੰਜਾਬੀਆਂ ਤੋਂ ਵਿਰਵਾ ਹੋ ਰਿਹਾ ਹੈ, ਪੰਜਾਬੀਅਤ ਪਹਿਲਾਂ ਹੀ ਮਨਫ਼ੀ ਕੀਤੀ ਜਾ ਚੁੱਕੀ ਹੈ। ਉਦਾਰੀਕਰਨ, ਉਦਯੋਗੀਕਰਨ, ਵਿਸ਼ਵੀਕਰਨ ਅਤੇ ਕਾਰਪੋਰੇਟੀਕਰਨ ਦੀ ਦੌੜ ਵਿਚ ਇਲਾਕਾਈ, ਭੂਮੀਗਤ ਅਤੇ ਸਥਾਨਕ ਸਭਿਆਚਾਰ ਮਲੀਆਮੇਟ ਕਰਨ ਦੀ ਹੋੜ ਵੀ ਕਿਸੇ ਤੋਂ ਗੁੱਝੀ ਛੁਪੀ ਨਹੀਂ ਰਹੀ। ਇਹ ਕਾਵਿ-ਬੋਲ ਬਹੁਤ ਕੁਝ ਬਿਆਨ ਕਰ ਰਹੇ ਹਨ :-

ਅਸੀਂ ਪਰਦੇਸ ਜਾਵਾਂਗੇ
ਪਿੰਡ ਆਪਣਾ, ਉੱਥੇ ਵਸਾਵਾਂਗੇ
ਗੁਰਦਵਾਰਾ ਬਣਾ, ਅਰਦਾਸ ਕਰਾਂਗੇ
ਪਿੰਡ ਪਿਛਲਾ, ਵੱਸਦਾ ਰਹੇ
ਗੁਆਂਢੀਆਂ ਦਾ ਬਾਪੂ ਹੱਸਦਾ ਰਹੇ।

ਇੰਞ, ਇਕ ਪੀੜੀ, ਦੂਜੀ ਪੀੜ੍ਹੀ ਤੇ ਤੀਜੀ ਪੀੜੀ ਤੱਕ ਨਾ ਪੰਜਾਬ ਦਾ ਮੋਹ, ਨਾ ਤੇਹ, ਨਾ ਜ਼ੁਬਾਨ, ਨਾ ਸਭਿਆਚਾਰ ਤੇ ਨਾ ਪਹਿਨਣ-ਖਾਣ ਬਚ ਸਕੇਗਾ। ਜ਼ਮਾਨਾ ਇਤਿਹਾਸ ਦੀਆਂ ਕਿਤਾਬਾਂ ਵਿਚੋਂ ਪੜ੍ਹਿਆ ਕਰੇਗਾ ਕਿ ਕਦੇ ਧਰਤੀ 'ਤੇ 'ਪੰਜਾਬ' ਨਾਂ ਦਾ ਕੋਈ ਬੇਹੱਦ ਖੁਸ਼ਹਾਲ, ਜੁਝਾਰੂ, ਅਨੋਖਾ, ਅੱਲੋਕਾਰਾ, ਸਿਰਕੱਢ, ਰਾਹ ਦਸੇਰਾ, ਨਾਯਾਬ ਤੇ ਨੂਰਾਨੀ ਸੂਬਾ ਹੋਇਆ ਕਰਦਾ ਸੀ ਜੋ ਸਾਡੇ ਹਾਕਮਾਂ, ਸ਼ਾਸਕਾਂ, ਲੀਡਰਾਂ ਤੇ ਜ਼ਿੰਮੇਵਾਰ ਲੋਕਾਂ ਦੀਆਂ ਗ਼ਲਤ, ਮਾਰੂ, ਤਬਾਹਕੁੰਨ ਤੇ ਵਿਨਾਸ਼ਕਾਰੀ ਨੀਤੀਆਂ ਨੇ ਮਲੀਆਮੇਟ ਕਰ ਦਿੱਤਾ। ਗੁਰਬਾਣੀ ਦੇ ਵਿਸ਼ਵਾਸੀ ਹੋਣ ਕਰਕੇ, ਅਸੀਂ ਐਨੇ ਨਿਰਾਸ਼ਾਵਾਦੀ ਨਹੀਂ ਹੋ ਸਕਦੇ ਜਿਸ ਦਾ ਫ਼ੁਰਮਾਨ ਹੈ ਕਿ :-

**ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥**

ਸੋ, ਸਭਨਾਂ ਦੀ ਨਹੀਂ (ਅਸੀਂ ਗੱਲ ਉੱਭਰਦੀ ਜਵਾਨੀ ਦੀ ਕੀਤੀ ਹੈ) ਬੁੱਢਿਆਂ ਠੇਰਿਆਂ, ਗ਼ਰੀਬ-ਗੁਰਬਿਆਂ, ਅਣਸਰਦਿਆਂ ਤੇ ਹੋਰ ਅਨੇਕ ਤਰਾਂ ਦੇ ਲੋਕਾਂ ਦੀ ਠਾਹਰ ਇਹੀ ਧਰਤੀ ਹੈ। ਇਸ ਦਾ ਹੱਲ ਵੀ ਲੋਕਾਂ ਦੀ ਸ਼ਕਤੀ ਵਿਚੋਂ ਨਿਕਲ ਸਕਦਾ ਹੈ। ਜਿਵੇਂ ਕਿਸਾਨ-ਅੰਦੋਲਨ ਨੂੰ ਪੰਜਾਬੀਆਂ ਨੇ ਦੇਸ਼ ਦਾ ਅੰਦੋਲਨ ਬਣਾ ਕੇ ਫ਼ਤਹਿ ਹਾਸਿਲ ਕਰ ਲਈ ਸੀ ਤੇ ਸਰਕਾਰਾਂ ਝੁਕਾ ਦਿੱਤੀਆਂ ਸਨ, ਉਵੇਂ ਹੀ ਮੌਜੂਦਾ ਸਮੱਸਿਆਵਾਂ ਤੇ ਪਰਿਸਥਿਤੀਆਂ ਦੀ ਰੋਸ਼ਨੀ ਵਿਚ ਅਜਿਹੇ ਹੰਭਲੇ ਮਾਰਨ ਦੀ ਲੋੜ ਹੈ ਕਿ ਗੱਲ ਸਾਡੀ ਨੌਜਵਾਨੀ ਦੇ ਖਾਨੇ ਪਾਈ ਜਾ ਸਕੇ। ਉਨ੍ਹਾਂ ਦੇ ਲਈ ਨੌਕਰੀਆਂ **ਬਾਕੀ ਸਫਾ 28 'ਤੇ**





## ਛੋਟਾ ਅਧਿਆਪਕ ਡਿਕਸ਼ਨਰੀ

-ਜੋਧ ਸਿੰਘ ਮੋਗਾ ਸੰਪਰਕ : 62802-58057

ਬੱਚਿਓ! ਤੁਸੀਂ ਸਕੂਲ ਦੀ ਲਾਇਬ੍ਰੇਰੀ ਜਾਂਦੇ ਹੋਵੋਗੇ, ਅਖ਼ਬਾਰ ਦੇਖਦੇ ਹੋਵੋਗੇ, ਕਹਾਣੀਆਂ ਦੀ ਕਿਤਾਬ ਜਾਂ ਬੱਚਿਆਂ ਦਾ ਮੈਗਜ਼ੀਨ ਤਾਂ ਜ਼ਰੂਰ ਹੀ ਪੜ੍ਹਦੇ ਹੋਵੋਗੇ। ਪੜ੍ਹਦੇ ਪੜ੍ਹਦੇ ਕਈ ਵਾਰ ਕੋਈ ਅਜਿਹਾ ਸ਼ਬਦ ਵੀ ਆ ਜਾਂਦਾ ਹੈ ਜਿਸਦੇ ਅਰਥ ਤੁਹਾਨੂੰ ਨਹੀਂ ਆਉਂਦੇ ਤਾਂ ਤੁਸੀਂ ਕੀ ਕਰਦੇ ਹੋ? ਤੁਸੀਂ ਆਪਣੇ ਅਧਿਆਪਕ ਕੋਲ ਜਾਂਦੇ ਹੋਵੋਗੇ ਅਤੇ ਉਸ ਸ਼ਬਦ ਦਾ ਅਰਥ ਪੁੱਛ ਲੈਂਦੇ ਹੋਵੋਗੇ, ਪਰ ਕਈ ਵਾਰ ਅਧਿਆਪਕ ਨਹੀਂ ਵੀ ਮਿਲਦੇ ਤਾਂ ਅਰਥ ਪਤਾ ਨਹੀਂ ਲੱਗਦੇ। ਦੇਖੋ, ਇਕ ਛੋਟਾ ਜਿਹਾ ਅਧਿਆਪਕ ਹੈ ਜੋ ਸਦਾ ਤੁਹਾਡੇ ਨਾਲ ਰਹਿ ਸਕਦਾ ਹੈ। ਉਹ ਤੁਹਾਡੇ ਔਖੇ ਸ਼ਬਦਾਂ ਦੇ ਅਰਥ ਝੱਟ ਦੱਸ ਦੇਵੇਗਾ। ਉਹ ਛੋਟਾ ਅਧਿਆਪਕ ਹੋ ਸਕਦਾ ਹੈ ਤੁਹਾਡੀ ਡਿਕਸ਼ਨਰੀ।

ਅੰਗਰੇਜ਼ੀ ਵਿਚ ਇਸ ਦਾ ਨਾਂ 'ਡਿਕਸ਼ਨਰੀ' ਹੈ, ਪੰਜਾਬੀ ਅਤੇ ਹਿੰਦੀ ਵਿਚ ਇਸਨੂੰ ਸ਼ਬਦ ਕੋਸ਼ ਆਖਦੇ ਹਨ। ਜੇ ਤੁਸੀਂ ਇਸਨੂੰ ਸਦਾ ਆਪਣੇ ਨਾਲ ਰੱਖਣਾ ਹੈ ਤਾਂ ਆਪਣੇ ਬੈਗ ਦੀ ਕਿਸੇ ਜੇਬ ਵਿਚ ਪਾ ਕੇ ਰੱਖੋ। ਡਿਕਸ਼ਨਰੀ ਰੱਖਣ ਵਾਲੇ ਬੱਚੇ ਹੁਸ਼ਿਆਰ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਸ਼ਬਦ ਭੰਡਾਰ ਵੱਡਾ ਹੋ ਜਾਂਦਾ ਹੈ।




ਡਿਕਸ਼ਨਰੀ ਕਈ ਤਰ੍ਹਾਂ ਦੀ ਹੁੰਦੀ ਹੈ। ਅੰਗਰੇਜ਼ੀ ਤੋਂ ਪੰਜਾਬੀ ਜਾਂ ਹਿੰਦੀ। ਪੰਜਾਬੀ ਤੋਂ ਅੰਗਰੇਜ਼ੀ, ਅੰਗਰੇਜ਼ੀ ਤੋਂ ਸੌਖੀ ਅੰਗਰੇਜ਼ੀ ਅਤੇ ਪੰਜਾਬੀ ਤੋਂ ਸੌਖੀ ਪੰਜਾਬੀ। ਪੰਜਾਬੀ ਦੀ ਸਭ ਤੋਂ ਵੱਡੀ ਡਿਕਸ਼ਨਰੀ ਭਾਈ ਕਾਹਨ ਸਿੰਘ ਦੀ 'ਮਹਾਨ ਕੋਸ਼' ਹੈ। ਤੁਹਾਨੂੰ ਤਾਂ ਅਜੇ ਬਹੁਤ ਛੋਟੀ ਦੀ ਲੋੜ ਹੈ। ਵੱਡੀਆਂ ਸ਼੍ਰੇਣੀਆਂ ਵਿਚ ਵੱਡੀ ਦੀ ਲੋੜ ਪਏਗੀ। ਕਿਸੇ ਡਿਕਸ਼ਨਰੀ ਵਿਚ ਸ਼ਬਦਾਂ ਨਾਲ ਲੋੜ ਅਨੁਸਾਰ ਚਿੱਤਰ ਵੀ ਦਿੱਤੇ ਹੁੰਦੇ ਹਨ।


ਡਿਕਸ਼ਨਰੀ ਨੂੰ ਵਰਤਣਾ ਅਤੇ ਔਖੇ ਸ਼ਬਦਾਂ ਦੇ ਅਰਥ ਲੱਭਣਾ ਬਹੁਤ ਸੌਖਾ ਕੰਮ ਹੈ। ਤੁਹਾਡੇ ਅਧਿਆਪਕ ਅਤੇ ਮਾਤਾ ਪਿਤਾ ਇਸਦੀ ਵਰਤੋਂ ਝੱਟ ਸਿਖਾ ਦੇਣਗੇ। ਇਸ ਵਿਚ ਸ਼ਬਦਾਂ ਦੀ ਤਰਤੀਬ ਏ, ਬੀ, ਸੀ ਜਾਂ ੳ, ਅ ਦੇ ਹਿਸਾਬ ਨਾਲ ਹੁੰਦੀ ਹੈ। ਸਭ ਤੋਂ ਪਹਿਲਾਂ 'ਏ' ਵਾਲੇ ਸ਼ਬਦ ਹੋਣਗੇ ਅਤੇ ਅਖੀਰ ਵਿਚ 'ਜ਼ੈੱਡ' ਵਾਲੇ। ਫਿਰ ਛੇਤੀ ਹੀ ਤੁਹਾਡਾ ਅਭਿਆਸ ਹੋ ਜਾਏਗਾ।

ਸਕੂਲਾਂ ਵਿਚ ਇਨਾਮ ਵੰਡ ਸਮਾਗਮ ਤਾਂ ਹੁੰਦੇ ਹੀ ਰਹਿੰਦੇ ਹਨ। ਇਸ ਵਿਚ ਕੱਪ ਅਤੇ ਹੋਰ ਇਨਾਮ ਤਾਂ ਮਿਲਦੇ ਹੀ ਰਹਿੰਦੇ ਹਨ। ਕਈ ਸੂਝਵਾਨ ਅਧਿਆਪਕ ਡਿਕਸ਼ਨਰੀ ਵੀ ਦਿੰਦੇ ਹਨ ਅਤੇ ਉਸਦੀ ਪੂਰੀ ਵਰਤੋਂ ਵੀ ਸਿਖਾਉਂਦੇ ਹਨ। ਤੁਹਾਡਾ ਮੁਕਾਬਲਾ ਵੀ ਕਰਵਾ ਸਕਦੇ ਹਨ ਕਿ ਕੌਣ ਸਭ ਤੋਂ ਘੱਟ ਸਮੇਂ ਵਿਚ ਸ਼ਬਦ ਲੱਭਦਾ ਹੈ। ਜੇ ਇਨਾਮ ਵਿਚ ਨਹੀਂ ਵੀ ਮਿਲਦੀ ਤਾਂ ਆਪਣੇ ਅਧਿਆਪਕ ਨਾਲ ਸਲਾਹ ਕਰਕੇ ਆਪਣੇ ਮਾਤਾ-ਪਿਤਾ ਨੂੰ ਇਕ ਛੋਟੀ ਡਿਕਸ਼ਨਰੀ ਲੈਣ ਨੂੰ ਕਹੋ ਜੋ ਤੁਹਾਡੇ ਬਹੁਤ ਕੰਮ ਆਏਗੀ।

## ਕਈ ਦਿਨ ਪਾਣੀ ਤੋਂ ਬਿਨਾਂ ਰਹਿਣ ਵਾਲੀ ਨੀਲ ਗਾਂ

ਗੁਰਮੀਤ ਸਿੰਘ 'ਪ੍ਰਧਾਨ', ਨੇਚਰ ਕੰਜ਼ਰਵੇਸ਼ਨ ਸੁਸਾਇਟੀ, ਪੰਜਾਬ। ਸੰਪਰਕ : 98884-56910

ਬੱਚਿਓ! ਨੀਲ ਗਾਂ ਭਾਰਤ ਵਿਚ ਮਿਲਣ ਵਾਲੇ ਹਿਰਨਾਂ ਵਿਚੋਂ ਸਭ ਤੋਂ ਵੱਡੀ ਕਿਸਮ ਦਾ ਜੰਗਲੀ ਜਾਨਵਰ ਹੈ। ਇਸ ਨੂੰ ਪੰਜਾਬੀ ਵਿਚ ਰੋਝ ਤੇ ਅੰਗਰੇਜ਼ੀ ਵਿਚ 'ਬਲਿਊ ਬੁਲ' ਕਹਿੰਦੇ ਹਨ। ਇਹ ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼ ਦੇ ਕੁਝ ਹਿੱਸਿਆਂ, ਦੱਖਣੀ ਉੱਤਰ ਪ੍ਰਦੇਸ਼, ਬਿਹਾਰ ਅਤੇ ਆਂਧਰਾ ਪ੍ਰਦੇਸ਼ ਵਿਚ ਮਿਲਦੀ ਹੈ। ਭਾਰਤ ਤੋਂ ਇਲਾਵਾ ਇਹ ਨੇਪਾਲ, ਪਾਕਿਸਤਾਨ ਅਤੇ ਬੰਗਲਾਦੇਸ਼ ਵਿਚ ਵੀ ਮਿਲਦੀ ਹੈ। ਨੀਲ ਗਾਂ ਏਸ਼ੀਆ ਵਿਚ ਐਂਟੀਲੋਪ ਪ੍ਰਜਾਤੀ ਦਾ ਸਭ ਤੋਂ ਵੱਡਾ ਜੰਗਲੀ ਜਾਨਵਰ ਹੈ।



ਮਾਦਾ ਨੀਲ ਗਾਂ ਤੇ ਇਸਦੇ ਵੱਛੜੇ ਦਾ ਰੰਗ ਸੰਤਰੀ ਜਾਂ ਭੂਰਾ ਹੁੰਦਾ ਹੈ, ਜਦੋਂ ਕਿ ਨਰ ਦਾ ਰੰਗ ਨੀਲਾ ਹੁੰਦਾ ਹੈ ਤੇ ਉਸਦੀ ਗਰਦਨ 'ਤੇ ਇਕ ਚਿੱਟਾ ਧੱਬਾ ਹੁੰਦਾ ਹੈ। ਇਹ ਖੁੱਲ੍ਹੇ ਵਣ ਇਲਾਕਿਆਂ ਵਿਚ ਹੀ ਜ਼ਿਆਦਾ ਮਿਲਦੀ ਹੈ। ਇਸ ਵਿਚ ਨਰ ਅਤੇ ਮਾਦਾ ਵੱਖ-ਵੱਖ ਝੁੰਡਾਂ ਵਿਚ ਜ਼ਿਆਦਾ ਸਮਾਂ ਬਿਤਾਉਂਦੇ ਹਨ। ਕਈ ਵਾਰ ਨਰ ਨੂੰ ਅਲੱਗ ਘੁੰਮਦਿਆਂ ਵੀ ਦੇਖਿਆ ਜਾਂਦਾ ਹੈ। ਨਰ ਦੀ ਲੰਬਾਈ 210 ਸੈਂਟੀਮੀਟਰ ਤੇ ਭਾਰ 288 ਕਿਲੋਗ੍ਰਾਮ ਤਕ ਹੋ ਜਾਂਦਾ ਹੈ, ਜਦੋਂਕਿ ਮਾਦਾ 100 ਤੋਂ 213 ਕਿਲੋ ਤਕ ਹੁੰਦੀ ਹੈ। ਇਹ ਆਪਣੀ ਲੰਬੀ ਗਰਦਨ ਦੀ ਮਦਦ ਨਾਲ ਸੁੱਕਾ ਘਾਹ ਅਤੇ ਦਰਖ਼ੱਤਾਂ ਦੇ ਪੱਤੇ ਖਾ ਜਾਂਦੀ ਹੈ। ਇਹ ਜਾਨਵਰ ਕਈ ਦਿਨਾਂ ਤਕ ਪਾਣੀ ਤੋਂ ਬਿਨਾਂ ਰਹਿ ਸਕਦਾ ਹੈ ਅਤੇ ਲੰਬੀ ਦੂਰੀ ਤਕ ਬਿਨਾਂ ਥੱਕੇ ਦੌੜ ਸਕਦਾ ਹੈ। ਨੀਲ ਗਾਂ ਇਕ ਘੋੜੇ ਦੀ ਤਰ੍ਹਾਂ ਵੱਡਾ ਜਾਨਵਰ ਲੱਗਦਾ ਹੈ, ਪਰ ਸਰੀਰ ਘੋੜੇ ਵਰਗਾ ਨਹੀਂ ਹੁੰਦਾ। ਦੌੜਦੇ ਵੇਲੇ ਇਹ ਅਜੀਬ ਲੱਗਦੀ ਹੈ ਅਤੇ ਗਤੀ ਘੱਟ ਹੁੰਦੀ ਹੈ। ਇਸਦਾ ਕਾਰਨ ਹੈ ਇਸਦਾ ਪਿਛਲਾ ਹਿੱਸਾ ਅਗਲੇ ਹਿੱਸੇ ਨਾਲੋਂ ਘੱਟ ਉੱਚਾ ਹੋਣਾ। ਇਹ ਬਹੁਤ ਘੱਟ ਆਵਾਜ਼ ਕੱਢਦਾ ਹੈ, ਪਰ ਆਪਸ ਵਿਚ ਲੜਾਈ ਦੌਰਾਨ ਬਹੁਤ ਉੱਚੀ ਆਵਾਜ਼ਾਂ ਕੱਢਦਾ ਹੈ। ਨੀਲ ਗਾਂ ਸੰਘਣੇ ਜੰਗਲ ਵਿਚ ਜਾਣ ਤੋਂ ਕਤਰਾਉਂਦੀ ਹੈ ਅਤੇ ਘਾਹ, ਕੰਡਿਆਂ ਦੀਆਂ ਝਾੜੀਆਂ, ਛੋਟੇ ਦਰੱਖਤਾਂ ਵਿਚ ਰਹਿਣਾ ਪਸੰਦ ਕਰਦੀ ਹੈ। ਹੌਲੀ ਹੌਲੀ ਉਨ੍ਹਾਂ ਨੇ ਖਾਣ ਲਈ ਖੇਤਾਂ ਵੱਲ ਜਾਣਾ ਸ਼ੁਰੂ ਕਰ ਦਿੱਤਾ, ਉਦੋਂ ਤੋਂ ਉਨ੍ਹਾਂ ਦਾ ਸੰਘਰਸ਼ ਇਨਸਾਨਾਂ ਨਾਲ ਸ਼ੁਰੂ ਹੋਇਆ। ਇਸਦੀ

ਸੁਣਨ ਅਤੇ ਵੇਖਣ ਦੀ ਸ਼ਕਤੀ ਤੇਜ਼ ਹੁੰਦੀ ਹੈ।

ਕਈ ਥਾਵਾਂ ’ਤੇ ਨੀਲ ਗਾਵਾਂ ਦੇ ਝੁੰਡ ਖੜ੍ਹੀਆਂ ਫ਼ਸਲਾਂ ਦਾ ਉਜਾੜਾ ਕਰਦੇ ਹਨ। ਕਈ ਥਾਵਾਂ ’ਤੇ ਕਿਸਾਨ ਆਪਣੀ ਫ਼ਸਲ ਦੀ ਰਾਖੀ ਕਰਨ ਲਈ ਪਟਾਕੇ ਤੇ ਬਿਜਲੀ ਦੀਆਂ ਤਾਰਾਂ ਦੀ ਵਰਤੋਂ ਵੀ ਕਰਦੇ ਹਨ। 2017 ਵਿਚ ਪੰਜਾਬ ਸਰਕਾਰ ਵੱਲੋਂ ਫ਼ਸਲਾਂ ਦਾ ਨੁਕਸਾਨ ਕਰਨ ’ਤੇ ਇਸਨੂੰ ਮਾਰਨ ਦਾ ਪਰਮਿਟ ਦੇਣ ਦਾ ਫ਼ੈਸਲਾ ਵੀ ਕੀਤਾ ਗਿਆ। ਸਾਡੇ ਦੇਸ਼ ਵਿਚ ਨੀਲ ਗਾਂ ਜੰਗਲੀ ਜੀਵ (ਸੁਰੱਖਿਆ) ਐਕਟ, 1972 ਦੇ ਸ਼ਡਿਊਲ-111 ਵਿਚ ਸੁਰੱਖਿਅਤ ਹੈ।

ਬਾਲ ਕਹਾਣੀ

# ਆਈਸਕ੍ਰੀਮ

-ਹਰਿੰਦਰ ਸਿੰਘ ਗੋਗਨਾ
98723-25960

‘ਕੱਲ੍ਹ ਐਤਵਾਰ ਹੈ, ਮੌਜਾਂ ਹੀ ਮੌਜਾਂ...।' ਸ਼ਨੀਵਾਰ ਨੂੰ ਜਿਵੇਂ ਹੀ ਸਾਰੀ ਛੁੱਟੀ ਦੀ ਘੰਟੀ ਵੱਜੀ ਤਾਂ ਮਿੰਟੂ ਨੇ ਆਪਣਾ ਬਸਤਾ ਜੋਸ਼ ਤੇ ਉਮੰਗ ਨਾਲ ਚੁੱਕ ਕੇ ਆਪਣੇ ਮੋਢੇ ਟੰਗਦੇ ਕਿਹਾ। ਉਸ ਦੀਆਂ ਦੋਵੇਂ ਭੈਣਾ ਹਰਲੀਨ ਤੇ ਰੋਜ਼ਲੀਨ ਵੀ ਉਸ ਦੀ ਕਲਾਸ ਵਿਚ ਆ ਚੁੱਕੀਆਂ ਸਨ। ਤਿੰਨੋ ਭੈਣ ਭਰਾ ਇਕੋ ਸਕੂਲ ਵਿਚ ਪੜ੍ਹਦੇ ਸਨ।

'ਨਾਲੇ ਵੀਰੇ, ਅੱਜ ਵੀ ਤਾਂ ਮੌਜਾਂ ਹੀ ਕਰਾਂਗੇ...। ਯਾਦ ਹੈ ਨਾ ਆਈਸਕ੍ਰੀਮ...?' ਹਰਲੀਨ ਨੇ ਮਿੰਟੂ ਨੂੰ ਕਿਹਾ।

'ਓਹ ਮੈਂ ਤਾਂ ਭੁੱਲ ਹੀ ਗਿਆ ਸੀ। ਚਲੋ ਘਰ ਜਾਂਦੇ ਹੀ ਮੰਮੀ ਦੀ ਜਮਾਈ ਆਈਸਕ੍ਰੀਮ ਦਾ ਮਜ਼ਾ ਲੈਂਦੇ ਹਾਂ।' ਮਿੰਟੂ ਨੇ ਮੁਸਕਰਾ ਕੇ ਰੋਜ਼ਲੀਨ ਵੱਲ ਵੇਖਦਿਆਂ ਕਿਹਾ। ਫਿਰ ਤਿੰਨੇ ਭੈਣ ਭਰਾ ਘਰ ਵੱਲ ਚੱਲ ਪਏ। ਉਨ੍ਹਾਂ ਦਾ ਘਰ ਸਕੂਲ ਤੋਂ ਥੋੜ੍ਹੀ ਹੀ ਦੂਰ ਸੀ।

ਹੁੰਮਸ ਭਰੀ ਗਰਮੀ ਹੋਣ ਕਾਰਨ ਤਿੰਨੇ ਬੱਚੇ ਜਲਦੀ ਜਲਦੀ ਘਰ ਪਹੁੰਚ ਕੇ ਠੰਢੀ-ਠੰਢੀ ਆਈਸਕ੍ਰੀਮ ਖਾਣ ਦਾ ਮਜ਼ਾ ਲੈਣਾ ਚਾਹੁੰਦੇ ਸਨ। ਸਵੇਰੇ ਸਕੂਲ ਆਉਣ ਸਮੇਂ ਮੰਮੀ ਨੇ ਤਿੰਨਾਂ ਬੱਚਿਆਂ ਨਾਲ ਵਾਅਦਾ ਕੀਤਾ ਸੀ ਕਿ ਵਾਪਸੀ 'ਤੇ ਉਹ ਉਨ੍ਹਾਂ ਨੂੰ ਫ਼ਰਿਜ਼ ਵਿਚ ਜਮਾਈ ਠੰਢੀ-ਠੰਢੀ ਆਈਸਕ੍ਰੀਮ ਖੁਆਉਣਗੇ।

ਰਸਤੇ ਵਿਚ ਵੀ ਤਿੰਨੇ ਭੈਣ ਭਰਾ ਆਈਸਕ੍ਰੀਮ ਦੀਆਂ ਹੀ ਗੱਲਾਂ ਕਰਦੇ ਰਹੇ। ਹਰਲੀਨ ਆਖ ਰਹੀ ਸੀ, 'ਮੈਂ ਤਾਂ ਆਈਸਕ੍ਰੀਮ ਮਿਲਦੇ ਹੀ ਫਟਾਫਟ ਚੱਟ ਕਰ ਜਾਵਾਂਗੀ।' ਰੋਜ਼ਲੀਨ ਕਹਿਣ ਲੱਗੀ, 'ਹਾਂ ਛੇਤੀ-ਛੇਤੀ ਖਾ ਲਵਾਂਗੇ ਨਹੀਂ ਤਾਂ ਗਰਮੀ ਏਨੀ ਪੈ ਰਹੀ ਏ ਕਿ ਆਈਸਕ੍ਰੀਮ ਪਿਘਲ ਜਾਏਗੀ ਫਿਰ ਮਜ਼ਾ ਨਹੀਂ ਆਉਂਣਾ।'

'ਮੈਂ ਤਾਂ ਆਈਸਕ੍ਰੀਮ 'ਤੇ ਸਜਾਈ ਚੈਰੀ ਖਾਵਾਂਗਾ ਫਿਰ ਆਈਸਕ੍ਰੀਮ...। ਮੈਨੂੰ ਠੰਢੀ-ਠੰਢੀ ਚੈਰੀ ਬੜੀ ਸੁਆਦ ਲਗਦੀ ਹੈ।' ਮਿੰਟੂ ਨੇ ਆਪਣੇ ਬੁੱਲ੍ਹਾਂ 'ਤੇ ਜੀਭ ਫੇਰਦਿਆਂ ਕਿਹਾ। ਫਿਰ ਤਿੰਨੇ ਭੈਣ ਭਰਾ ਘਰ ਪੁੱਜ ਗਏ।

ਘਰ ਪੁੱਜਦੇ ਹੀ ਉਹ ਆਪੋ ਆਪਣੇ ਬਸਤੇ ਇਕ ਪਾਸੇ ਰੱਖ ਫ਼ਰਿੱਜ਼ ਵੱਲ ਵਧੇ। ਤਦੇ ਮੰਮੀ ਨੇ ਉਨ੍ਹਾਂ ਨੂੰ ਆਵਾਜ਼ ਦੇ ਕੇ ਕਿਹਾ, 'ਰੁਕੋ ਰੁਕੋ, ਅਜੇ ਤੁਹਾਡੀ ਆਈਸਕ੍ਰੀਮ ਜਮੀ ਨਹੀਂ। ਸਵੇਰ ਦੀ ਤਾਂ ਬਿਜਲੀ ਗਈ ਹੋਈ ਏ। ਤੁਸੀਂ ਨਹਾ ਧੋ ਲਓ। ਬਿਜਲੀ ਆਉਣ ਤੋਂ ਬਾਅਦ ਹੀ ਆਈਸਕ੍ਰੀਮ ਜਮੇਗੀ।'

ਤਿੰਨੇ ਬੱਚਿਆਂ ਦੀਆਂ ਉਮੀਦਾਂ 'ਤੇ ਜਿਵੇਂ ਪਾਣੀ ਫਿਰ ਗਿਆ ਸੀ। ਆਈਸਕ੍ਰੀਮ ਫਟਾਫਟ ਖਾਣ ਦੀ ਰੀਝ ਜਿਵੇਂ ਮਨ ਵਿਚ ਹੀ ਦਬ ਕੇ ਰਹਿ ਗਈ ਸੀ। ਉਹ ਲਟਕੇ ਚਿਹਰਿਆਂ ਨਾਲ ਇਕ ਦੂਜੇ ਵੱਲ ਵੇਖਣ ਲੱਗੇ। ਗਰਮੀ ਕਾਰਨ ਪਹਿਲਾਂ ਹੀ ਉਹ ਪ੍ਰੇਸ਼ਾਨ ਸਨ। ਫਿਰ ਸਭ ਨੇ ਫਰਿਜ਼ ਦਾ ਠੰਢਾ ਪਾਣੀ ਪੀਤਾ ਤੇ ਮੰਮੀ ਦਾ ਮੋਬਾਈਲ ਚੁੱਕ ਉਸ ਵਿਚ ਕਾਰਟੂਨ ਫ਼ਿਲਮ ਵੇਖਣ ਲੱਗੇ। ਪਰ ਤਿੰਨਾਂ ਨੂੰ ਹੁਣ ਬਿਜਲੀ ਆਉਣ ਦੀ ਉਡੀਕ ਸੀ ਤਾਂ ਕਿ ਆਈਸਕ੍ਰੀਮ ਜਮੇ ਤੇ ਉਹ ਖਾਣ।

ਹਰਲੀਨ ਫ਼ਰਿੱਜ਼ ਵੱਲ ਆਈ ਤੇ ਫਰੀਜ਼ਰ ਖੋਲ੍ਹ ਕੇ ਆਈਸਕ੍ਰੀਮ ਦੀ ਉਪਰਲੀ ਪਰਤ 'ਤੇ ਹੱਥ ਲਗਾ ਕੇ ਮੁੜ ਗਈ। ਥੋੜ੍ਹੀ ਦੇਰ ਬਾਅਦ ਮਿੰਟੂ ਫ਼ਰਿੱਜ਼ ਵੱਲ ਆਇਆ ਤੇ ਫ਼ਰੀਜ਼ਰ ਖੋਲ੍ਹ ਕੇ ਉਸ ਵਿਚ ਰੱਖੀ ਆਈਸਕ੍ਰੀਮ ਤੋਂ ਥੋੜ੍ਹੀ ਕੁ ਚੈਰੀ ਲਾਹ ਕੇ ਖਾਣ ਲੱਗਾ। ਮੰਮੀ ਨੇ ਵੇਖਿਆ ਤਾਂ ਆਖਿਆ, 'ਥੋੜ੍ਹਾ ਵੀ ਸਬਰ ਨਹੀਂ ਤੁਹਾਡੇ ਬੱਚਿਆਂ ਵਿਚ। ਬਿਜਲੀ ਆ ਜਾਏਗੀ ਤਾਂ ਜੀਅ ਭਰ ਖਾ ਲੈਣਾ ਆਈਸਕ੍ਰੀਮ...।'

ਫਿਰ ਅਚਾਨਕ ਬਿਜਲੀ ਆ ਗਈ। ਤਿੰਨੇ ਬੱਚਿਆਂ ਦੀ ਖ਼ੁਸ਼ੀ ਦੀ ਹੱਦ ਨਾ ਰਹੀ। ਪਰ ਮੰਮੀ ਨੇ ਦੱਸ ਦਿੱਤਾ ਕਿ ਅਜੇ ਵੀ ਕੁਝ ਸਮਾਂ ਇੰਤਜ਼ਾਰ ਕਰਨਾ ਪਵੇਗਾ। ਤਿੰਨੇ ਇਕ ਵਾਰ ਫਿਰ ਨਿਰਾਸ਼ ਜਿਹਾ ਹੋ ਕੇ ਬਿਸਤਰ 'ਤੇ ਲੇਟ ਗਏ।

ਦੋ ਤਿੰਨ ਘੰਟੇ ਬੜੀ ਮੁਸ਼ਕਲ ਉਨ੍ਹਾਂ ਗੁਜ਼ਾਰੇ। ਫਿਰ ਰੋਜ਼ਲੀਨ ਨੇ ਫ਼ਰਿੱਜ਼ ਖੋਲ੍ਹ ਕੇ ਆਈਸਕ੍ਰੀਮ ਦੀ ਉਪਰਲੀ ਪਰਤ ਵਿਚ ਉਂਗਲ ਗੱਡ ਕੇ ਵੇਖੀ ਤਾਂ ਥੋੜ੍ਹਾ ਚਹਿਕ ਕੇ ਬੋਲੀ, 'ਮੰਮੀ ਆਈਸਕ੍ਰੀਮ ਜੰਮ ਰਹੀ ਏ। ਹੁਣ ਖਾ ਲਈਏ...। ਹੋਰ ਇੰਤਜ਼ਾਰ ਨਹੀਂ ਹੁੰਦਾ।'

ਮੰਮੀ ਨੇ ਆ ਕੇ ਵੇਖਿਆ ਤਾਂ ਕਿਹਾ 'ਅਜੇ ਹੋਰ ਸਮਾਂ ਲੱਗੇਗਾ...। ਪਰ ਮਿੰਟੂ ਤੇ ਹਰਲੀਨ ਕਹਿਣ ਲੱਗੇ, 'ਜਿਵੇਂ ਦੀ ਵੀ ਹੈ ਸਾਨੂੰ ਆਈਸਕ੍ਰੀਮ ਦੇ ਦਿਓ।' ਮੰਮੀ ਨੇ ਥੋੜ੍ਹਾ ਝੁੰਜਲਾ ਕੇ ਕਿਹਾ, 'ਆਪਣੀ ਮਰਜ਼ੀ ਕਰੋ ਤੇ ਖਾ ਲਓ।'

ਤਿੰਨੇ ਫ਼ਰਿੱਜ਼ ਵੱਲ ਦੌੜੇ ਤੇ ਫਿਰ ਆਈਸਕ੍ਰੀਮ ਦਾ ਰੱਖਿਆ ਬਰਤਨ ਬਾਹਰ ਕੱਢ ਲਿਆਏ। ਪਰ ਬਰਤਨ ਥੋੜ੍ਹਾ ਟੇਢਾ ਹੁੰਦਿਆਂ ਹੀ ਦੁੱਧ ਦੀਆਂ ਬੂੰਦਾਂ ਛਲਕ ਪਈਆਂ। ਆਈਸਕ੍ਰੀਮ ਅਜੇ ਪੂਰੀ ਤਰ੍ਹਾਂ ਜੰਮੀ ਨਹੀਂ ਸੀ। ਪਰ ਤਿੰਨਾਂ ਨੂੰ ਸੰਤੁਸ਼ਟੀ ਸੀ। ਜਿਵੇਂ ਕੋਈ ਧਨ ਮਿਲ ਗਿਆ ਹੋਵੇ। ਤਿੰਨਾਂ ਨੇ ਆਪਸ ਵਿਚ ਬਰਾਬਰ ਆਈਸਕ੍ਰੀਮ ਵੰਡ ਲਈ ਤੇ ਫਿਰ ਇਕ ਥਾਂ ਬੈਠ ਕੇ ਖਾਣ ਲੱਗੇ। ਉਨ੍ਹਾਂ ਦੇ ਖਿੜੇ ਚਿਹਰੇ ਵੇਖ ਕੇ ਉਨ੍ਹਾਂ ਦੀ ਮੰਮੀ ਚਿਹਰਾ ਵੀ ਖ਼ੁਸ਼ੀ ਨਾਲ ਖਿੜ ਗਿਆ ਸੀ।

-0-

# ਕੀੜੀਆਂ ਦੀ ਕਲੋਨੀ

**- ਇੰਦਰਜੀਤ ਸਿੰਘ ਮੋ: 85589-67274**

ਕੇਂਦਰੀ ਅਫ਼ਰੀਕਾ, ਦੱਖਣੀ ਅਫ਼ਰੀਕਾ ਅਤੇ ਦੱਖਣੀ ਏਸ਼ੀਆ 'ਚ ਮਾਸਾਹਾਰੀ ਕੀੜੀਆਂ ਪਾਈਆਂ ਜਾਂਦੀਆਂ ਹਨ।

ਕੀੜੀਆਂ ਦੀ ਏਕਤਾ ਦੀ ਦੁਨੀਆ 'ਚ ਬਹੁਤ ਵੱਡੀ ਮਿਸਾਲ ਹੈ। ਕੀੜੀਆਂ ਦੀ ਕਾਲੋਨੀ ਵੀ ਹੁੰਦੀ ਹੈ।

ਉਹ ਹਰ ਕਾਲੋਨੀ ਵਿਚ 12 ਤੋਂ ਲੈ ਕੇ ਕਈ ਹਜ਼ਾਰ ਹੋ ਸਕਦੀਆਂ ਹਨ। ਉਨ੍ਹਾਂ ਦੀ ਕਾਲੋਨੀ ਜ਼ਮੀਨ ਤੋਂ ਹੇਠਾਂ ਹੁੰਦੀ ਹੈ। ਇਨ੍ਹਾਂ ਦੀਆਂ 2000 ਤੋਂ ਵੱਧ ਪ੍ਰਜਾਤੀਆਂ ਹਨ। ਪਰ ਸਭ ਤੋਂ ਆਮ ਕਾਲੀਆਂ ਅਤੇ ਲਾਲ ਕੀੜੀਆਂ ਹਨ।

ਬੱਚਿਓ, ਕੀੜੀਆਂ ਦਾ ਇਕ ਕਿਸਮ ਦਾ ਰਾਸ਼ਟਰ ਹੁੰਦਾ ਹੈ। ਇਹ ਆਪਣੀ ਮਿਹਨਤ ਨਾਲ ਮਿੱਟੀ ਦਾ 20 ਫੁੱਟ ਦਾ ਟਿੱਲਾ ਤਿਆਰ ਕਰ ਸਕਦੀਆਂ ਹਨ। ਇਹ ਇਕ ਸਮਾਜਿਕ ਜੰਤੂ ਹਨ। ਜੋ ਸਾਡੀ ਜ਼ਿੰਦਗੀ 'ਚ ਥਾਂ ਰੱਖਦੀਆਂ ਹਨ। ਇਹ ਧਰਤੀ ਦੀ ਸਫ਼ਾਈ ਵਿਚ ਬਹੁਤ ਸਹਿਯੋਗ ਕਰਦੀਆਂ ਹਨ।

ਕੀੜੀਆਂ ਦਾ ਆਪਸ ਵਿਚ ਯੁੱਧ ਵੀ ਹੁੰਦਾ ਹੈ। ਕੀੜੀਆਂ ਇਕ-ਦੂਜੇ ਦੇ ਇਲਾਕੇ 'ਤੇ ਕਬਜ਼ਾ ਵੀ ਕਰਦੀਆਂ ਹਨ। ਕੀੜੀਆਂ ਆਪਣੇ ਗੁਲਾਮ ਵੀ ਰੱਖਦੀਆਂ ਹਨ ਅਤੇ ਉਨ੍ਹਾਂ ਕੋਲੋਂ ਕੰਮ ਕਰਵਾਉਂਦੀਆਂ ਹਨ। ਕੀੜੀਆਂ ਆਪਣੇ ਤੋਂ ਮਾੜੇ ਤੇ ਕਮਜ਼ੋਰ ਗਰੁੱਪ ਨੂੰ ਆਪਣੇ ਅਧੀਨ ਕਰਨ ਲਈ ਉਨ੍ਹਾਂ ਨਾਲ ਲੜਾਈ ਇਸ ਤਰ੍ਹਾਂ ਕਰਦੀਆਂ ਹਨ ਜਿਵੇਂ ਕੋਈ ਰਾਜਾ ਆਪਣੀ ਫ਼ੌਜ ਨਾਲ ਹਮਲਾ ਕਰਦਾ ਹੈ। ਉਨ੍ਹਾਂ ਦੇ ਖਾਣੇ ਦੇ ਭੰਡਾਰਾਂ ਨੂੰ ਆਪਣੀ ਥਾਂ 'ਤੇ ਲੈ ਜਾਂਦੀਆਂ ਹਨ। ਕੁਝ ਕੀੜੀਆਂ ਮਾਸਾਹਾਰੀ ਹੁੰਦੀਆਂ ਹਨ।

ਕੇਂਦਰੀ ਅਫ਼ਰੀਕਾ, ਦੱਖਣੀ ਅਫ਼ਰੀਕਾ ਅਤੇ ਦੱਖਣੀ ਏਸ਼ੀਆ 'ਚ ਮਾਸਾਹਾਰੀ ਕੀੜੀਆਂ ਪਾਈਆਂ ਜਾਂਦੀਆਂ ਹਨ। ਇਨ੍ਹਾਂ ਨੂੰ ਡਰਾਇਵਰ ਕੀੜੀਆਂ ਕਿਹਾ ਜਾਂਦਾ ਹੈ। ਇਨ੍ਹਾਂ ਤੋਂ ਵੱਡੇ ਤੋਂ ਵੱਡਾ ਜਾਨਵਰ ਡਰਦਾ ਹੈ। ਜਦੋਂ ਇਹ ਕਿਸੇ 'ਤੇ ਹਮਲਾ ਕਰਦੀਆਂ ਹਨ ਤਾਂ ਬਹੁਤ ਵੱਡੀ ਗਿਣਤੀ 'ਚ ਹੁੰਦੀਆਂ ਹਨ। ਕੀੜੀਆਂ ਆਪਣੇ ਭਾਰ ਤੋਂ 100 ਗੁਣਾ ਵੱਧ ਭਾਰ ਚੁੱਕ ਸਕਦੀਆਂ ਹਨ। ਇਹ ਵੀ ਡਰਾਇਵਰ ਕੀੜੀਆਂ ਆਪਣੇ ਦੁਸ਼ਮਣ ਨੂੰ ਪਾਣੀ ਵਿਚ ਵੀ ਡਬੋ ਕੇ ਮਾਰਦੀਆਂ ਹਨ।

# ਪ੍ਰਚਾਰ ਦਾ ਅਸਰ ਕਿਉਂ ਨਹੀਂ ਹੋ ਰਿਹਾ?

-ਡਾ. ਦਲਜੀਤ ਸਿੰਘ

ਆਮ ਤੌਰ 'ਤੇ ਇਹ ਗੱਲ ਕਹੀ ਜਾਂਦੀ ਹੈ ਕਿ ਪ੍ਰਚਾਰ ਦੀ ਬਹੁਤ ਕਮੀ ਹੈ। ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਵਾਲੇ ਕਰੋੜਾਂ ਦਾ ਬਜਟ ਹੋਣ ਦੇ ਬਾਵਜੂਦ ਵੀ ਪ੍ਰਚਾਰ ਵੱਲ ਵਿਸ਼ੇਸ਼ ਧਿਆਨ ਨਹੀਂ ਦੇਂਦੇ। ਸਿੱਖ ਨੌਜਵਾਨ ਪਤਿਤ ਹੁੰਦੇ ਜਾ ਰਹੇ ਹਨ ਅਤੇ ਨਸ਼ੇੜੀ ਬਣਦੇ ਜਾ ਰਹੇ ਹਨ। ਸਿੱਖ ਨੌਜਵਾਨ ਵੀਰਾਂ/ਭੈਣਾਂ ਨੂੰ ਸਿੱਖ ਕੌਮ ਦੇ ਗੌਰਵਮਈ ਵਿਰਸੇ ਤੋਂ ਜਾਣੂ ਕਰਵਾਉਣ ਦੀ ਬਹੁਤ ਲੋੜ ਹੈ। ਇਸ ਤਰ੍ਹਾਂ ਦੇ ਬਹੁਤ ਸਾਰੇ ਵਿਚਾਰ ਆਮ ਤੌਰ 'ਤੇ ਸੁਣੇ ਜਾਂਦੇ ਹਨ।

ਪਰ ਜੇ ਧਿਆਨ ਨਾਲ ਵਾਚਿਆ ਜਾਏ ਤਾਂ ਇਹ ਗੱਲ ਸਪੱਸ਼ਟ ਨਜ਼ਰ ਆਉਂਦੀ ਹੈ ਕਿ ਪ੍ਰਚਾਰ ਬਹੁਤ ਹੋ ਰਿਹਾ ਹੈ। ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਵਾਲੇ ਵੀ ਆਪਣੇ ਹਿਸਾਬ ਨਾਲ ਪ੍ਰਚਾਰ ਕਰ ਰਹੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਛੋਟੀਆਂ-ਵੱਡੀਆਂ ਸੰਸਥਾਵਾਂ, ਪੰਜਾਬ ਅਤੇ ਪੰਜਾਬ ਤੋਂ ਬਾਹਰ ਵੀ ਆਪੋ ਆਪਣੇ ਵਿੱਤ ਅਨੁਸਾਰ ਪ੍ਰਚਾਰ ਵਿਚ ਲਗੀਆਂ ਹੋਈਆਂ ਹਨ। ਵਿਅਕਤੀਗਤ ਤੌਰ 'ਤੇ ਵੀ ਬਹੁਤ ਸਾਰੇ ਵੀਰ-ਭੈਣ ਆਪਣੀ ਸਮਝ ਅਨੁਸਾਰ ਪ੍ਰਚਾਰ ਵਿਚ ਹਿੱਸਾ ਪਾ ਰਹੇ ਹਨ। ਟੀ. ਵੀ. ਚੈਨਲਾਂ, ਇੰਟਰਨੈਟ, ਸੀ. ਡੀ., ਡੀ. ਵੀ. ਡੀ., ਨਾਟਕ, ਵਾਰਤਾਲਾਪ, ਕੈਂਪਾਂ, ਹਫਤਾਵਾਰੀ ਕਲਾਸਾਂ, ਪੁਸਤਕਾਂ ਰਾਹੀਂ ਵੀ ਪ੍ਰਚਾਰ ਬਹੁਤ ਹੋ ਰਿਹਾ ਹੈ ।ਸਿੱਖ ਕੌਮ ਦੀ ਗਿਣਤੀ ਅਨੁਸਾਰ ਰਾਗੀਆਂ, ਪ੍ਰਚਾਰਕਾਂ, ਕਥਾਵਾਚਕਾਂ, ਕਵੀਆਂ, ਕਵੀਸਰਾਂ, ਢਾਡੀਆਂ, ਲੇਖਕਾਂ ਦੀ ਗਿਣਤੀ ਵੀ ਬਹੁਤ ਹੈ। ਅਨਗਿਣਤ ਵੀਰ-ਭੈਣ ਹਨ, ਜੋ ਨਿਸ਼ਕਾਮ ਹੋ ਕੇ ਧਾਰਮਿਕ ਮੈਗਜ਼ੀਨ ਬੁੱਕ ਕਰਦੇ ਹਨ, ਫ੍ਰੀ ਲਿਟਰੇਚਰ ਵੰਡਦੇ ਹਨ। ਸੋ ਇਹ ਗੱਲ ਕਹਿਣੀ ਕਿ ਪ੍ਰਚਾਰ ਦੀ ਘਾਟ ਹੈ, ਗ਼ਲਤ ਹੈ। ਪ੍ਰਚਾਰ ਤਾਂ ਬਹੁਤ ਹੋ ਰਿਹਾ ਹੈ। ਕਿਤੇ ਕੀਰਤਨ ਦਰਬਾਰ, ਕਿਤੇ ਢਾਡੀ ਦਰਬਾਰ, ਕਿਤੇ ਰੈਣ ਸਬਾਈ ਕੀਰਤਨ, ਕਿਤੇ ਕਵੀ ਸੰਮੇਲਨ, ਕਿਤੇ ਗੁਰਮਤਿ ਸਮਾਗਮ, ਕਿਤੇ ਸੈਮੀਨਾਰ, ਕਿਤੇ ਨਾਮ ਸਿਮਰਨ: ਇਹੋ ਜਿਹੇ ਪ੍ਰੋਗਰਾਮ ਚਲਦੇ ਰਹਿੰਦੇ ਹਨ। ਅਖੰਡ ਪਾਠਾਂ ਦੀਆਂ ਲੜੀਆਂ ਵੀ ਜਾਰੀ ਹਨ।

ਪ੍ਰਚਾਰ ਦੇ ਅਸਰ ਕਰ ਕੇ ਜਿੱਥੇ ਕੁੱਝ ਨੌਜਵਾਨ ਵਾਪਸ ਮੁੜਦੇ ਹਨ, ਉੱਥੇ ਵਧੇਰੇ ਗਿਣਤੀ ਵਿਚ ਨੌਜਵਾਨ ਬੱਚੇ-ਬੱਚੀਆਂ ਨੂੰ ਪਤਿਤਪੁਣੇ, ਫੈਸ਼ਨ ਅਤੇ ਨਸ਼ਿਆਂ ਵੱਲ ਭੱਜੇ- ਫਿਰਦੇ ਵੇਖ ਕੇ ਦਿਲ ਨੂੰ ਬੜੀ ਠੇਸ ਵਜਦੀ ਹੈ। ਕੇਵਲ ਨੌਜਵਾਨ ਹੀ ਨਹੀਂ, ਸਿੱਖ ਕੌਮ ਦੀ ਵਧੇਰੀ ਗਿਣਤੀ ਵੀ ਗੁਰਮਤਿ ਤੋਂ ਅਨਜਾਣ ਨਜ਼ਰ ਆਉਂਦੀ ਹੈ। ਪ੍ਰਚਾਰ ਤਾਂ ਬਹੁਤ ਹੋ ਰਿਹਾ ਹੈ, ਪਰ ਪ੍ਰਚਾਰ ਦਾ ਅਸਰ ਨਹੀਂ ਹੋ ਰਿਹਾ। ਪ੍ਰਚਾਰ ਦਾ ਅਸਰ ਕਿਉਂ ਨਹੀਂ ਹੋ ਰਿਹਾ, ਇਹ ਇਕ ਗੰਭੀਰ ਵਿਸ਼ਾ ਹੈ। ਹਰ ਕੋਈ ਇਸ ਗੱਲ ਦਾ ਜਵਾਬ ਆਪੋ-ਆਪਣੀ ਸਮਝ ਅਨੁਸਾਰ ਦੇਵੇਗਾ। ਮੈਂ ਆਪਣੀ ਸੀਮਤ ਬੁੱਧੀ ਅਨੁਸਾਰ ਕੁੱਝ ਵਿਚਾਰ ਪੇਸ਼ ਕਰ ਰਿਹਾ ਹਾਂ।

**੧) ਬਹੁਗਿਣਤੀ ਹਿੰਦੂਆ ਦਾ ਪ੍ਰਭਾਵ** : ਸਿੱਖ ਗਿਣਤੀ ਪੱਖੋਂ ਹਿੰਦੂਆਂ ਦੇ ਮੁਕਾਬਲੇ ਕੁੱਝ ਵੀ ਨਹੀਂ ਹਨ। ਸਿੱਖ ਬਹੁਤ ਹੀ ਘਟਗਿਣਤੀ ਕੌਮ ਹੋਣ ਦੇ ਬਾਵਜੂਦ ਕਈ ਧੜਿਆਂ ਵਿੱਚ ਵੰਡੇ ਹੋਏ ਹਨ। ਇਤਿਹਾਸਿਕ ਪੱਖ ਤੋਂ ਵੀ ਇਹ ਝੂਠਾ ਪ੍ਰਚਾਰ ਕੀਤਾ ਜਾਂਦਾ ਹੈ ਕਿ ਸਿੱਖਾਂ 'ਤੇ ਮੁਸਲਮਾਨਾਂ ਨੇ ਬਹੁਤ ਜ਼ੁਲਮ ਕੀਤੇ ਹਨ ਅਤੇ ਹਿੰਦੂਆਂ ਨੇ ਸਿੱਖਾਂ ਦੀ ਮੱਦਦ ਕੀਤੀ। ਬਹੁਤ ਵਿਸਥਾਰ ਵਿਚ ਨਾ ਜਾਂਦੇ ਹੋਏ, ਮੈਂ ਇਤਿਹਾਸ ਨੂੰ ਵਾਚਣ ਤੋਂ ਬਾਅਦ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜਿੱਥੇ ਸਿੱਖਾਂ ਤੇ ਮੁਸਲਮਾਨਾਂ ਨੇ ਜ਼ੁਲਮ ਕੀਤਾ, ਉੱਥੇ ਹਿੰਦੂਆਂ ਨੇ ਵੀ ਜ਼ੁਲਮ ਘੱਟ ਨਹੀਂ ਕੀਤਾ। ਪਰ ਇਸਦੇ ਨਾਲ ਹੀ ਇਹ ਗੱਲ ਵੀ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਨਾਲ ਲਿਖੀ ਹੋਈ ਮਿਲਦੀ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਵੀ ਅਤੇ ਉਸ ਤੋਂ ਬਾਅਦ ਹੁਣ ਤਕ, ਮੁਸਲਮਾਨਾਂ ਦੇ ਨਾਲ-ਨਾਲ ਹਿੰਦੂਆਂ ਦੇ ਸਬੰਧ ਸਿੱਖਾਂ ਨਾਲ ਚੰਗੇ ਰਹੇ ਹਨ ਅਤੇ ਚੰਗੇ ਹਨ। ਇਸ ਦੇ ਬਾਵਜੂਦ ਆਮ ਤੌਰ 'ਤੇ ਸਿੱਖ ਅੱਜ ਵੀ ਮੁਸਲਮਾਨਾਂ ਤੋਂ ਚੰਗਾ ਹਿੰਦੂਆਂ ਨੂੰ ਸਮਝਦੇ ਹਨ। ਇਸੇ ਕਰਕੇ ਹਿੰਦੂਆਂ ਨਾਲ ਜ਼ਿਆਦਾ ਮੇਲ-ਜੋਲ ਹੋਣ ਕਰਕੇ, ਉਨ੍ਹਾਂ ਦੇ ਪ੍ਰਭਾਵ ਹੇਠ ਆ ਜਾਂਦੇ ਹਨ।

ਬਹੁਗਿਣਤੀ ਹਿੰਦੂਆਂ ਦਾ ਰਾਜਸੱਤਾ ਤੇ ਕਬਜ਼ਾ, ਮੀਡੀਆ 'ਤੇ ਕਬਜ਼ਾ, ਸਾਹਿਤਕਾਰਾਂ 'ਤੇ ਕਬਜ਼ਾ, ਮਿਥਿਹਾਸਕ ਸਭਿਆਚਾਰ ਦਾ ਪ੍ਰਚਾਰ, ਕਿਸੇ ਵੀ ਗੱਲ ਨੂੰ ਬਾਰ-ਬਾਰ ਅਤੇ ਵੱਖ-ਵੱਖ ਸਟੇਜਾਂ ਤੋਂ ਬੜੇ ਹੀ ਜ਼ੋਰਦਾਰ ਢੰਗ ਨਾਲ ਕਹਿਣਾ ਆਦਿ ਦਾ ਪ੍ਰਭਾਵ ਸਿੱਖਾਂ 'ਤੇ ਪੈ ਜਾਂਦਾ ਹੈ। ਇਸ ਤੋਂ ਵੀ ਵੱਧ ਖ਼ਤਰਨਾਕ ਉਨ੍ਹਾਂ ਦੀ ਚਾਲ ਹੈ: ਸਿੱਖ ਧਰਮ ਅਸਥਾਨ, ਸਿੱਖ ਸਭਿਆਚਾਰ, ਸਿੱਖ ਸਾਹਿਤ, ਸਿੱਖ ਇਤਿਹਾਸ, ਸਿੱਖ ਆਗੂਆਂ ਆਦਿ ਵਿਚ ਘੁਸਪੈਠ।

ਉਨ੍ਹਾਂ ਦੀਆਂ ਲੂੰਬੜ ਅਤੇ ਬਗਲਾ ਚਾਲਾਂ ਵਿਚ ਸਿੱਖ ਜਾਣੇ-ਅਨਜਾਣੇ ਫਸਦੇ ਰਹੇ ਹਨ ਅਤੇ ਫਸਦੇ ਪਏ ਹਨ। ਜਿੱਥੇ ਬਹੁਤੇ ਸਿੱਖ ਉਨ੍ਹਾਂ ਦੀਆਂ ਚਾਲਾਂ ਤੋਂ ਅਨਜਾਣ ਹਨ, ਉੱਥੇ ਕਈ ਸਿੱਖ ਲਾਲਚ ਜਾਂ ਭੈ ਕਰ ਕੇ ਅਤੇ ਸਭ ਕੁੱਝ ਜਾਣਦੇ ਹੋਏ ਵੀ ਨਾ ਕੇਵਲ ਮੂੰਹ ਬੰਦ ਕੋਈ ਰਖਦੇ ਹਨ, ਬਲਕਿ ਉਨ੍ਹਾਂ ਦੀ ਚਾਪਲੂਸੀ ਅਤੇ ਜ਼ੀ ਹਜ਼ੂਰੀ ਵਿਚ ਹੀ ਲੱਗੇ ਰਹਿੰਦੇ ਹਨ। ਕਈ ਤਾਂ ਆਪਣੇ ਸਵਾਰਥ ਪਿੱਛੇ ਬ੍ਰਾਹਮਣੀ ਕਰਮਕਾਂਡ ਕਰਨ ਤੋਂ ਵੀ ਪ੍ਰਹੇਜ ਨਹੀਂ ਕਰਦੇ।

ਹਿੰਦੂਆਂ ਦੀਆਂ ਲੂੰਬੜ ਚਾਲਾਂ ਤੋਂ ਸਿੱਖ ਕੌਮ ਨੂੰ ਬਚਾਉਣ ਲਈ ਜਾਗਰੂਕ ਸਿੱਖ ਅਤੇ ਬੁੱਧੀਜੀਵੀ ਵਰਗ ਵਿੱਚੋਂ ਬਹੁਤ ਸਾਰੇ ਵਿਦਵਾਨ ਆਪਣੇ ਸਿਰ-ਧੜ ਦੀ ਬਾਜ਼ੀ ਲਗਾ ਕੇ ਸਿੱਖ ਕੌਮ ਨੂੰ ਜਾਗਰੂਕ ਅਤੇ ਸੁਚੇਤ ਕਰਨ ਦਾ ਉਪਰਾਲਾ ਕਰ ਰਹੇ ਹਨ। ਇਸੇ ਕਰ ਕੇ ਉਹ ਸਿੱਖ ਵਿਰੋਧੀ ਆਪਣੇ ਮੰਤਵ ਵਿਚ ਸਫਲ ਨਹੀਂ ਹੋ ਸਕੇ। ਲੋੜ ਹੈ ਇਸ ਪ੍ਰਚਾਰ ਨੂੰ ਹੋਰ ਚੰਗੇ, ਸੁਚੱਜੇ, ਵਿਉਂਤਬਧ ਅਤੇ ਪ੍ਰਭਾਵਸ਼ਾਲੀ ਬਨਾਉਣ ਦੀ, ਤਾਂਕਿ ਸਿੱਖ ਜਾਗਰੂਕ ਹੋ ਕੇ ਉਨ੍ਹਾਂ ਦੇ ਬਹਿਕਾਵੇ ਵਿਚ ਨਾ ਆ ਸਕਣ।

**੨) ਪ੍ਰਚਾਰ ਦਾ ਢੰਗ ਪੁਰਾਤਨਵਾਦੀ** :- ਪ੍ਰਚਾਰ ਦਾ ਢੰਗ ਪ੍ਰਭਾਵਸ਼ਾਲੀ ਅਤੇ ਅਜੋਕੇ ਯੁੱਗ ਦੇ ਹਾਣ ਦੀ ਥਾਂ ਪੁਰਾਤਨ ਸ਼ੈਲੀ ਭਾਵ ਮਿਥਿਹਾਸ ਦੀ ਚਾਸ਼ਨੀ ਵਿੱਚ ਲਪੇਟਿਆ ਹੋਇਆ ਹੈ। ਇੱਕ ਪੱਖ ਪ੍ਰਚਾਰ ਕਰਦਾ ਹੈ ਕਿ ਸ਼ਰਧਾ ਤੋਂ ਬਿਨਾਂ ਸਿੱਖੀ ਵਿੱਚ ਕੁਝ ਵੀ ਨਹੀਂ, ਤਰਕ ਜਾਂ ਕਿੰਤੂ-ਪ੍ਰੰਤੂ ਦਾ ਕੋਈ ਅਸਥਾਨ ਨਹੀਂ। ਦੂਜਾ ਪੱਖ ਕਹਿੰਦਾ ਹੈ ਕਿ ਸ਼ਰਧਾ ਜ਼ਰੂਰੀ ਹੈ, ਪਰ ਅੰਨ੍ਹੀ ਸ਼ਰਧਾ ਨਹੀਂ। ਜਿਸ ਤਰ੍ਹਾਂ ਸਿੱਖ ਧਰਮ ਵਿੱਚ ਧਰਮ ਅਤੇ ਰਾਜਨੀਤੀ ਇੱਕਠੀ ਮੰਨੀ ਜਾਂਦੀ ਹੈ, ਇਸੇ ਤਰ੍ਹਾਂ ਸ਼ਰਧਾ ਅਤੇ ਤਰਕ ਦੋਵੇਂ ਹੀ ਜ਼ਰੂਰੀ ਹਨ। ਇਸ ਦੇ ਨਾਲ ਹੀ ਇਹ ਗੱਲ ਵੀ ਧਿਆਨ ਰੱਖਣ ਵਾਲੀ ਹੈ ਕਿ ਧਰਮ ਅਧੀਨ ਰਾਜਨੀਤੀ ਸੁਖਦਾਈ ਹੈ ਅਤੇ ਰਾਜਨੀਤੀ ਅਧੀਨ ਧਰਮ ਦੁਖਦਾਈ ਹੈ। ਇਸੇ ਤਰ੍ਹਾਂ ਹੀ ਅਸੀਂ ਕਹਿ ਸਕਦੇ ਹਾਂ ਕਿ ਸ਼ਰਧਾ ਅਤੇ ਤਰਕ, ਦੋਵਾਂ ਦਾ ਸੁਮੇਲ ਹੀ ਸਿੱਖ ਕੌਮ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾ ਸਕਦਾ ਹੈ। ਇਸ ਵਕਤ ਇੰਟਰਨੈਟ, ਇਲੈਕਟ੍ਰੌਨਿਕ ਮੀਡੀਆ, ਪ੍ਰਿੰਟ ਮੀਡੀਆ ਰਾਹੀਂ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਪ੍ਰਚਾਰ ਨੂੰ ਹੋਰ ਸੁਚੱਜੇ ਢੰਗ ਨਾਲ ਚਲਾਇਆ ਜਾਣਾ ਚਾਹੀਦਾ ਹੈ।

**3) ਬੇਰੁਜ਼ਗਾਰੀ** :- ਬੇਰੁਜ਼ਗਾਰ ਮਨੁੱਖ ਉੱਤੇ ਵੀ ਧਰਮ ਪ੍ਰਚਾਰ ਦਾ ਅਸਰ ਨਹੀਂ ਹੁੰਦਾ। ਉਸਨੂੰ ਪਰਿਵਾਰ ਚਲਾਉਣ ਦੀ ਚਿੰਤਾ ਹੁੰਦੀ ਹੈ। ਬੇਰੁਜ਼ਗਾਰ ਅਤੇ ਗਰੀਬ ਮਨੁੱਖ ਨੂੰ ਸਮਾਜ ਵਿਚ ਵੀ ਇੱਜ਼ਤ ਨਹੀਂ ਮਿਲਦੀ। ਗੁਰਬਾਣੀ ਵੀ ਇਸ ਗੱਲ ਦੀ ਗਵਾਹੀ ਭਰਦੀ ਹੈ। ਲੋੜ ਹੈ ਕਿ ਅਸੀ ਬੇਰੁਜ਼ਗਾਰ ਦੀ ਇਸ ਢੰਗ ਨਾਲ ਮਦਦ ਕਰੀਏ ਕਿ ਉਹ ਰੁਜ਼ਗਾਰ ਕਰ ਸਕੇ। ਕਿਸੇ ਵੀ ਗੁਰਸਿੱਖ ਨੂੰ ਆਰਥਿਕ ਅਤੇ ਹੁਨਰ ਪੱਖ ਤੋਂ ਮਦਦ ਕੀਤੀ ਜਾਣੀ ਚਾਹੀਦੀ ਹੈ ਤਾਂਕਿ ਉਹ ਆਪਣਾ ਕੰਮ ਕਰ ਸਕੇ ਜਾਂ ਫਿਰ ਦੁਕਾਨਦਾਰ ਜਾਂ ਇੰਡਸਟਰੀ ਵਾਲੇ ਉਸਨੂੰ ਸਰਵਿਸ 'ਤੇ ਰੱਖਣ ਵੱਲ ਧਿਆਨ ਦੇਣ।

**੪) ਹੀਨ-ਭਾਵਨਾ** : ਸਿੱਖਾਂ ਸਮੇਤ ਹਰ ਮਨੁੱਖ ਅਮੀਰ ਬਣਨਾ ਚਾਹੁੰਦਾ ਹੈ। ਜਦੋਂ ਕੋਈ ਸਿੱਖ ਵੀਰ ਆਪਣੇ ਆਪ ਨੂੰ ਗਰੀਬ ਜਾਂ ਘੱਟ ਪੜ੍ਹਿਆ ਲਿਖਿਆ ਸਮਝਦਾ ਹੈ ਤਾਂ ਉਸਦੇ ਅੰਦਰ ਹੀਨ-ਭਾਵਨਾ ਆ ਜਾਂਦੀ ਹੈ। ਕਈ ਵਾਰ ਕਈ ਸਿੱਖ ਸਮਝਣ ਲੱਗ ਪੈਂਦੇ ਹਨ ਕਿ ਫਲਾਣੀ ਥਾਂ 'ਤੇ ਫਲਾਣੀ ਨੌਕਰੀ ਕਰਨ ਸਮੇਂ ਕੇਸ ਕਟਵਾਉਣੇ ਜ਼ਰੂਰੀ ਹਨ, ਇਹ ਵਿਚਾਰ ਹੀਨ-ਭਾਵਨਾ ਕਰ ਕੇ ਹੀ ਉਸਦੇ ਅੰਦਰ ਆਉਂਦੀ ਹੈ। ਕਈ ਵਾਰੀ ਕਈ ਗੁਰਸਿੱਖ, ਸਿੱਖ ਨੂੰ ਭੱਦੇ ਚੁਟਕਲੇ ਸੁਣਾਉਂਦੇ ਹਨ, ਕੇਸਾਂ ਦਾ ਮਜ਼ਾਕ ਉਡਾਉਂਦੇ ਹਨ, 'ਬਾਰਾਂ ਵਜੇ" ਦਾ ਤਾਹਨਾ ਮਾਰਦੇ ਹਨ। ਆਪਣੇ ਗੌਰਵਮਈ ਵਿਰਸੇ ਤੋਂ ਅਨਜਾਣ ਸਿੱਖ ਇਨ੍ਹਾਂ ਗੱਲਾਂ ਕਰ ਕੇ ਹੀਨ-

ਭਾਵਨਾ ਨਾਲ ਭਰ ਜਾਂਦਾ ਹੈ ਅਤੇ ਫਿਰ ਉਹ ਹੌਲੀ-ਹੌਲੀ ਸਿੱਖੀ ਤੋਂ ਦੂਰ ਹੁੰਦਾ ਚਲਾ ਜਾਂਦਾ ਹੈ। ਸੋ ਲੋੜ ਹੈ ਨੌਜਵਾਨਾਂ ਵਿੱਚੋਂ ਹੀ ਨੌਜਵਾਨ ਤਿਆਰ ਕਰਨ ਦੀ, ਜੋ ਉਨ੍ਹਾਂ ਦੇ ਵਿਚ ਰਹਿ ਕੇ ਉਨ੍ਹਾਂ ਨੂੰ ਅਹਿਸਾਸ ਕਰਵਾਉਣ ਕਿ ਸਿੱਖ ਅਤੇ ਸਿੱਖੀ, ਦੋਨੋਂ ਹੀ ਮਹਾਨ ਹਨ।

**੫) ਪ੍ਰਚਾਰਕ ਸ਼੍ਰੇਣੀ ਦਾ ਵਾਪਾਰੀਕਰਨ:-** ਪ੍ਰਚਾਰਕ ਸ਼੍ਰੇਣੀ ਭਾਵ ਰਾਗੀ, ਢਾਡੀ, ਪ੍ਰਚਾਰਕ, ਕਥਾਵਾਚਕ, ਕਵੀ ਆਦਿ ਦਾ ਵਾਪਾਰੀ ਬਣ ਜਾਣਾ। ਬਹੁਤਿਆਂ ਦਾ 'ਪ੍ਰਚਾਰ' ਦਾ ਮਕਸਦ ਕੇਵਲ ਪੈਸਾ ਕਮਾਉਣਾ ਬਣ ਗਿਆ ਹੈ। ਦੀਵਾਨਾਂ ਦੀ ਗਿਣਤੀ ਅਤੇ ਸਟੇਜ ਦੇ ਸਮੇਂ ਅਨੁਸਾਰ 'ਸੌਦਾ' ਤੈਅ ਹੁੰਦਾ ਹੈ। ਆਉਣ ਜਾਣ ਦਾ ਗੱਡੀ ਦਾ ਏ.ਸੀ. ਦਾ ਕਿਰਾਇਆ ਜਾਂ ਫਲਾਈਟ ਦਾ ਕਿਰਾਇਆ ਲੈਣ ਦੀ ਗੱਲ ਤੈਅ ਕੀਤੀ ਜਾਂਦੀ ਹੈ। ਐਸਾ ਵੀ ਕਈ ਵਾਰ ਹੋਇਆ ਹੈ ਕਿ ਐਗਰੀਮੈਂਟ ਤੋਂ ਬਾਅਦ, ਜੇ ਕਿਸੇ ਦੂਜੀ ਥਾਂ 'ਤੇ ਵੱਧ ਪੈਸਾ ਮਿਲ ਜਾਂਦਾ ਹੈ ਤਾਂ ਪਹਿਲੀ ਥਾਂ 'ਤੇ ਧੋਖਾ ਦੇ ਦਿੱਤਾ ਜਾਂਦਾ ਹੈ। ਇਨ੍ਹਾਂ ਗੱਲਾਂ ਕਰ ਕੇ ਆਮ ਸਿੱਖ ਸੰਗਤਾਂ 'ਤੇ ਇਨ੍ਹਾਂ ਦੇ ਪ੍ਰਚਾਰ ਦਾ ਅਸਰ ਨਹੀਂ ਹੁੰਦਾ। ਕੰਨ-ਰਸ ਦੇ ਪ੍ਰਭਾਵ ਹੇਠ ਸੰਗਤਾਂ ਇਨ੍ਹਾਂ ਮਾਇਆ ਦੇ ਪੁਜਾਰੀਆਂ ਦਾ ਥੋੜ੍ਹੀ ਦੇਰ ਲਈ ਵਾਹ-ਵਾਹ ਕਰ ਛੱਡਦੀਆਂ ਹਨ। ਬੱਸ ਐਨਾ ਕੁ ਹੀ.....

੬) ਪ੍ਰਚਾਰਕ ਸ਼੍ਰੇਣੀ ਵਿਚੋਂ ਬਹੁਤਿਆਂ ਦਾ ਆਪਣਾ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਦਾ ਜੀਵਨ ਗੁਰਮਤਿ ਅਨੁਸਾਰੀ ਨਹੀਂ ਹੁੰਦਾ। ਨਿਤਨੇਮ ਅਤੇ ਰਹਿਤ ਮਰਯਾਦਾ ਤੋਂ ਅਵੇਸਲਾਪਨ, ਪ੍ਰਬੰਧਕਾਂ ਦੀ ਝੂਠੀ ਅਤੇ ਹੱਦ ਤੋਂ ਵੱਧ ਚਾਪਲੂਸੀ, ਗੁਰਮਤਿ ਦਾ ਅਧੂਰਾ ਗਿਆਨ, ਦਾੜ੍ਹੀ ਰੰਗਣਾ, ਬੱਚਿਆਂ ਦਾ ਕੇਸਾਂ ਤੋਂ ਰਹਿਤ ਹੋਣਾ, ਬੀਬੀਆਂ ਦਾ ਨੱਕ-ਕੰਨ ਦੇ ਛੇਦਕ ਗਹਿਣੇ ਪਾਉਣੇ-ਇਹ ਸਾਰਾ ਕੁੱਝ ਵੀ ਪ੍ਰਚਾਰ ਦੇ ਅਸਰ ਨੂੰ ਘਟ ਕਰ ਦੇਂਦਾ ਹੈ।

**੭) ਪ੍ਰਚਾਰ ਰਾਹੀਂ ਭੰਬਲਭੂਸਾ** :- ਕਈ ਤਰ੍ਹਾਂ ਦੇ ਧੜੇ, ਕਈ ਤਰ੍ਹਾਂ ਦੀਆਂ ਜੱਥੇਬੰਦੀਆਂ, ਕਈ ਤਰ੍ਹਾਂ ਦੀਆਂ ਸੰਸਥਾਵਾਂ, ਕਈ ਤਰ੍ਹਾਂ ਦੀਆਂ ਸੰਪਰਦਾਵਾਂ ਹੋਣ ਕਰ ਕੇ ਪ੍ਰਚਾਰ ਦੀ ਵਿਚਾਰਧਾਰਾ ਵੀ ਇਕ ਨਹੀਂ ਰਹੀ। ਹਰ ਇਕ ਦੀ ਵਿਚਾਰਧਾਰਾ ਵੇਖੋ- ਵੱਖਰੀ ਹੋਣ ਕਰ ਕੇ, ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਵਿਆਖਿਆ ਵੀ ਇਕ ਨਹੀਂ ਰਹੀ। ਜਿਵੇਂ ਕਿ ਮੂਲ ਮੰਤਰ ਕਿਥੋਂ ਤੱਕ ਹੈ, ਰਾਗਮਾਲਾ ਪੜ੍ਹਨਾ ਹੈ ਕਿ ਨਹੀਂ, ਰਹਿਰਾਸ 'ਛੋਟੀ' ਕਿ 'ਵੱਡੀ', ਗੁਰੂ ਨਾਨਕ ਸਾਹਿਬ ਜੀ ਦਾ ਜਨਮ 'ਕੱਤਕ' ਕਿ 'ਵੈਸਾਖ', ਦਸਮ ਗ੍ਰੰਥ ਦੀ ਬਾਣੀ-ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਹੈ ਕਿ ਨਹੀਂ, ਗੁਰੂ ਗ੍ਰੰਥ ਸਾਹਿਬ ਜੀ ਵਿਚ ਤਿੰਨ ਗੁਰਸਿੱਖਾਂ ਦੀ ਬਾਣੀ ਜਾਂ ਚਾਰ ਗੁਰਸਿੱਖਾਂ ਦੀ ਬਾਣੀ, ਮੀਟ ਖਾਣਾ ਹੈ ਕਿ ਨਹੀਂ, ਗੁਰੂ ਨਾਨਕ ਸਾਹਿਬ ਜੀ ਦਾ ਸਾਥੀ 'ਬਾਲਾ' ਸੀ ਕਿ ਨਹੀਂ, ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭੋਰੇ ਵਿਚ ਬੈਠ ਕੇ ਤਪ ਕੀਤਾ ਕਿ ਨਹੀਂ ਆਦਿ। ਇੱਥੋਂ ਤਕ ਕਿ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਵੀ ਇਕ ਨਹੀਂ, ਬਲਕਿ ਵੱਖ-ਵੱਖ ਤਰ੍ਹਾਂ ਦੀ ਕੀਤੀ ਜਾਂਦੀ ਹੈ। ਕਈ ਬਾਬੇ ਆਪੋ-ਆਪਣੀ ਮਰਿਯਾਦਾ ਦਸਦੇ ਹਨ। ਦੂਜੇ ਪਾਸੇ ਕਈ ਪ੍ਰਚਾਰਕ ਉਨ੍ਹਾਂ ਬਾਬਿਆਂ ਦੇ ਕਰਮਕਾਂਡਾਂ ਨੂੰ ਭੰਡਦੇ ਰਹਿੰਦੇ ਹਨ। ਇਨ੍ਹਾਂ ਸਾਰੀਆਂ ਗੱਲਾਂ ਨਾਲ ਸਿੱਖ ਕੌਮ ਵਿਚ ਦੁਵਿਧਾ ਪੈਦਾ ਹੁੰਦੀ ਹੈ। ਵਿਚਾਰਾਂ ਦੇ ਵਖਰੇਵੇਂ ਕਰ ਕੇ ਆਮ ਸਿੱਖ ਭੰਬਲਭੂਸੇ ਵਿਚ ਫੱਸ ਜਾਂਦਾ ਹੈ। ਇਸ ਦੁਵਿਧਾ ਕਰ ਕੇ ਹੀ ਸਿੱਖ ਵੀ ਇੱਕ ਨਹੀਂ ਰਹੇ, ਉਹ ਵੀ ਧੜੇਬੰਦੀ ਦੇ ਸ਼ਿਕਾਰ ਹੋ ਗਏ ਹਨ। ਕੋਈ ਕਿਸੇ ਬਾਬੇ ਦਾ ਸਿੱਖ, ਕੋਈ ਕਿਸੇ ਜੱਥੇਬੰਦੀ ਦਾ ਸਿੱਖ, ਕੋਈ ਕਿਸੇ ਸੰਪਰਦਾ ਦਾ ਸਿੱਖ, ਕੋਈ ਟਕਸਾਲੀ ਸਿੱਖ, ਕੋਈ ਮਿਸ਼ਨਰੀ ਸਿੱਖ। ਇਸ ਦੇ ਬਾਵਜੂਦ ਸਾਰੇ ਹੀ ਆਪਣੇ ਆਪ ਨੂੰ ਸੱਭ ਤੋਂ ਵੱਡਾ 'ਗੁਰਸਿੱਖ' ਸਮਝਦੇ ਹਨ। ਹੈਰਾਨਗੀ ਇਸ ਗੱਲ ਦੀ ਹੈ ਕਿ ਸਾਰੇ ਹੀ ਡੇਰੇ ਅਤੇ ਜੱਥੇਬੰਦੀਆਂ ਦਾਅਦਾ ਕਰਦੇ ਹਨ ਕਿ ਅਸੀ ਗੁਰਮੀਤ ਦਾ ਪ੍ਰਚਾਰ ਕਰਦੇ ਹਾਂ।

੮) ਇਕ ਸੱਚਾਈ ਲਿਖਣ ਤੋਂ ਪਹਿਲਾਂ ਮੈਂ ਮੁਆਫੀ ਚਾਹੁੰਦਾ ਹਾਂ, ਹਾਲਾਂਕਿ ਇਸ ਸੱਚਾਈ ਤੋਂ ਸਾਰੇ ਹੀ ਜਾਣੂ ਹਨ। ਵੱਡੇ-ਵੱਡੇ ਪ੍ਰੋਗਰਾਮ ਉਲੀਕੇ ਜਾਂਦੇ ਹਨ, ਜਿਨ੍ਹਾਂ 'ਤੇ ਲੱਖਾਂ ਰੁਪਏ ਖਰਚ ਹੁੰਦੇ ਹਨ। ਇਹ ਗੱਲ ਪੱਕੀ ਹੈ ਕਿ 'ਕਿਰਤ' ਦੀ ਕਮਾਈ ਨਾਲ ਲੱਖਾਂ ਰੁਪਏ ਦੀ ਉਗਰਾਹੀ ਨਹੀਂ ਹੋ ਸਕਦੀ। ਲੱਖਾਂ ਰੁਪਏ ਇੱਕਠੇ ਕਰਨ ਲਈ ਇੱਕ ਨੰਬਰ ਨਹੀਂ ਬਲਕਿ ਦੋ ਤਿੰਨ ਨੰਬਰ ਦੀ ਕਮਾਈ ਕਰਨ ਵਾਲਿਆਂ ਪਾਸ ਜਾਣਾ ਪੈਂਦਾ ਹੈ। ਇਸ ਤਰ੍ਹਾਂ ਦੀ ਨਾਲ ਸ਼ਾਨਦਾਰ ਬਿਲਡਿੰਗ, ਸ਼ਾਨਦਾਰ ਪ੍ਰੋਗਰਾਮ ਤਾਂ ਉਲੀਕੇ ਜਾ ਸਕਦੇ ਹਨ, ਸ਼ਾਨਦਾਰ ਲੰਗਰ ਤਾਂ ਤਿਆਰ ਕੀਤਾ ਜਾ ਸਕਦਾ ਹੈ, ਪਰ ਸ਼ਾਇਦ ਇਹ ਵੀ ਇਕ ਵੱਡਾ ਕਾਰਣ ਹੈ ਕਿ ਸਾਡੇ ਦਿਲਾਂ 'ਤੇ ਪ੍ਰਚਾਰ ਦਾ ਅਸਰ ਬਿਲਕੁਲ ਨਹੀਂ ਹੁੰਦਾ ਜਾਂ ਥੋੜ੍ਹੇ ਚਿਰ ਲਈ ਹੁੰਦਾ ਹੈ।

ਅਸੀਂ ਆਪਣੀ ਜ਼ਿੰਦਗੀ ਵਿਚ ਹਜ਼ਾਰਾਂ ਵਾਰੀ ਕੀਰਤਨ, ਲੈਕਚਰ ਸੁਣੇ ਹੋਣਗੇ ਪਰ ਸਾਡੇ ਜੀਵਨ ਵਿਚ ਤਬਦੀਲੀ ਨਹੀਂ ਆਉਂਦੀ। ਜਨਮ ਸੰਸਕਾਰ ਹੋਵੇ ਜਾਂ ਮਿਰਤਕ ਸੰਸਕਾਰ, ਅਨੰਦ ਕਾਰਜ ਦਾ ਸਮਾਂ ਹੋਵੇ ਜਾਂ ਕੋਈ ਹੋਰ ਸਮਾਂ, ਆਮ ਸਿੱਖਾਂ ਦੇ ਘਰਾਂ ਵਿਚ ਬ੍ਰਾਹਮਣੀ ਕਰਮਕਾਂਡਾਂ ਭਾਵ ਬਿਪਰਨ ਕੀ ਰੀਤ ਦਾ ਹੀ ਬੋਲਬਾਲਾ ਨਜ਼ਰ ਆਉਂਦਾ ਹੈ। ਪ੍ਰਚਾਰ ਦੀ ਘਾਟ ਨਹੀਂ, ਘਾਟ ਸਾਡੇ ਅੰਦਰ ਹੈ। ਪ੍ਰਚਾਰ ਦਾ ਅਸਰ ਪਹਿਲਾਂ ਆਪਣੇ 'ਤੇ ਲਿਆਈਏ, ਫਿਰ ਆਪਣੇ ਪਰਿਵਾਰ ਨੂੰ ਪ੍ਰੇਰੀਏ। ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਹੋਰ ਕਿਸੇ ਥਾਂ ਮੱਥੇ ਨਾ ਰਗੜਦੇ ਰਹੀਏ। ਹਰ ਸਿੱਖ ਦਾ ਫਰਜ਼ ਹੈ ਕਿ ਉਹ ਪ੍ਰਚਾਰਕਾਂ ਦੇ ਭੰਬਲਭੂਸੇ ਤੋਂ ਬਚਣ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਆਪ ਕਰੇ ਅਤੇ ਚੰਗੀ ਤਰ੍ਹਾਂ ਅਧਿਐਨ ਕਰੇ। ਗੁਰਮਤਿ ਨੂੰ ਅਪਣਾ ਕੇ ਬ੍ਰਾਹਮਣੀ ਕਰਮ ਕਾਂਡਾਂ ਦਾ ਤਿਆਗ ਕਰੀਏ। ਗੁਰਬਾਣੀ ਕਿਸੇ ਵੀ ਸਮਾਜ ਨੂੰ ਚੰਗਾ ਅਤੇ ਸਚਿਆਰ ਬਣਾਉਣ ਵਾਸਤੇ ਇਕ ਸਿਧਾਂਤ ਹੈ। ਗੁਰਬਾਣੀ ਵਿਚ ਅਗਿਆਨਤਾ ਨੂੰ ਦੂਰ ਕਰਨ ਦੀ ਸ਼ਕਤੀ ਹੈ। ਗੁਰਬਾਣੀ ਗਿਆਨ ਦਾ ਸੋਮਾ ਹੈ। ਗੁਰਬਾਣੀ ਬਿਪਰਨ ਕੀ ਰੀਤ ਦਾ ਤਿਆਗ਼ ਕਰ ਕੇ ਸੱਚ ਦਾ ਮਾਰਗ ਦਸਦੀ ਹੈ। ਇਸੇ ਲਈ ਸਿੱਖ ਵਿਰੋਧੀਆਂ ਨੂੰ, ਬਿਪਰਨ ਕੀ ਰੀਤ ਦੇ ਪਾਂਧੀਆਂ ਨੂੰ ਇਹ ਮੁਆਫ਼ਕ ਨਹੀਂ ਆਉਂਦਾ ਤੇ ਇਸ ਕਰ ਕੇ ਉਹ ਗੁਰਬਾਣੀ ਦੇ ਅਰਥ ਬਦਲ ਕੇ, ਸਿੱਖ ਇਤਿਹਾਸ ਅਤੇ ਸਿੱਖ ਸਭਿਆਚਾਰ ਨੂੰ ਵਿਗਾੜ ਕੇ, ਲੋਕਾਂ ਨੂੰ ਗੁਮਰਾਹ ਕਰ ਕੇ, ਸਿੱਖਾਂ ਨੂੰ ਮਾਰ ਕੇ ਨਹੀਂ, ਬਲਕਿ ਜਿਉਂਦਿਆਂ ਰੱਖ ਕੇ ਮਾਰਨਾ ਜਿਆਦਾ ਪਸੰਦ ਕਰਦੇ ਹਨ ਅਤੇ ਇਸ ਲਈ ਇਹ ਸਿੱਖ ਚਿਹਰੇ ਨੂੰ ਹੀ ਵਰਤਦੇ ਹਨ। ਇਸ ਤੋਂ ਸਾਨੂੰ ਸੁਚੇਤ ਹੋਣ ਦੀ ਲੋੜ ਹੈ। ਦੋ ਬੇੜੀਆਂ 'ਤੇ ਪੈਰ ਰੱਖਣ ਵਾਲਿਆਂ ਬਾਰੇ ਹੀ ਇਹ ਗੱਲ ਠੀਕ ਢੁਕਦੀ ਹੈ ਕਿ ਅਸੀ ਗੁਰੂ ਨੂੰ ਮੰਨਦੇ ਹਾਂ, ਗੁਰੂ ਦੀ ਨਹੀਂ ਮੰਨਦੇ। ਕਿਸੇ ਕਵੀ ਨੇ ਬੜੀਆਂ ਸੁੰਦਰ ਲਾਈਨਾਂ ਲਿਖੀਆਂ ਹਨ-

ਉਪਦੇਸ਼ ਗੁਰੂ ਨਾਨਕ ਦਾ ਸਾਰਾ ਸੰਸਾਰ ਮੰਨੇ,
ਕਰਦਾ ਸਿੱਖ ਮੈਂ ਉਸਦਾ ਇਨਕਾਰ ਤੱਕਿਆ।
ਛੱਡ ਕੇ ਪੰਥ-ਗ੍ਰੰਥ, ਪਿਆ ਮੜ੍ਹੀ-ਮਸਾਣ ਪੂਜੇ,
ਕਰਦਾ ਭੇਖੀਆਂ ਨੂੰ ਨਮਸਕਾਰ ਤੱਕਿਆ।
ਸੰਗਰਾਂਦ, ਮੱਸਿਆ ਅਤੇ ਪੁੰਨਿਆਂ ਨੂੰ ਪਹਿਲ ਦੇਂਦੇ,
ਗੁਰਪੁਰਬਾਂ ਨੂੰ ਰਿਹਾ ਵਿਸਾਰ ਤੱਕਿਆ।
ਗੁਰੂ ਨਾਨਕ ਨੂੰ ਸਮਝਿਆ ਨਹੀਂ ਉਸਦੇ ਵਾਰਸਾਂ ਨੇ,
ਫਸਿਆ ਦੁਵਿਧਾ ਵਿਚ ਸਿੱਖ ਸਰਦਾਰ ਤੱਕਿਆ।

੯) ਅੱਜ ਗੁਰਬਾਣੀ ਦਾ ਨਿਰਧਾਰਤ ਰਾਗਾਂ ਵਿਚ ਕੀਰਤਨ ਕਰਨ ਦੀ ਥਾਂ 'ਤੇ ਫ਼ਿਲਮੀ ਤਰਜ਼ਾਂ ਰਾਹੀਂ ਕੀਰਤਨ ਕੀਤਾ ਜਾਂਦਾ ਹੈ। ਕਈ ਫ਼ਿਲਮੀ ਗਾਣੇ ਇਤਨੇ ਮਸ਼ਹੂਰ ਹੋ ਜਾਂਦੇ ਹਨ ਕਿ ਗੁਰਬਾਣੀ ਸੁਣਦੇ ਹੋਏ ਵੀ ਧਿਆਨ ਉਸ ਗਾਣੇ ਵੱਲ ਚਲਾ ਜਾਂਦਾ ਹੈ। ਸੱਚੀ ਬਾਣੀ, ਰੱਬੀ ਬਾਣੀ, ਧੁਰ ਕੀ ਬਾਣੀ, ਖਸਮ ਕੀ ਬਾਣੀ ਨੂੰ ਕੱਚੀ ਧੁੰਨ ਵਿਚ ਲਪੇਟ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਤਰ੍ਹਾਂ ਗੀਤਾਂ ਦੇ ਰੂਪ ਵਿਚ ਗੁਰਬਾਣੀ ਨੂੰ ਪੇਸ਼ ਕਰਨ ਲਈ ਬਹੁਤੇ ਰਾਗੀ ਗੁਨਾਹਗਾਰ ਹਨ। ਅਜਿਹੇ ਰਾਗੀ ਗੁਰਬਾਣੀ ਨੂੰ ਗੀਤ ਦੀ ਸ਼ਕਲ ਦੇ ਕੇ ਗੁਰਬਾਣੀ ਦੀ ਘੋਰ ਬੇਅਦਬੀ ਕਰ ਰਹੇ ਹਨ। ਦੂਜੇ ਪਾਸੇ ਕਈ ਰਾਗੀ ਆਮ ਗੀਤਾਂ (ਕੱਚੀ ਬਾਣੀ) ਨੂੰ ਵੀ ਕੀਰਤਨ ਦੇ ਰੂਪ ਵਿਚ ਪੇਸ਼ ਕਰਦੇ ਹਨ। ਅਜਿਹੇ ਰਾਗੀਆਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਕੀਰਤਨ ਕੱਚੀ ਬਾਣੀ ਦਾ ਨਹੀਂ ਕੀਤਾ ਜਾ ਸਕਦਾ। ਕਵਿਤਾ ਜਾਂ ਗੀਤ ਜਾਂ ਵਾਰਾਂ ਨੂੰ ਪੇਸ਼ ਕਰਨ ਦਾ ਆਪਣਾ ਢੰਗ ਹੈ। ਗੁਰਬਾਣੀ ਗੀਤ ਨਹੀਂ, ਬਲਕਿ ਗੁਰਬਾਣੀ ਦਾ ਪਾਠ ਕਰਨ ਨਾਲ ਪਰਮਾਤਮਾ ਦੇ ਗਿਆਨ ਦੀ ਵਿਚਾਰਧਾਰਾ ਪ੍ਰਗਟ ਹੁੰਦੀ ਹੈ।

**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ। (ਪੰਨਾ ੩੩੫)**

ਅੱਜ ਗੁਰਬਾਣੀ ਗਾਈ ਜਾਂਦੀ ਹੈ, ਪੜ੍ਹਾਈ ਜਾਂਦੀ ਹੈ, ਰਟਾਈ ਜਾਂਦੀ ਹੈ, ਪਰ ਗੁਰੂ ਨਾਨਕ ਸਾਹਿਬ ਜੀ ਦੇ ਫਲਸਫ਼ੇ ਨੂੰ ਦ੍ਰਿੜ ਕਰਨ ਅਤੇ ਕਰਵਾਉਣ ਵਿਚ ਸਿੱਖ ਕੌਮ ਅਵੇਸਲੀ ਹੈ। -0-

# ਪੰਜਾਬੀਓ, ਦੇਸ਼ ਪੰਜਾਬ ਸੀ ਸਾਡਾ!

**ਕੇਵਲ ਸਿੰਘ (ਸਾਬਕਾ ਜਥੇਦਾਰ) ਤਖ਼ਤ ਸ੍ਰੀ ਦਮਦਮਾ ਸਾਹਿਬ # 95920-93472**

ਪੰਜਾਬ ਸ਼ਬਦ ਆਪਣੇ ਅੰਦਰ ਆਪਣੀ ਬਹੁ-ਪੱਖੀ ਅਹਿਮੀਅਤ ਸਮੋਈ ਬੈਠਾ ਹੈ। ਪੰਜਾਬ ਦੀ ਮਹੱਤਤਾ ਨੂੰ ਰੂਹ ਦੇ ਤਲ 'ਤੇ ਜਾਨਣ ਤੇ ਮਾਨਣ ਵਾਲੇ ਅਸਲੀ ਵਾਰਸ ਸਮੇਂ ਦੇ ਗੇੜ ਨਾਲ ਰੁਖ਼ਸਤ ਹੁੰਦੇ ਗਏ। ਉਨ੍ਹਾਂ ਦੀ ਥਾਂ 'ਤੇ ਉਸ ਤਰ੍ਹਾਂ ਪੰਜਾਬ ਨੂੰ ਸਮਝਣ ਤੇ ਜੀਊਣ ਵਾਲੇ ਨਵੇਂ ਵਾਰਸ ਤਿਆਰ ਹੋਣੋ ਘੱਟਦੇ ਗਏ। ਨਵਿਆਂ ਨੂੰ ਪੰਜਾਬ ਦੀ ਸਮਝ ਨਾ ਹੋਣ ਕਰਕੇ ਉਨ੍ਹਾਂ ਦੀ ਰੂਹ ਅੰਦਰ ਪੰਜਾਬ ਉਤਰਨਾ ਜੇ ਪੂਰੀ ਤਰ੍ਹਾਂ ਬੰਦ ਨਹੀਂ ਹੋਇਆ ਤਾਂ ਲਗਾਤਾਰ ਘੱਟਦਾ ਜ਼ਰੂਰ ਗਿਆ।

ਪੰਜਾਬ ਦਾ ਪਿਛੋਕੜ, ਪੰਜਾਬ ਦਾ ਇਤਿਹਾਸ ਤੇ ਪੰਜਾਬ ਦਾ ਵਿਰਸਾ ਨਵੀਆਂ ਪੀੜੀਆਂ ਲਈ ਖਿੱਚ ਦਾ ਕੇਂਦਰ ਨਹੀਂ ਹੈ ਅਤੇ ਪਿਛਲੇ ਲੰਮੇ ਅਰਸੇ ਤੋਂ ਹਾਸ਼ੀਏ' ਤੇ ਹੈ।

ਪੰਜਾਬ ਵੱਲ ਅੱਜ ਝਾਤ ਮਾਰ ਕੇ ਦੇਖੀਏ ਕਿ ਕਿੰਨਾ ਕੁ ਨਿੱਘ ਹੈ ਜਾਂ ਲਗਾਓ ਹੈ। ਪੰਜਾਬ ਦਾ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਰੂਪ ਅੱਜ ਕਿੱਥੇ ਪੁੱਜ ਗਿਆ ਹੈ। ਪੰਜਾਬ ਨੇ ਸੰਸਾਰ ਵਿਚ ਸਰਦਾਰੀ ਕੀਤੀ ਹੈ। ਪੰਜਾਬ ਦੇ ਜਾਇਆਂ ਨੇ ਸਦੀਆਂ ਪਹਿਲਾਂ ਤੋਂ ਸੰਸਾਰ ਅੰਦਰ ਆਪਣੀ ਵੱਖਰੀ ਪਹਿਚਾਣ ਸਥਾਪਿਤ ਕਰਕੇ ਸੰਸਾਰ ਪਾਸੋਂ ਆਪਣੀ ਅਣਖ ਸਵੈ-ਮਾਣ ਦੇ ਸੋਹਲੇ ਗਵਾਏ ਹਨ।

ਕੁਦਰਤ ਦੇ ਕਾਦਰ ਨੇ ਪੰਜਾਬ ਧਰਤੀ ਦਾ ਉਹ ਹਿੱਸਾ ਸਿਰਜਿਆ ਹੈ ਜਿਸ ਨੂੰ ਪ੍ਰਕਿਰਤੀ ਰਚਨਾ ਦਾ ਨਗੀਨਾ ਆਖ ਸਕਦੇ ਹਾਂ। ਇਸ ਧਰਤੀ ਵਰਗਾ ਪਾਉਣ ਪਾਣੀ ਆਬੋ ਹਵਾ ਦੁਨੀਆਂ ਦੇ ਕਿਸੇ ਕੋਨੇ ਵਿਚ ਨਹੀਂ ਹੈ। ਪੰਜਾਬ ਦੇ ਜਾਏ ਮਨੁੱਖ ਵਰਗਾ ਕੱਦ ਕਾਠ ਰੂਪ ਰੰਗ ਸਭ ਕੁਝ ਆਪਣਾ ਹੀ ਹੈ। ਪੰਜਾਬ ਦੇ ਇਤਿਹਾਸ ਵਰਗਾ ਇਤਿਹਾਸ ਵੀ ਸ਼ਾਇਦ ਦੁਨੀਆਂ ਦੀ ਧਰਤੀ 'ਤੇ ਕਿਸੇ ਖਾਸ ਹਿੱਸੇ ਦੇ ਵਾਸੀਆਂ ਨੇ ਨਹੀਂ ਸਿਰਜਿਆ। ਪੰਜਾਬ ਦੇ ਵਡ- ਵਡੇਰਿਆਂ ਨੇ ਪੰਜਾਬ ਨੂੰ ਸਿਰਮੌਰ ਬਣਾਉਣ ਲਈ ਕਿਵੇਂ ਕੀ ਕੀ ਸੰਘਰਸ਼ ਕੀਤਾ ਤੇ ਤਸ਼ੱਦਦ ਸਹਿਆ ਸਭ ਕੁਝ ਦੀ ਵੱਖਰੀ ਵੱਖਰੀ ਕਹਾਣੀ ਹੈ।

ਪੰਜਾਬ ਦੀ ਧਰਤੀ ਨੂੰ ਗੁਰੂਆਂ ਦੀ ਧਰਤੀ ਅਖਵਾਉਣ ਦਾ ਮਾਣ ਨਸੀਬ ਹੋਇਆ। ਗੁਰੂ ਸਾਹਿਬਾਨ ਨੇ ਇਸ ਧਰਤੀ 'ਤੇ ਸਚਿਆਰ ਮਨੁੱਖ ਦੀ ਸਿਰਜਣਾ ਦਾ ਸੰਕਲਪ ਅਕਾਲ ਪੁਰਖ ਦੇ ਹੁਕਮ ਰਜ਼ਾ ਵਿਚ ਲਿਆ। ਕੂੜੇ ਦੀ ਕੰਧ ਜੋ ਮਨੁੱਖ ਦੇ ਅੰਦਰ ਸਦੀਆਂ ਤੋਂ ਉਸਰੀ ਹੋਈ ਸੀ ਉਸ ਨੂੰ ਤੋੜਨ ਦੀ ਜੁਗਤਿ ਗੁਰੂ ਸਾਹਿਬਾਨ ਨੇ ਰੱਬੀ ਗਿਆਨ ਨਾਲ ਤਕਰੀਬਨ ਢਾਈ ਸਦੀਆਂ ਲਾ ਕੇ ਸੰਸਾਰ ਦੇ ਮਨੁੱਖ ਨੂੰ ਸਮਝਾਉਣ ਤੇ ਦ੍ਰਿੜ ਕਰਵਾਉਣ ਲਈ ਵੱਡਾ ਦਾਈਆ ਇਥੋਂ ਹੀ ਅਰੰਭਿਆ।

ਗੁਰੂ ਦ੍ਰਿਸ਼ਟੀ ਨੇ ਜਲਤੀ ਸਭ ਪ੍ਰਿਥਵੀ ਵੇਖੀ ਤੇ ਪਰਜਾ ਨੂੰ ਅਗਿਆਨੀ ਵੇਖਿਆ। ਅਧੋਗਤੀ ਦੀ ਸ਼ਿਕਾਰ ਇਸ ਦੁਖਦਾਈ ਰੂਪ ਨੂੰ ਬਦਲਣ ਦਾ ਬੀੜਾ ਅਕਾਲ ਪੁਰਖੀ ਹੁਕਮ ਵਿਚ ਚੁੱਕ ਕੇ ਜੋ ਕੁਝ ਤੇ ਜਿਵੇਂ ਕੀਤਾ ਸਭ ਕੁਝ ਇਤਿਹਾਸ ਦੇ ਅਮੀਰ ਪੰਨਿਆਂ 'ਤੇ ਪੰਜਾਬ ਦੇ ਜਾਇਆਂ ਦੀ ਵਿਰਾਸਤ ਹੈ। ਇਸੇ ਹੀ ਕਰਕੇ ਪੰਜਾਬ ਨੂੰ ਗੁਰੂਆਂ ਦਾ ਪੰਜਾਬ ਮਾਣ ਸਨਮਾਨ ਨਾਲ ਆਖਿਆ ਗਿਆ ਹੈ। ਅਵਤਾਰੀ ਤਥਾ ਪੈਗੰਬਰੀ ਦੁਨੀਆਂ ਵਿਚ ਗੁਰੂਆਂ ਦੀ ਘਾਲੀ ਘਾਲ ਬਿਲਕੁਲ ਵਿਲੱਖਣ ਹੈ।

ਪੰਜਾਬ ਦੇ ਵਿਰਸੇ ਮਾਣ ਵਿਚ ਗੁਰੂਆਂ ਵਲੋਂ ਅਕਾਲੀ ਹੁਕਮ ਨਾਲ ਜੋ ਖ਼ਾਲਸਾ ਪ੍ਰਗਟ ਕੀਤਾ ਗਿਆ ਉਸ ਨਾਲ ਸੰਸਾਰ ਦਾ ਸਭ ਤੋਂ ਸਨਮਾਨਿਤ ਪਾਤਰ ਹੋਣ ਦਾ ਰੁਤਬਾ ਵੀ ਮਿਲਿਆ। ਖਾਲਸਾ ਪੰਥ ਦੇ ਵਾਰਸਾਂ ਦਾ ਇਤਿਹਾਸ ਵੀ ਪੰਜਾਬ ਦੀ ਹੋਂਦ ਤੇ ਵਿਲੱਖਣਤਾ ਵਿਚ ਜੋ ਗਵਾਹੀ ਭਰਦਾ ਹੈ, ਉਸ ਨੂੰ ਕਦਾਚਿਤ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਪੰਜਾਬ ਦੇ ਜਾਇਆਂ ਨੇ ਹੱਕ ਸੱਚ ਲਈ ਹਮੇਸ਼ਾਂ ਛਾਤੀ ਤਾਣ ਕੇ ਵੱਖ ਵੱਖ ਸੰਘਰਸ਼ ਲੜੇ ਤੇ ਜਿੱਤੇ। ਦੁਨੀਆਂ ਨੂੰ ਦੱਸਿਆ ਆਪਣੇ ਵਿਰਸੇ ਦੀ ਮਹਾਨਤਾ ਤੇ ਮਾਨਤਾ ਬਾਰੇ।

ਪੰਜਾਬੀ ਜਦੋਂ ਵਿਰਸੇ ਵਿਰਾਸਤ ਦੀਆਂ ਜੜ੍ਹਾਂ ਨਾਲ ਜੁੜੇ ਰਹੇ ਉਦੋਂ ਇਨ੍ਹਾਂ ਪੰਜਾਬ ਲਈ ਜੀਅ ਜਾਨ ਹੂਲ ਕੇ ਕੰਮ ਵੀ ਕੀਤਾ ਤੇ ਪੰਜਾਬ ਦੀ ਸ਼ਾਨ ਨੂੰ ਬਰਕਰਾਰ ਵੀ ਰੱਖਿਆ।

ਸਵਾਲ ਵਰਤਮਾਨ ਪੰਜਾਬ 'ਤੇ ਆਣ ਟਿਕਦਾ ਹੈ। ਅੱਜ ਪੰਜਾਬ ਦਾ ਕੀ ਹਾਲ ਹੈ? ਜੇ ਮਾੜਾ ਜਾਂ ਨਾ ਉਮੀਦਾ ਹੈ ਤਾਂ ਕਿਉਂ?

ਪੰਜਾਬ ਦੇ ਅਸਲੀ ਪੁੱਤਰਾਂ ਦਾ ਸਬੂਤ ਦੇਣ ਦਾ ਮੌਕਾ ੧੯੪੭ ਵਿਚ ਤੇ ਬਾਅਦ ਵਿਚ ਆਇਆ ਤਾਂ ਪੰਜਾਬੀਓ! ਪੰਜਾਬੀ ਦਾ ਇਕ ਸਤਿਕਾਰਤ ਤੇ ਵੱਡਾ ਹਿੱਸਾ ਪੰਜਾਬੀ ਭਾਸ਼ਾ ਨੂੰ ਮਾਂ ਬੋਲੀ ਮੰਨਣ ਤੋਂ ਹੀ ਮੁਕਰ ਕੇ ਅਕ੍ਰਿਘਣ ਹੋ ਬੈਠਾ! ਕੀ ਸੀ ਇਹ ਤੇ ਕਿਉਂ ਸੀ? ਅੱਜ ਤੱਕ ਅਣਸੁਲਝਿਆ ਸਵਾਲ ਸਭ ਪੰਜਾਬੀਆਂ ਨੂੰ ਕੰਬਣੀ ਛੇੜਦਾ ਹੈ! ਭਾਰਤੀ ਆਜ਼ਾਦੀ ਦੇ ਮਹਾਂਰਥੀ ਆਜ਼ਾਦੀ ਤੋਂ ਖਾਲੀ ਹੱਥ ਕਰ ਦਿੱਤੇ ਗਏ। ਲੋਹੜਾ ਰੱਬ ਦਾ ਆਪਣੇ ਹਮਦਰਦ ਅਖਵਾਉਣ ਵਾਲਿਆਂ ਪੰਜਾਬ ਨਾਲ ਧੋਖਾ ਕਰਕੇ ਨਵੀਂ ਬਰਬਾਦੀ ਦਾ ਦਰ ਖੋਲ੍ਹ ਦਿੱਤਾ।

ਨਵੇਂ ਭਾਰਤੀ ਹਾਕਮਾਂ ਨੇ ਪੰਜਾਬ ਨਾਲ ਕੀ ਕੀ ਤੇ ਕਿਵੇਂ ਕਿਵੇਂ ਧੋਖੇ ਤੇ ਧੋਖਾ ਕੀਤਾ। ਹਾਕਮਾਂ ਨੇ ਸੰਘੀ ਢਾਂਚੇ ਦੀ ਸੰਘੀ ਘੁੱਟਣ ਵਾਸਤੇ ਪੰਜਾਬੀਆਂ ਨੂੰ ਕੋਹ-ਕੋਹ ਮਾਰਿਆ। ਜਿਨ੍ਹਾਂ ਬੇਖੌਫ ਖ਼ੂਨੀ ਧਾਰਾ ਵਗਾਈਆਂ ਅਤੇ ਫਾਂਸੀ ਦੇ ਰੱਸੇ ਚੁੰਮੇ, ਉਨ੍ਹਾਂ ਦੇ ਵਾਰਸਾਂ ਨੂੰ ਮੁੜ ਦੋਹਰੀ ਤੇਹਰੀ ਅਜੀਬੋ ਗਰੀਬ ਗੁਲਾਮੀ ਦੀਆਂ ਨਵੀਆਂ ਜ਼ੰਜੀਰਾਂ ਵਿਚ ਜਕੜ ਕੇ ਭਵਿੱਖ ਦੀ ਆਜ਼ਾਦੀ ਦੇ ਸਭ ਦਰਵਾਜ਼ੇ ਹੀ ਬੰਦ ਕਰ ਸੁੱਟੇ।

ਸਮੇਂ ਸਮੇਂ ਬਣੇ ਅਖੌਤੀ ਆਗੂਆਂ ਨੇ ਹੀ ਪੰਜਾਬ ਨੂੰ ਹਾਕਮਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰਨ ਤੋਂ ਵਰਜਿਆ। ਜੁਰਅਤ ਨਾਲ ਲਾਮਬੰਦੀ ਦੀ ਪਿਰਤ ਵਿਚ ਰੋੜੇ ਅਟਕਾ ਦਿੱਤੇ।

ਸੱਤਾ ਦੇ ਲਾਲਚ ਨੇ ਐਸਾ ਜਨਮ ਲੈ ਲਿਆ। ਪੰਜਾਬ ਨੂੰ ਪੰਜਾਬ ਰੱਖਣ ਦਾ ਸਮੇਂ ਸਮੇਂ ਅਹਿਦ ਕਰਨ ਵਾਲੇ ਕਾਤਲਾਂ ਦੀ ਬਗਲ ਦਾ ਸ਼ਿੰਗਾਰ ਹੋਣ ਲੱਗੇ। ਜੋ ਕੁਝ ਹੁਣ ਤੱਕ ਪੰਜਾਬੀਆਂ ਨਾਲ ਖਾਸ ਕਰਕੇ ਗੁਰੂ ਨਾਨਕ ਸਾਹਿਬ ਜੀ ਦੀ ਉਮਤ ਨਾਲ ਹੋਇਆ ਹੈ ਇਹ ਕੀ ਸੀ ਕਿਉਂ ਸੀ? ਕਿਨੇ ਸੋਚਣਾ ਸੀ ਤੇ ਸਮੇਂ ਦੀਆਂ ਭਾਰਤੀ ਅਖੌਤੀ ਲੋਕਤੰਤਰ ਦੀਆਂ ਦਾਵੇਦਾਰ ਸਰਕਾਰਾਂ ਪਾਸੋਂ ਜੁਆਬ ਲੈਣੇ ਸਨ? ਉਹ ਕਿਉਂ ਨਹੀਂ ਹੁਣ ਤੱਕ ਐਸਾ ਕਰ ਸਕੇ? ਅੱਜ ਦੇ ਪੰਜਾਬੀ ਜਰੂਰ ਸੋਚਣ।

ਇਨ੍ਹਾਂ ਸਵਾਲਾਂ ਦੇ ਸਾਹਮਣੇ ਅੱਜ ਪੰਜਾਬ ਦਾ ਕੋਈ ਵਰਗ ਵੀ ਪੱਕੇ ਪੈਰੀ ਟਿਕਣ ਦੀ ਹਿੰਮਤ ਨਹੀਂ ਦਿਖਾ ਰਿਹਾ। ਕਿੱਧਰੇ ਵੀ ਇਨ੍ਹਾਂ ਸਵਾਲਾਂ ਨੂੰ ਕਿਸੇ ਹਿੱਸੇ ਵੱਲੋਂ ਸੱਚੇ ਮਨੋ ਵੀਚਾਰ ਦਾ ਨਿਰੰਤਰ ਹਿੱਸਾ ਬਣਾਉਣ ਦੀ ਆਵਾਜ਼ ਨਹੀਂ ਸੁਣਾਈ ਦੇਂਦੀ। ਇਹ ਗੱਲ ਵੀ ਆਪਣੇ ਆਪ ਵਿਚ ਸਵਾਲ ਹੈ?

ਮਸਲਾ ਫਿਰ ਓਹੀਓ ਹੀ ਹੈ ਕਿ ਏਦਾਂ ਕਿਉਂ?

ਸਵਾਲਾਂ ਦੀਆਂ ਪਰਤਾਂ ਮਜ਼ਬੂਤੀ ਨਾਲ ਵਧੀ ਜਾ ਰਹੀਆਂ ਹਨ। ਪੰਜਾਬ ਦੇ ਜਾਏ ਧੌਣਾਂ ਸੁੱਟੀ ਪਤਾ ਨਹੀਂ ਕਿਹੜੀ ਗੈਬੀ ਸ਼ਕਤੀ ਦੀ ਉਡੀਕ ਕਰ ਰਹੇ ਹਨ। ਸੰਸਾਰ ਵਿਚ ਕੌਣ ਹੈ ਜੋ ਪੰਜਾਬ ਨੂੰ ਪੰਜਾਬ ਰੱਖਣ ਲਈ ਸੱਚੇ ਦਿਲੋਂ ਕੰਮ ਕਰੇਗਾ। ਐਸਾ ਹਮਦਰਦ ਸਾਰੇ ਸੰਸਾਰ ਵਿਚੋਂ ਲੱਭਿਆਂ ਵੀ ਨਹੀਂ ਲੱਭਣਾ! ਹਾਲਾਤ ਇਹ ਬਣਾ ਲਏ ਅਗਲਿਆਂ ਨੇ। ਆਪਣੇ ਘਰ ਨੂੰ ਅੱਗ ਲੱਗ ਗਈ ਘਰ ਦੇ ਚਿਰਾਗ਼ ਤੋਂ

ਇੱਥੇ ਫਿਰ ਹੋ ਕੀ ਸਕਦਾ ਹੈ?

**ਬਾਕੀ ਸਫਾ 42 'ਤੇ**

## ਵਿਸ਼ਵ ਵਿਚ ਹਰ ਸਾਲ

# ਕਰੋੜਾਂ ਟਨ ਖਾਧ ਪਦਾਰਥ ਕਰ ਦਿੱਤੇ ਜਾਂਦੇ ਹਨ ਬਰਬਾਦ

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.) ਪੰਡੋਰੀ ਸਿੱਧਵਾਂ 9501100062**

**ਪਾਣੀ, ਵਾਤਾਵਰਨ ਅਤੇ ਮਨੁੱਖੀ ਸਿਹਤ ਨੂੰ ਬਰਕਰਾਰ ਰੱਖਣ ਲਈ ਖਾਧ ਪਦਾਰਥਾਂ ਦੀ ਬਰਬਾਦੀ ਰੋਕਣੀ ਬਹੁਤ ਹੀ ਜਰੂਰੀ ਹੋ ਗਈ ਹੈ। ਕੁਝ ਸਾਲਾਂ ਤੋਂ ਯੂਰਪ, ਅਮਰੀਕਾ ਅਤੇ ਕੈਨੇਡਾ ਵਰਗੇ ਵਿਕਸਿਤ ਦੇਸ਼ਾਂ ਵਿੱਚ ਜਗ੍ਹਾ-ਜਗ੍ਹਾ 'ਤੇ ਫੂਡ ਬੈਂਕ ਬਣ ਗਏ ਹਨ ਜਿੱਥੇ ਸਟੋਰਾਂ-ਹੋਟਲਾਂ ਵਾਲੇ ਅਤੇ ਸਧਾਰਣ ਲੋਕ ਆਪਣੇ ਵਾਧੂ ਖਾਧ ਪਦਾਰਥ ਪਹੁੰਚਾ ਆਉਂਦੇ ਹਨ। ਉਥੋਂ ਇਹ ਖਾਣਾ ਗਰੀਬ ਲੋਕਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਕੁਝ ਦੇਰ ਤੋਂ ਭਾਰਤ ਵਿੱਚ ਵੀ ਕਈ ਸਮਾਜ ਸੇਵੀ ਸੰਸਥਾਵਾਂ ਨੇ ਇਹ ਸੇਵਾ ਸ਼ੁਰੂ ਕੀਤੀ ਹੋਈ ਹੈ। ਉਹ ਮੈਰਿਜ ਪੈਲਸਾਂ ਆਦਿ ਤੋਂ ਖਾਣਾ ਇਕੱਠਾ ਕਰ ਕੇ ਗਰੀਬਾਂ ਅਤੇ ਅਨਾਥਾਲਿਆਂ ਤੱਕ ਪਹੁੰਚਾ ਦਿੰਦੇ ਹਨ। ਕੈਟਰਿੰਗ ਵਾਲੇ ਅਤੇ ਅਮੀਰ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਵਿਆਹ ਅਤੇ ਹੋਰ ਸਮਾਗਮਾਂ ਦਾ ਵਧਿਆ ਹੋਇਆ ਖਾਣਾ ਕਿਸੇ ਚੰਗੀ ਸਮਾਜ ਸੇਵੀ ਸੰਸਥਾ ਨੂੰ ਦੇ ਦੇਣ ਤਾਂ ਜੋ ਕਿਸੇ ਗਰੀਬ ਦੇ ਕੰਮ ਆ ਸਕੇ।**



ਸੰਨ 2020 ਦੌਰਾਨ ਪੂਰੀ ਦੁਨੀਆਂ ਵਿੱਚ ਕਰੀਬ 98 ਕਰੋੜ ਟਨ ਖਾਧ ਪਦਾਰਥ ਬਰਬਾਦ ਕੀਤੇ ਗਏ ਸਨ ਜਿਨ੍ਹਾਂ ਨਾਲ ਧਰਤੀ ਦੁਆਲੇ ਦੋ ਇੰਚ ਚੌੜੀ ਤੇ ਦੋ ਇੰਚ ਉੱਚੀ ਪੱਟੀ ਸੱਤ ਵਾਰ ਬਣਾਈ ਜਾ ਸਕਦੀ ਹੈ। ਇਸ ਬਰਬਾਦੀ ਵਿੱਚ ਭਾਰਤ ਵਰਗੇ ਗਰੀਬ ਦੇਸ਼ ਦਾ ਵੀ ਵੱਡਾ ਹਿੱਸਾ ਹੈ ਜੋ ਕਰੀਬ 7 ਕਰੋੜ ਟਨ ਬਣਦਾ ਹੈ। ਖਾਧ ਪਦਾਰਥਾਂ ਦੀ ਬਰਬਾਦੀ ਵਿੱਚ ਘਰਾਂ ਦੀ ਰਸੋਈ 61%, ਹੋਟਲ, ਢਾਬੇ ਅਤੇ ਮੈਰਿਜ ਪੈਲੇਸ 26% ਅਤੇ ਥੋਕ ਤੇ ਪ੍ਰਚੂਨ ਦੀਆਂ ਦੁਕਾਨਾਂ 13% ਹਿੱਸਾ ਪਾਉਂਦੀਆਂ ਹਨ। ਦੁਨੀਆਂ ਵਿੱਚ ਪੈਦਾ ਕੀਤੇ ਜਾਂਦੇ ਕੁੱਲ ਅਨਾਜ ਤੇ ਸਬਜ਼ੀਆਂ ਵਿੱਚੋਂ 18% ਬਰਬਾਦ ਹੋ ਜਾਂਦੇ ਹਨ ਜਿਸ ਨਾਲ 40 ਟਨ ਭਾਰ ਚੁੱਕਣ ਦੀ ਸਮਰੱਥਾ ਵਾਲੇ 2 ਕਰੋੜ 30 ਲੱਖ ਟਰੱਕ ਭਰੇ ਜਾ ਸਕਦੇ ਹਨ। ਸੰਸਾਰ ਦੇ ਖਾਧ ਪਦਾਰਥ ਬਰਬਾਦ ਕਰਨ ਵਾਲੇ ਚੋਟੀ ਦੇ ਦਸ ਦੇਸ਼ਾਂ ਵਿੱਚੋਂ ਚੀਨ (10 ਕਰੋੜ ਟਨ) ਪਹਿਲੇ ਅਤੇ ਭਾਰਤ (7 ਕਰੋੜ ਟਨ) ਦੂਸਰੇ ਸਥਾਨ 'ਤੇ ਹੈ।




ਇਸ ਤੋਂ ਬਾਅਦ ਕ੍ਰਮਵਾਰ ਅਮਰੀਕਾ (2 ਕਰੋੜ ਟਨ), ਜਪਾਨ (82 ਲੱਖ ਟਨ), ਜਰਮਨੀ (64 ਲੱਖ ਟਨ), ਫਰਾਂਸ (57 ਲੱਖ ਟਨ), ਇੰਗਲੈਂਡ (52 ਲੱਖ ਟਨ), ਰੂਸ (50 ਲੱਖ ਟਨ), ਸਪੇਨ (40 ਲੱਖ ਟਨ) ਅਤੇ ਆਸਟਰੇਲੀਆ (30 ਲੱਖ ਟਨ) ਆਉਂਦੇ ਹਨ। ਇਹ ਅੰਕੜੇ ਘੋਖਣ ਤੋਂ ਬਾਅਦ ਇਹ ਹੈਰਾਨੀਜਨਕ ਤੱਥ ਸਾਹਮਣੇ ਆਉਂਦਾ ਹੈ ਕਿ ਜਿਸ ਦੇਸ਼ ਦੀ ਜਿੰਨੀ ਵੱਧ ਅਬਾਦੀ ਹੈ, ਉਸ ਦੀ ਖਾਧ ਪਦਾਰਥਾਂ ਦੀ ਬਰਬਾਦੀ ਵੀ ਓਨੀ ਹੀ ਜ਼ਿਆਦਾ ਹੈ। ਯੂਨਾਈਟੇਡ ਨੇਸ਼ਨਜ਼ ਵੱਲੋਂ ਕੀਤੇ ਗਏ ਇੱਕ ਸਰਵੇ ਮੁਤਾਬਿਕ ਸੰਸਾਰ ਵਿੱਚੋਂ ਭੁੱਖਮਰੀ ਮਿਟਾਉਣ ਲਈ ਹੋਰ ਅਨਾਜ਼ ਪੈਦਾ ਕਰਨ ਦੀ ਬਜਾਏ ਜੇ ਸਿਰਫ ਖਾਧ ਪਦਾਰਥਾਂ ਦੀ ਬਰਬਾਦੀ ਨੂੰ ਹੀ ਰੋਕ ਲਿਆ ਜਾਵੇ ਤਾਂ ਸੰਸਾਰ ਦਾ ਕੋਈ ਵੀ ਵਿਅਕਤੀ ਭੁੱਖਾ ਨਹੀਂ ਸੌਂਵੇਂਗਾ।

ਯੂ.ਐਨ.ਈ.ਪੀ (ਯੂਨਾਈਟਿਡ ਨੇਸ਼ਨਜ਼ ਐਨਵਾਇਰਮੈਂਟ ਪ੍ਰੋਗਰਾਮ) ਮੁਤਾਬਿਕ ਖਾਣੇ ਦੀ ਬਰਬਾਦੀ ਨਾਲ ਸਿਰਫ ਭੁੱਖਮਰੀ ਹੀ ਨਹੀਂ ਵਧਦੀ, ਸਗੋਂ ਇਸ ਦੇ ਦੂਰ ਰਸ ਵਾਤਾਵਰਣ ਸਬੰਧੀ, ਆਰਥਿਕ ਅਤੇ ਸਮਾਜਿਕ ਪ੍ਰਭਾਵ ਵੀ ਪੈਂਦੇ ਹਨ। ਸਾਡੀ ਧਰਤੀ ਹਰ ਸਾਲ ਗਰਮ ਹੁੰਦੀ ਜਾ ਰਹੀ ਹੈ। ਇਸ ਤਾਪਮਾਨ ਨੂੰ ਵਧਾਉਣ ਵਾਲੀਆਂ ਗਰੀਨ ਹਾਊਸ ਗੈਸਾਂ (ਕਾਰਬਨ ਡਾਇਆਕਸਾਈਡ, ਮੀਥੇਨ ਅਤੇ ਨਾਈਟਰਸ ਆਕਸਾਈਡ ਆਦਿ) ਦਾ 10 ਤੋਂ 12% ਉਤਪਾਦਨ ਗੰਦਗੀ ਦੇ ਢੇਰਾਂ 'ਤੇ ਪਏ ਸੜਦੇ ਗਲਦੇ ਖਾਧ ਪਦਾਰਥਾਂ ਤੋਂ ਹੁੰਦਾ ਹੈ। ਖਾਧ ਪਦਾਰਥਾਂ ਦੀ ਬਰਬਾਦੀ ਰੋਕਣ ਨਾਲ ਗਰੀਨ ਹਾਊਸ ਗੈਸਾਂ ਦੇ ਉਤਪਾਦਨ ਵਿੱਚ ਕਮੀ ਹੋਵੇਗੀ, ਕੁਦਰਤ ਦੀ ਬਰਬਾਦੀ ਧੀਮੀ ਹੋ ਜਾਵੇਗੀ, ਭੁੱਖਮਰੀ ਖਤਮ ਹੋਵੇਗੀ ਅਤੇ ਅਰਬਾਂ ਡਾਲਰ ਦੀ ਬਚਤ ਅਲੱਗ ਤੋਂ ਹੋਵੇਗੀ। 2019 ਦੌਰਾਨ ਸੰਸਾਰ ਵਿੱਚ 269 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹੋਏ ਸਨ ਤੇ ਕਰੋਨਾ ਕਾਲ ਨਿਕਲਣ ਤੋਂ ਬਾਅਦ ਕਈ ਗੁਣਾਂ ਵਧ ਜਾਣ ਦੀ ਆਸ਼ੰਕਾ ਹੈ। ਜੇ ਸਿਰਫ ਖਾਧ ਪਦਾਰਥਾਂ ਦੀ ਬਰਬਾਦੀ ਨੂੰ ਹੀ ਰੋਕ ਲਿਆ ਜਾਵੇ ਤਾਂ ਇਨ੍ਹਾਂ ਲੋਕਾਂ ਨੂੰ ਘੱਟੋ ਘੱਟ ਦੋ ਵਕਤ ਦਾ ਭਰ ਪੇਟ ਭੋਜਨ ਰੋਜ਼ਾਨਾ ਦਿੱਤਾ ਜਾ ਸਕਦਾ ਹੈ। ਲੰਬੇ ਸਮੇਂ ਤੱਕ ਇਹ ਹੀ ਸਮਝਿਆ ਜਾਂਦਾ ਰਿਹਾ ਸੀ ਕਿ ਖਾਧ ਪਦਾਰਥਾਂ ਦੀ ਬਰਬਾਦੀ ਸਿਰਫ ਅਮੀਰ ਦੇਸ਼ਾਂ ਦੀ ਸਮੱਸਿਆ ਹੈ। ਪਰ ਇਸ ਕੰਮ ਵਿੱਚ ਹੁਣ ਭਾਰਤ ਵਰਗੇ ਗਰੀਬ ਦੇਸ਼ ਕਿਤੇ ਅੱਗੇ ਲੰਘ ਗਏ ਹਨ। ਭਾਰਤ ਵਿੱਚ ਸਭ ਤੋਂ ਜ਼ਿਆਦਾ ਬਰਬਾਦੀ ਵਿਆਹਾਂ ਦੇ ਸੀਜ਼ਨ ਦੌਰਾਨ ਹੁੰਦੀ ਹੈ। ਰੋਜ਼ਾਨਾਂ ਲੱਖਾਂ ਟਨ ਬਚਿਆ ਹੋਇਆ ਖਾਣਾ ਗਰੀਬਾਂ ਵਿੱਚ ਵੰਡਣ ਦੀ ਬਜਾਏ ਕੂੜੇ ਦੇ ਢੇਰਾਂ 'ਤੇ ਸੁੱਟ ਦਿੱਤਾ ਜਾਂਦਾ ਹੈ।

ਭਾਰਤ ਵਿੱਚ ਵਿਆਹਾਂ ਦੌਰਾਨ 20 ਤੋਂ 30% ਖਾਣਾ ਬਰਬਾਦ ਹੁੰਦਾ ਹੈ। ਇੱਕ ਔਸਤ ਭਾਰਤੀ ਪਰਿਵਾਰ ਆਪਣੀ ਜ਼ਿੰਦਗੀ ਭਰ ਦੀ ਕਮਾਈ ਦਾ ਪੰਜਵਾਂ ਹਿੱਸਾ ਇੱਕ ਵਿਆਹ 'ਤੇ ਖਰਚ ਕਰ ਦਿੰਦਾ ਹੈ। ਕੈਟਰਿੰਗ ਕੰਪਨੀਆਂ ਨੇ ਪਿਛਲੇ ਵੀਹ ਸਾਲਾਂ ਵਿੱਚ ਪ੍ਰਤੀ ਪਲੇਟ ਖਾਣੇ ਦਾ ਰੇਟ 50 ਤੋਂ 60 ਗੁਣਾਂ ਤੱਕ ਵਧਾ ਦਿੱਤਾ ਹੈ। ਭਾਰਤ ਵਿੱਚ ਔਸਤਨ ਸਲਾਨਾ ਇੱਕ ਕਰੋੜ ਵਿਆਹ ਹੁੰਦੇ ਹਨ ਜਿਨ੍ਹਾਂ ਦੌਰਾਨ ਅਰਬਾਂ ਰੁਪਏ ਦਾ ਖਾਣਾ ਬਰਬਾਦ ਹੁੰਦਾ ਹੈ। ਬੰਗਲੌਰ ਐਗਰੀਕਲਚਰ ਯੂਨੀਵਰਸਿਟੀ ਨੇ 2020 ਵਿੱਚ ਇਸ ਸਬੰਧੀ ਇੱਕ ਸਰਵੇ ਕਰਵਾਇਆ ਤਾਂ ਚੌਂਕਾਉਣ ਵਾਲੇ ਅੰਕੜੇ ਸਾਹਮਣੇ ਆਏ। ਸਿਰਫ ਬੰਗਲੌਰ ਸ਼ਹਿਰ ਵਿੱਚ ਹੋਏ 85000 ਵਿਆਹਾਂ ਵਿੱਚ ਹੀ 943 ਮੀਟਰਿਕ ਟਨ ਖਾਣਾ ਕੂੜੇ ਵਿੱਚ ਸੁਟਿਆ ਗਿਆ। ਇਹ ਖਾਣਾ ਢਾਈ ਕਰੋੜ ਗਰੀਬਾਂ ਨੂੰ ਇੱਕ ਸਾਲ ਲਈ ਦੋ ਵਕਤ ਦਾ ਖਾਣਾ ਦੇਣ ਲਈ ਕਾਫੀ ਸੀ। ਵਿਆਹਾਂ ਵਿੱਚ ਅੱਠ ਦਸ ਡਿੱਸ਼ਾਂ ਨਾਲ ਵੀ ਸਰ ਸਕਦਾ ਹੈ, ਪਰ ਫੋਕੀ ਸ਼ਾਨ ਵਿਖਾਉਣ ਲਈ ਪੰਜਾਹ-ਪੰਜਾਹ ਡਿਸ਼ਾਂ ਤਿਆਰ ਕੀਤੀਆਂ ਜਾਂਦੀਆਂ ਹਨ। ਖਾਣੇ ਦੀ ਰੱਜ ਕੇ ਬਰਬਾਦੀ ਕੀਤੀ ਜਾਂਦੀ ਹੈ। ਜਿਹੜਾ ਸੌ ਗ੍ਰਾਮ ਨਹੀਂ ਖਾ ਸਕਦਾ, ਉਹ ਕਿੱਲੋ ਪਾ ਲੈਂਦਾ ਹੈ। ਜਦੋਂ ਖਾਧਾ ਨਹੀਂ ਜਾਂਦਾ ਤਾਂ ਪਲੇਟ ਸਮੇਤ ਡਸਟਬਿਨ ਵਿੱਚ ਸੁੱਟ ਦਿੱਤਾ ਜਾਂਦਾ ਹੈ।

ਖਾਣੇ ਦੀ ਬਰਬਾਦੀ ਵਿੱਚ ਅਮੀਰ ਦੇਸ਼ ਵੀ ਪਿੱਛੇ ਨਹੀਂ ਹਨ। ਅਮਰੀਕਾ ਵਿੱਚ ਹਰ ਸਾਲ ਕਰੀਬ 40 ਅਰਬ ਡਾਲਰ ਦੇ ਖਾਧ ਪਦਾਰਥ ਬਰਬਾਦ ਕੀਤੇ ਜਾਂਦੇ ਹਨ ਜੋ ਕੁੱਲ ਉਤਪਾਦਨ ਦਾ 30% ਬਣਦਾ ਹੈ। ਇਸ ਕਾਰਨ ਵਾਤਾਵਰਣ ਦੀ ਬਰਬਾਦੀ ਤਾਂ ਹੁੰਦੀ ਹੀ ਹੈ ਸਗੋਂ ਇਸ ਨੂੰ ਪੈਦਾ ਕਰਨ ਲਈ ਵਰਤਿਆ ਗਿਆ ਖਰਬਾਂ ਲੀਟਰ ਪਾਣੀ ਵੀ ਜਾਇਆ ਹੋ ਜਾਂਦਾ ਹੈ। ਉੱਤਰੀ ਅਤੇ ਦੱਖਣੀ ਅਮਰੀਕਾ ਵਿੱਚ ਜਿੰਨੇ ਖਾਧ ਪਦਾਰਥ ਬਰਬਾਦ ਹੁੰਦੇ ਹਨ, ਉਨ੍ਹਾਂ ਨਾਲ 30 ਕਰੋੜ ਲੋਕਾਂ ਦੀ ਭੁੱਖ ਮਿਟਾਈ ਜਾ ਸਕਦੀ ਹੈ। ਇੰਗਲੈਂਡ ਵਿੱਚ ਖਾਣੇ ਦੀ ਸਭ ਤੋਂ ਵੱਧ ਬਰਬਾਦੀ ਘਰਾਂ ਵਿੱਚ ਕੀਤੀ ਜਾਂਦੀ ਹੈ। ਖਰੀਦੇ ਗਏ ਕੁੱਲ 217 ਲੱਖ ਟਨ ਖਾਧ ਪਦਾਰਥਾਂ ਵਿੱਚੋਂ 67 ਲੱਖ ਟਨ (32%) ਸਿਰਫ ਇਸ ਲਈ ਖਰਾਬ ਹੋ ਜਾਂਦਾ ਹੈ ਕਿਉਂਕਿ ਜ਼ਰੂਰਤ ਤੋਂ ਵੱਧ ਖਰੀਦ ਲਿਆ ਜਾਂਦਾ ਹੈ ਤੇ ਚੰਗੀ ਤਰਾਂ ਸੰਭਾਲਿਆ ਨਹੀਂ ਜਾਂਦਾ। ਇੰਗਲੈਂਡ ਅਤੇ ਯੂਰਪ ਵਿੱਚ ਬਰਬਾਦ ਕੀਤੇ ਜਾ ਰਹੇ ਖਾਧ ਪਦਾਰਥਾਂ ਨਾਲ 20 ਕਰੋੜ ਲੋਕਾਂ ਨੂੰ ਖਾਣਾ ਦਿੱਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਆਸਟਰੇਲੀਆ ਵਿੱਚ 75 ਅਰਬ ਅਤੇ ਏਸ਼ੀਆ ਵਿੱਚ 112 ਖਰਬ ਡਾਲਰ ਦੇ ਖਾਧ ਪਦਾਰਥ ਹਰ ਸਾਲ ਬਰਬਾਦ ਹੋ ਜਾਂਦੇ ਹਨ। ਸਭ ਤੋਂ ਹੈਰਾਨੀਜਨਕ ਸਥਿੱਤੀ ਅਫਰੀਕਾ ਦੀ ਹੈ ਜਿੱਥੇ ਸੋਮਾਲੀਆ, ਚਾਡ, ਸੁਡਾਨ, ਮਾਲੀ, ਨਾਈਜ਼ੀਰੀਆ, ਇਥੋਪੀਆ ਅਤੇ ਸਹਾਰਾ ਰੇਗਿਸਤਾਨ ਦੇ ਅਨੇਕਾਂ ਦੇਸ਼ਾਂ ਦੀ ਕਰੋੜਾਂ ਅਬਾਦੀ ਭੁੱਖਮਰੀ ਨਾਲ ਜੂਝ ਰਹੀ ਹੈ। ਸਿਰਫ ਕੀਨੀਆਂ ਵਿੱਚ 950 ਲੱਖ ਲੀਟਰ ਅਤੇ ਤਨਜ਼ਾਨੀਆਂ ਵਿੱਚ 595 ਲੱਖ ਲੀਟਰ ਸਲਾਨਾ ਦੁੱਧ ਸੰਭਾਲਣ ਦੀਆਂ ਸਹੂਲਤਾਂ ਨਾ ਹੋਣ ਕਾਰਨ ਖਰਾਬ ਹੋ ਜਾਂਦਾ ਹੈ ਜੋ ਕੁੱਲ ਉਤਪਾਦਨ ਦਾ 30% ਬਣਦਾ ਹੈ। ਇਸੇ ਤਰਾਂ ਅਫਰੀਕਾ ਦਾ ਅਨਾਜ ਵੀ 20% ਦੇ ਕਰੀਬ ਖਰਾਬ ਹੋ ਜਾਂਦਾ ਹੈ ਜਿਸ ਨਾਲ ਉਸ ਦੀ 22% ਅਬਾਦੀ ਨੂੰ ਖਾਣਾ ਦਿੱਤਾ ਜਾ ਸਕਦਾ ਹੈ।

ਖਾਧ ਪਦਾਰਥਾਂ ਵਿੱਚ ਸਭ ਤੋਂ ਵੱਧ ਬਰਬਾਦੀ ਕ੍ਰਮਵਾਰ ਸਬਜ਼ੀਆਂ, ਫਲਾਂ, ਦੁੱਧ ਅਤੇ ਅਨਾਜ਼ ਦੀ ਹੁੰਦੀ ਹੈ। ਸਬਜ਼ੀਆਂ ਤੇ ਫਲ 40 ਤੋਂ 50%, ਦੁੱਧ ਪਦਾਰਥ 36%, ਮੀਟ ਅਤੇ ਮੱਛੀ 32%, ਤੇਲ ਬੀਜ਼ 20%, ਅਨਾਜ ਅਤੇ ਦਾਲਾਂ 30% ਦੇ ਕਰੀਬ ਬਰਬਾਦ ਹੋ ਜਾਂਦੇ ਹਨ। ਹਰ ਸਾਲ ਜਿੰਨੇ ਖਾਧ ਪਦਾਰਥ ਬਰਬਾਦ ਕੀਤੇ ਜਾ ਰਹੇ ਹਨ, ਉਹ ਅੱਧੇ ਅਫਰੀਕਾ ਮਹਾਂਦੀਪ ਦਾ ਢਿੱਡ ਭਰਨ ਲਈ ਕਾਫੀ ਹਨ। ਗਰੀਬ ਦੇਸ਼ਾਂ ਵਿੱਚ ਸਹੂਲਤਾਂ ਦੀ ਕਮੀ ਹੋਣ ਕਾਰਨ ਖਾਧ ਪਦਾਰਥਾਂ ਦੀ 40% ਬਰਬਾਦੀ ਉਤਪਾਦਨ ਅਤੇ ਪ੍ਰੋਸੈਸਿੰਗ ਸਮੇਂ ਹੁੰਦੀ ਹੈ, ਜਦੋਂ ਕਿ ਅਮੀਰ ਦੇਸ਼ਾਂ ਵਿੱਚ ਇਸ ਦੀ 40% ਬਰਬਾਦੀ ਸਟੋਰਾਂ ਅਤੇ ਵਿਕਣ ਤੋਂ ਬਾਅਦ ਘਰਾਂ ਵਿੱਚ ਹੁੰਦੀ ਹੈ। ਗਰੀਬ ਦੇਸ਼ਾਂ ਵਿੱਚ ਭੰਡਾਰਣ, ਡੱਬਾ ਬੰਦ ਕਰਨ ਅਤੇ ਦੁੱਧ ਸ਼ੀਤਲਕਰਣ ਵਰਗੀਆਂ ਸਹੂਲਤਾਂ ਨਾ ਹੋਣ ਕਾਰਨ ਬਰਬਾਦੀ ਹੋ ਰਹੀ ਹੈ ਤੇ ਅਮੀਰ ਦੇਸ਼ਾਂ ਵਿੱਚ ਲੋੜ ਤੋਂ ਵੱਧ ਖਾਣਾ ਖਰੀਦ ਲੈਣ ਕਾਰਨ।

ਪਾਣੀ, ਵਾਤਾਵਰਣ ਅਤੇ ਮਨੁੱਖੀ ਸਿਹਤ ਨੂੰ ਬਰਕਰਾਰ ਰੱਖਣ ਲਈ ਖਾਧ ਪਦਾਰਥਾਂ ਦੀ ਬਰਬਾਦੀ ਰੋਕਣੀ ਬਹੁਤ ਹੀ ਜਰੂਰੀ ਹੋ ਗਈ ਹੈ। ਕੁਝ ਸਾਲਾਂ ਤੋਂ ਯੂਰਪ, ਅਮਰੀਕਾ ਅਤੇ ਕੈਨੇਡਾ ਵਰਗੇ ਵਿਕਸਿਤ ਦੇਸ਼ਾਂ ਵਿੱਚ ਜਗ੍ਹਾ-ਜਗ੍ਹਾ 'ਤੇ ਫੂਡ ਬੈਂਕ ਬਣ ਗਏ ਹਨ ਜਿੱਥੇ ਸਟੋਰਾਂ-ਹੋਟਲਾਂ ਵਾਲੇ ਅਤੇ ਸਧਾਰਣ ਲੋਕ ਆਪਣੇ ਵਾਧੂ ਖਾਧ ਪਦਾਰਥ ਪਹੁੰਚਾ ਆਉਂਦੇ ਹਨ। ਉਥੋਂ ਇਹ ਖਾਣਾ ਗਰੀਬ ਲੋਕਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਕੁਝ ਦੇਰ ਤੋਂ ਭਾਰਤ ਵਿੱਚ ਵੀ ਕਈ ਸਮਾਜ ਸੇਵੀ ਸੰਸਥਾਵਾਂ ਨੇ ਇਹ ਸੇਵਾ ਸ਼ੁਰੂ ਕੀਤੀ ਹੋਈ ਹੈ। ਉਹ ਮੈਰਿਜ ਪੈਲਸਾਂ ਆਦਿ ਤੋਂ ਖਾਣਾ ਇਕੱਠਾ ਕਰ ਕੇ ਗਰੀਬਾਂ ਅਤੇ ਅਨਾਥਾਲਿਆਂ ਤੱਕ ਪਹੁੰਚਾ ਦਿੰਦੇ ਹਨ। ਕੈਟਰਿੰਗ ਵਾਲੇ ਅਤੇ ਅਮੀਰ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਵਿਆਹ ਅਤੇ ਹੋਰ ਸਮਾਗਮਾਂ ਦਾ ਵਧਿਆ ਹੋਇਆ ਖਾਣਾ ਕਿਸੇ ਚੰਗੀ ਸਮਾਜ ਸੇਵੀ ਸੰਸਥਾ ਨੂੰ ਦੇ ਦੇਣ ਤਾਂ ਜੋ ਕਿਸੇ ਗਰੀਬ ਦੇ ਕੰਮ ਆ ਸਕੇ।

-0-

**ਸਫਾ 21 ਦਾ ਬਾਕੀ**

ਪੈਦਾ ਕਰਨ ਨਾਲੋਂ ਪੜ੍ਹਾਈ ਦੇ ਸਿਲੇਬਸ ਬਦਲਨੇ ਜ਼ਰੂਰੀ ਹਨ। ਵੱਧ ਤੋਂ ਵੱਧ ਕੌਂਸਲਿੰਗ ਕਰਕੇ, ਨਵੇਂ ਰੁਜ਼ਗਾਰ ਤਲਾਸ਼ਣੇ, ਨਵੀਆਂ ਸਬਸਿਡੀਆਂ ਦੇਣੀਆਂ ਤੇ ਨਵੇਂ ਨਿਵੇਕਲੇ ਕੰਮ ਧੰਦਿਆਂ ਦੀ ਦੱਸ ਪਾਉਣੀ ਹੋਰ ਵੀ ਜ਼ਰੂਰੀ ਹੈ। ਖੇਤੀ-ਉਪਜਾਂ ਦੀ ਪਰੋਸੈਸਿੰਗ ਤੋਂ ਹਜ਼ਾਰਾਂ ਨਵੇਂ ਕੰਮ ਆਰੰਭੇ ਜਾ ਸਕਦੇ ਹਨ। ਖੇਤੀ ਮਾਡਲ ਵਿਚ ਸਹਿਕਾਰਤਾ ਅਜੋਕੇ ਸਮੇਂ ਦੀ ਮੰਗ ਹੈ। ਰਾਜ ਤੇ ਕੇਂਦਰ ਦੀ ਖਿੱਚੋਤਾਣ ਵਿਚ ਵੀ ਘਾਟਾ ਰਾਜ ਨੂੰ ਹੀ ਪੈਂਦਾ ਹੈ ਤੇ ਕੇਂਦਰ ਦਾ ਪੱਖਪਾਤੀ, ਪੰਜਾਬ ਵਿਰੋਧੀ ਤੇ ਇਕਪਾਸੜ ਰਵੱਈਆ ਸਾਡੇ ਸਬਰ ਦੀ ਅਜਮਾਇਸ਼ ਹੈ। ਅਸੀਂ ਇਸ ਦੇਸ਼ ਨੂੰ ਰੱਜ ਕੇ ਪ੍ਰੇਮ ਕਰਦੇ ਹਾਂ। ਇਹ ਦੇਸ਼ ਸਾਡਾ ਹੈ, ਅਸੀਂ ਇਸ ਦੀ ਗ਼ੁਲਾਮੀ ਨੂੰ ਕੱਟਣ ਲਈ ਆਪਣਾ ਸਭੋ ਕੁਝ ਵਾਰ ਦਿੱਤਾ ਪਰ ਸਾਨੂੰ ਹੋਰਨਾਂ ਵਾਂਗ ਬਰਾਬਰੀ ਨਹੀਂ ਦਿੱਤੀ ਗਈ। ਰਾਜੀਵ ਗਾਂਧੀ ਦੇ ਕਾਤਲ ਘਰਾਂ ਵਿਚ ਬੈਠੇ ਹਨ ਪਰ ਉਨ੍ਹਾਂ ਹੀ ਕਾਰਨਾਂ ਕਰਕੇ ਸਾਡੇ ਸਿੰਘ, ਜੇਲਾਂ ਦੀਆਂ ਸਜ਼ਾਵਾਂ ਪੂਰੀਆਂ ਕਰਕੇ ਵੀ ਕਾਲ ਕੋਠੜੀਆਂ 'ਚ ਬੰਦ ਹਨ। ਇਕ ਲੁੱਚਾ ਬਲਾਤਕਾਰੀ ਨੌਂ-ਨੌਂ ਵਾਰ ਫਰਲੋ ਤੇ ਪੈਰੋਲ ਲੈ ਕੇ ਆਲੀਸ਼ਾਨ ਆਸ਼ਰਮਾਂ 'ਚ ਵੀਡੀਓਜ਼ ਜਨਤਕ ਕਰ ਸਕਦਾ ਹੈ ਪਰ ਸਾਡੇ ਬੰਦੀ ਸਿੰਘ ਐਲਾਨੇ ਸਜ਼ਾ-ਮੁਆਫ਼ੀਨਾਮੇ ਦੇ ਬਾਵਜੂਦ ਅਨਿਸਚਿਤਤਾ ਵਿਚ ਜੇਲਾਂ ਕੱਟ ਰਹੇ ਹਨ। ਇਨਸਾਫ਼ ਹੈ ਕਿੱਥੇ? ਪੰਜਾਬੀਆਂ ਲਈ ਇਨਸਾਫ਼ ਦੂਰ ਦੀ ਗੱਲ ਹੈ ਜਦੋਂ ਕਿ ਪੰਜਾਬ ਨੇ ਸਭ ਤੋਂ ਵੱਧ ਇਸ ਦੇਸ਼ ਨੂੰ ਦਿੱਤਾ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀਆਂ ਨਾਲ ਵਿਤਕਰਿਆਂ ਦੀ ਸੂਚੀ ਬੇਗਾਨਿਆਂ ਨਾਲੋਂ ਵੀ ਆਪਣਿਆਂ ਵਲੋਂ ਵਧੇਰੇ ਲੰਮੀ ਕੀਤੀ ਗਈ ਹੈ ਪਰ ਅੱਜ ਦੇ ਨੀਤੀ ਘਾੜਿਆਂ ਤੇ ਸਰਕਾਰ ਨੂੰ ਇਸ ਦੀ ਅਸਲ ਰਮਜ਼ ਸਮਝ ਕੇ, ਅਤੀਤ ਦੀਆਂ ਹੋਛੀਆਂ ਤੇ ਮਾਰੂ ਨੀਤੀਆਂ 'ਤੇ ਕਲਮ ਫੇਰ ਕੇ ਨਵੇਂ ਦਿਸਹੱਦੇ ਉਲੀਕਣੇ ਜ਼ਰੂਰੀ ਹਨ। ਪੰਜਾਬ ਨੂੰ ਬਚਾਉਣ ਲਈ ਫੌਰੀ ਤੌਰ 'ਤੇ ਕਦਮ ਚੁੱਕਣੇ ਬੇਹੱਦ ਜ਼ਰੂਰੀ ਹਨ। ਕੁਝ ਖਾਸ ਭਲਾਈ ਸਕੀਮਾਂ, ਕੁਝ ਵਿਸ਼ੇਸ਼ ਰਿਆਇਤਾਂ, ਹੋਰਨਾਂ ਸੂਬਿਆਂ ਵਾਂਗ ਬਰਾਬਰੀ ਦਾ ਸਲੂਕ ਤੇ ਸਰਹੱਦੀ ਸੂਬੇ ਵਾਲੀਆਂ ਬੇਸ਼ੁਮਾਰ ਔਕੜਾਂ ਦੇ ਮੱਦੇਨਜ਼ਰ ਕੁਝ ਉਚੇਚੇ ਕਦਮ ਚੁੱਕੇ ਬਿਨਾ ਡੇਗਿਆ ਗਿਆ ਸਾਡਾ ਪੰਜਾਬ ਉੱਠ ਕੇ ਖੜ੍ਹਾ ਨਹੀਂ ਹੋ ਸਕਦਾ। ਇਸ ਦੀ ਰੋਲੀ ਮਧੋਲੀ ਤੇ ਮੂੰਹ ਜ਼ੋਰ ਹੋ ਚੁਕੀ ਜਵਾਨੀ ਨੂੰ ਸਾਂਭਣ ਲਈ ਜੰਗੀ ਪੱਧਰ 'ਤੇ ਕੌਂਸਲਿੰਗ, ਯੁਵਕ ਕੈਂਪ ਅਤੇ ਸਹਾਇਤਾ ਕੇਂਦਰ ਸਥਾਪਿਤ ਕਰਕੇ ਸਮੇਂ ਦੀ ਲੋੜ ਹੈ। ਸਰਕਾਰ ਵੋਟ-ਬੈਂਕ ਦਾ ਧਿਆਨ ਛੱਡ ਕੇ, ਨਾਸ਼ ਹੋ ਰਹੀ ਤੇ ਵਿਦੇਸ਼ਾਂ ਵੱਲ ਭੱਜੀ ਜਾ ਰਹੀ ਜਵਾਨੀ ਨੂੰ ਰੋਕਨ ਦੇ ਉਪਾਅ ਕਰੇ। ਖ਼ਵਰੇ, ਪੰਜਾਬ ਦਾ ਖੋਰਾ ਬੰਦ ਹੋ ਜਾਵੇ ਜਾਂ ਘਟ ਹੀ ਜਾਵੇ।

-0-

**ਕਾਵਿ ਕਿਆਰੀ**

# ਕਿਸਾਨੀ ਸੰਘਰਸ਼ ਦਿੱਲੀ ਨੂੰ ਵੰਗਾਰ

-ਡਾ. ਅਮਨਪ੍ਰੀਤ ਸਿੰਘ ਯੰਗ

ਸਾਨੂੰ ਮਿਲੀ ਏ ਗੁੜ੍ਹਤੀ ਪੰਜ ਦਰਿਆ ਵਾਲ਼ੀ
ਸਾਨੂੰ ਪੰਜ ਆਬ ਦੀ ਮਿੱਟੀ ਨਾਲ ਪਿਆਰ ਦਿੱਲੀਏ।
ਸਾਡਾ ਗੁਜ਼ਾਰਾ ਏ ਕਿਰਤ ਤੇ ਨਾਮ, ਵੰਡ ਉੱਤੇ
ਸਾਡਾ ਸਿੱਧਾ ਸਾਦਾ ਜਿਗਰਾ ਆਬਾਦ ਦਿੱਲੀਏ।
ਸਾਲ਼ਾ ਪੰਜ ਆਬ ਦੇ ਖੇਤਾਂ ਦੇ ਨਾਲ ਮੋਹ ਗੂੜ੍ਹਾ,
ਖੇਤੀਬਾੜੀ ਮੁੱਖ ਕਿੱਤਾ ਬਣ ਗਈ ਪਛਾਣ ਦਿੱਲੀਏ।
ਅੰਮ੍ਰਿਤ ਵੇਲੇ ਤੋਂ ਜਪੁਜੀ ਦਾ ਮਿੱਠਾ ਪਾਠ ਸੁਣਦੇ
ਹਲ਼ ਬਲਦ ਤੇ ਪੱਲੇ ਮਿੱਸੀਆਂ ਗੰਢਾ ਅੰਬ ਆਚਾਰ ਦਿੱਲੀਏ।
ਛੇ ਹਰਟਾਂ ਦੇ ਨਾਲ਼ ਗਿੜਦਾ ਸੀ ਖ਼ੂਹ ਸੋਂਹਦਾ
ਨਹਾਉਣ ਆਉਣ ਪਿੰਡਾਂ ਦੇ ਬੱਚੇ ਜਵਾਨ ਦਿੱਲੀਏ।
ਸੋਨੇ ਦੀ ਚਿੜੀ ਵਿਸ਼ਵ ਭਰ ਦੀ ਪੰਜਾਬ ਬਣ ਗਈ,
ਵਿਸ਼ਵ ਤੱਕ ਅੰਨ ਰਿਹਾ ਅੰਨਦਾਤਾ ਪਹੁੰਚਾ ਦਿੱਲੀਏ।
ਹੈ ਸਰਬੱਤ ਦੇ ਭਲੇ ਦੀ ਸਹਿਜ ਇਹ ਸੋਚ ਸਾਡੀ,
ਮੌਤ ਨੂੰ ਕਰਕੇ ਮਜ਼ਾਕ ਦੇਈਏ ਅਸੀਂ ਭਜਾਇ ਦਿੱਲੀਏ।
ਅਸੀਂ ਅਲਬੇਲੇ ਪਿਆਰ ਨਾਲ਼ ਕਰੀਏ ਜੇ ਗੁਲਾਮੀ,
ਆਕੜੀ ਧੌਣ ਨੂੰ ਦੇਈਏ ਇਕੱਲੇ ਹੀ ਸਬਕ ਸਿਖਾਇ ਦਿੱਲੀਏ।
ਆਈਆਂ ਖੰਖਾਰੂ ਕੌਮਾਂ ਤੇ ਸਹੇ ਨੇ ਕਈ ਵਾਰ ਹਿੱਕ ਤੇ,
ਟਾਕਰਾ ਕਰਕੇ ਵੈਰੀ ਦਾ ਮੁੱਖ ਮੋੜ ਦੇਈਏ ਵੰਗਾਰ ਦਿੱਲੀਏ।
ਅਸੀਂ ਸਵਾ ਲੱਖ ਦੇ ਨਾਲ ਲੜੇ ਰਣ ਵਿੱਚ ਅਣਖ਼ ਦੇ ਨਾਲ,
ਝੂਠੀਆਂ ਕਸਮਾਂ ਵਾਲੇ ਸ਼ਾਸਕ ਦਿੱਤੇ ਬੁਰੀ ਤਰ੍ਹਾਂ ਹਰਾਇ ਦਿੱਲੀਏ।
ਤਿਲਕ ਜੰਞੂ ਦੇ ਰਾਖੇ ਲਈ ਸੀਸ ਕਟਾਇਆ ਤੇਗ਼ ਬਹਾਦਰ,
ਸਰਬੰਸ ਵਾਰ ਕੇ ਲਿਆ ਹੈ ਤੈਨੂੰ ਪੰਜਾਬੀਆਂ ਬਚਾਅ ਦਿੱਲੀਏ ।
ਅੱਜ ਸਾਡੇ ਹੀ ਹੱਕਾਂ ਨੂੰ ਕੁਚਲਣ ਇਹ ਤਾਨਾਸ਼ਾਹੀ ਤੇਰੀ,
ਸਾਡਾ ਹੋਣਾ ਨੀਂ ਵਿੰਗਾ ਦੇਖੀ ਇੱਕ ਵੀ ਵਾਲ ਦਿੱਲੀਏ ।
ਅਸੀਂ ਜਰਿਆ ਏ ਜੇਠ ਹਾੜ, ਝੱਖੜ ਹਨੇਰੀਆਂ ਨੂੰ ਹਿੱਕ ਉੱਤੇ,
ਤੂੰ ਸਾਡੇ ਬਜ਼ੁਰਗਾਂ ਨੂੰ ਪੋਹ ਦੇ ਵਗਦੇ ਕੱਕਰ ਵਿੱਚ ਨਾ ਮਾਰ ਦਿੱਲੀਏ।
ਠੰਢੀ ਹਵਾ ਖੁੱਲੀ ਛੱਤ ਹੇਠ ਸੜਕਾਂ ਤੇ ਬਸਤਰ ਵਿਛਾ ਲਏ ਨੇ,
ਯਾਦ ਰੱਖ ਘੋੜਿਆਂ ਦੀਆਂ ਕਾਠੀਆਂ ਬਣੀਆਂ ਸੀ ਸਾਡੀਆਂ ਸਰਾਇ ਦਿੱਲੀਏ।
ਆਹ ਦੇਖ ਗੁਰੂ ਕੇ ਲਾਲ ਨੇ ਆਣ ਕੇ ਲੰਗਰ ਲਗਾ ਦਿੱਤੇ,
ਖ਼ਾਲਸਾ ਏਡ ਤੇ ਸੰਸਥਾਵਾਂ ਇੱਕ ਹੋਰ ਪਿਆਰ ਦਾ ਸਬਕ ਸਿਖਾਇ ਦਿੱਲੀਏ।
ਅੰਸੂ ਗੈਸ ਮਾਰੂ, ਲਾਠੀਆਂ ਬਰਸਾਉਣ ਬਜ਼ੁਰਗ ਕਰੇ ਜ਼ਖ਼ਮੀ,
ਇਹ ਜ਼ਖ਼ਮੀ ਹੀ ਤੇਰੇ ਕਾਰਕੂਨਾਂ ਨੂੰ ਲੰਗਰ ਛਕਾਇ ਦਿੱਲੀਏ।
ਕਾਨੂੰਨ ਮਾੜੇ ਨੀਤੀਆਂ ਮਾੜੀਆਂ ਤੇਰੀਆਂ ਕਦੇ ਬਰਦਾਸ਼ਤ ਨਾਹੀਂ,
ਘਰਾਂ ਨੂੰ ਪਰਤਾਂਗੇ ਝੁਲਾ ਕੇ ਝੰਡਾ ਅਣਖ਼ ਨਾਲ ਮੰਗਾਂ ਮਨਾਇ ਦਿੱਲੀਏ।
ਬੱਚੇ ਬਜ਼ੁਰਗ ਮਾਵਾਂ ਆਣ ਪੰਜਾਬਣਾਂ ਅੰਦੋਲਨ ਵਿੱਚ ਜੁਟੀਆਂ,
ਦੱਸ ਕਿਹੜੀ ਤਾਕਤ ਏਕਤਾ ਪੰਜਾਬ ਹੋਰ ਤੈਨੂੰ ਦਿਖਾਇ ਦਿੱਲੀਏ।
ਕਿਰਤੀ ਵਸਣ ਇੱਕ ਜੁੱਟ ਹੋਂਣ, ਆਣ ਕਰਨ ਤਰੱਕੀਆਂ,
ਦੇਸ਼ ਦਾ ਕਾਨੂੰਨ ਐਸਾ ਹਰ ਨਾਗਰਿਕ ਚਾਹੇ ਦਿੱਲੀਏ।
ਤੇਰੇ ਦਲਾਲ ਜਿਨ੍ਹਾਂ ਪੈਰ ਨਾ ਪਾਇਆ ਪੈਲੀਆਂ ਵਿੱਚ
ਅੱਜ ਧ੍ਰੋਹ ਨੇ ਰਹੇ ਸੱਜਣ ਠੱਗ ਸਾਡੇ ਨਾਲ ਕਮਾਇ ਦਿੱਲੀਏ।
ਤੂੰ ਤਾਂ ਦਿੱਤਾ ਏ ਸਦਾ ਹੀ ਸਾਥ ਆਪਣਿਆਂ ਦਲਾਲਾਂ ਦਾ,
ਮੱਤ ਮਾਰੀ ਗਈ ਤੇਰੀ, ਪੱਲੇ ਨਾ ਰਿਹਾ ਹੁਣ ਤੇਰੇ ਕਾਇ ਦਿੱਲੀਏ।
ਸਾਡੀ ਜਾਗਦੀ ਦੇ ਜ਼ਮੀਰ ਹੱਕ ਲੈਣਾ ਜਾਣਦੇ ਹਾਂ ਆਪਣੇ,
ਅਸੀ ਸਮਾਂ ਖ਼ਰਾਬ ਕਰਨ ਲਈ ਨਹੀਂ ਤੇਰੇ ਕੋਲ਼ ਆਏ ਦਿੱਲੀਏ।
ਸਾਡੇ ਵਿੱਚ ਬੈਠੇ ਨੇ ਕਈ ਬਘੇਲ ਸਿੰਘ ਸਰਦਾਰ ਯੋਧੇ,
ਚਾਹੀਏ ਝੰਡਾ ਕੇਸਰੀ ਲਾਲ ਕਿਲ੍ਹੇ ਵਿੱਚ ਲਹਿਰਾਇ ਦਿੱਲੀਏ। -0-

# ਸਿੱਖੀ-ਸਰੂਪ

**ਮੰਗਤ ਸਿੰਘ ਰਾਹੀ ਮੋ-98882-91607**

ਖਾਕਾ ਬਣਾਇਆ ਸਤਿਗੁਰ ਨਾਨਕ ਆਪ ਪੂਰਨ ਇਨਸਾਨ ਦਾ,
ਸਿੱਖ ਰੱਖਿਆ ਨਾਮ ਦਾਤੇ ਉਸ ਕਾਮਲ ਤਸਵੀਰ ਦਾ॥
ਸਾਲ ਲਗੇ ਦੋ ਸੌ ਚਾਲੀ ਤਸਵੀਰ ਪੂਰੀ ਬਣਨ ਵਿੱਚ,
ਨਾਮ ਰੱਖਿਆ "ਖਾਲਸਾ" ਦਸ਼ਮੇਸ਼ ਨੇ ਤਸਵੀਰ ਦਾ॥
ਰੰਗ ਭਰਕੇ ਰੰਗ ਰੰਗ ਦੇ ਨਵਰੰਗ ਬਣਾਇਆ ਸਤਿਗੁਰਾਂ,
ਪੂਰਣਤਾ ਦੇ ਰੰਗ ਸਾਰੇ ਭਰਕੇ ਇਸ ਤਸਵੀਰ ਵਿੱਚ॥
ਮਹਿਕ ਸਾਰੀ ਲਹਿਕ ਸਾਰੀ ਜ਼ਿੰਦਗੀ ਦੀਆਂ ਖੁਸ਼ਬੂਆਂ,
ਡੋਹਲੀਆਂ ਰਜ ਰਜ ਕੇ ਤੇ ਭਰੀਆਂ ਇਸ ਤਸਵੀਰ ਵਿੱਚ॥
ਰੰਗ ਹੁਕਮ ਮੰਨਣ ਦਾ ਉਹ ਭਰਿਆ ਦੂਜੇ ਪਾਤਸ਼ਾਹ,
ਹੁਕਮ ਮੰਨ ਕੇ ਪਰਵਾਣੁ ਹੋਵੇ ਮਾਲਕ ਦਾ ਘਰ ਪਾਇਸੀ॥
ਹੁਕਮ ਜੋ ਮੰਨਦਾ ਨਹੀਂ ਸਿੱਖ ਉਹ ਖਾਲੀ ਹੈ ਇਸ ਰੰਗ ਤੋਂ,
ਗੁਰੂ ਅੰਗਦ ਪਾਤਸ਼ਾਹ ਨੂੰ ਉਹ ਕਿਵੇਂ ਫਿਰ ਭਾਵਸੀ॥
ਰੰਗ ਆਦਰਸ਼ਵਾਦ ਦਾ ਭਰਕੇ ਸ੍ਰੀ ਗੁਰੂ ਅਮਰਦਾਸ,
ਪਹਿਲੇ ਪੰਗਤ ਪਾਛੈ ਸੰਗਤ ਮਿਟਾ ਕੇ ਜਾਤ ਪਾਤ ਨੂੰ॥
ਸਤੀ ਪ੍ਰਥਾ ਨੂੰ ਨਿੰਦ ਕੇ ਵਿਧਵਾ ਵਿਆਹ ਸਵੀਕਾਰ ਕੇ,
ਬਾਣੀ ਦਾ ਭਾਵ ਦੱਸ ਕੇ ਤਾਰਿਆ ਕਾਇਨਾਤ ਨੂੰ॥
ਸੋਹਣੇ ਤੇ ਸੁੰਦਰ ਸ਼ਹਿਰ ਤੇ ਸਰੋਵਰ ਉਸਾਰਨੇ ਸਿਖਾਏ ਗੁਰੂ ਰਾਮਦਾਸ,
ਰੰਗ ਸ਼ਾਂਤੀ ਸਬਰ ਦਾ ਭਰਕੇ ਦਿਖਾਇਆ ਗੁਰੂ ਅਰਜਨ॥
ਮੁਸ਼ਕਲਾਂ ਤੇ ਔਕੜਾਂ 'ਚ ਸਿਖ ਧੀਰਜ ਰਖੇ ਕਿਸ ਤਰ੍ਹਾਂ,
ਤਤੀ ਤਵੀ ਤੇ ਬੈਠਕੇ ਸ਼ਾਂਤ ਰਹਿਣਾ ਸਿਖਾਇਆ ਗੁਰੂ ਅਰਜਨ॥
ਇਸ ਸ਼ਾਂਤੀ ਨੂੰ ਬੁਜ਼ਦਿਲੀ ਨਾ ਸਮਝ ਲਏ ਕੋਈ ਬਸ਼ਰ,
ਰੰਗਿਆਂ ਛੇਵੇਂ ਪਾਤਸ਼ਾਹ ਭਰਕੇ ਕਰਾਂਤੀ ਬੀਰ ਰਸ॥
ਲਾਹ ਨਾ ਦੇਵੇ ਪੱਗ ਕੋਈ ਇਸ ਸਿਖੀ ਤਸਵੀਰ ਦੀ,
ਜੋਸ਼ ਵੀ ਚਾਹੀਏ, ਤਾਂ ਭਰਿਆ ਸਤਿਗੁਰਾਂ ਨੇ ਬੀਰ ਰਸ॥
ਰੰਗ ਭਰਿਆ ਸਾਦਗੀ ਦਾ ਸ੍ਰੀ ਗੁਰੂ ਹਰਿ ਰਾਏ ਨੇ,
ਭੇਦ ਖੋਲੇ ਬਾਲਪੁਣੇ ਦੇ ਸ੍ਰੀ ਗੁਰੂ ਹਰਿਕ੍ਰਿਸ਼ਨ॥
ਜਿਸ ਘਰ ਬੱਚੇ ਜਪ ਪੜਦੇ ਸੰਧਿਆਂ ਨੂੰ ਸੋ ਦਰੁ ਗਾਂਵਦੇ,
ਸਮਝੋ ਬਰਕਤਾਂ ਵਰਤਾ ਰਹੇ ਉਸ ਘਰ ਸ੍ਰੀ ਗੁਰੂ ਹਰਿਕ੍ਰਿਸ਼ਨ॥
ਤਿਆਗ ਤੇ ਵੈਰਾਗ ਦਾ ਰੰਗ ਭਰਕੇ ਨੌਂਵੇ ਪਾਤਸ਼ਾਹ,
ਹੋਈ ਮੁਕੰਮਲ ਇਸ ਤਰ੍ਹਾਂ ਤਸਵੀਰ ਸਿੱਖੀ ਸਰੂਪ ਦੀ॥
ਵੱਖ ਵੱਖ ਗੁਣਾਂ ਦੇ ਰੰਗ ਨਾਲ ਸੰਵਾਰ ਕੇ ਸ਼ਿੰਗਾਰ ਕੇ,
ਚਮਕ ਉਠੀ ਇਸ ਤਰ੍ਹਾਂ ਤਸਵੀਰ ਸਿੱਖੀ ਸਰੂਪ ਦੀ॥
ਫਰੇਮ ਕਰਨਾ ਜ਼ਿੰਮੇ ਆਇਆ ਹਿੱਸੇ ਗੁਰੂ ਗੋਬਿੰਦ ਦੇ,
ਚਾਰ ਰਹਿਤਾਂ ਦਾ ਚੌਖਟਾ ਤੇ ਸ਼ੀਸ਼ਾ ਬਣਾਇਆ ਬੇਮਿਸਾਲ॥
ਪੰਜ ਕੁਰਹਿਤਾਂ ਦੇ ਫਰੇਮ ਵਿੱਚ ਜੜਿਆ ਗੁਰੂ ਗੋਬਿੰਦ ਸਿੰਘ,
ਸ਼ੀਸ਼ੇ ਵਾਗੂੰ ਕੇਸ ਨਾਜ਼ੁਕ ਬਖ਼ਸ਼ੇ ਸਤਿਗੁਰ ਸਾਹਿਬੇ ਕਮਾਲ॥
ਜੜ ਕੇ ਇਸ ਤਸਵੀਰ ਨੂੰ ਟੰਗਿਆਂ ਗੁਰਬਾਣੀ ਦੇ ਆਸਰੇ,
ਦੇਖ ਇਸ ਤਸਵੀਰ ਨੂੰ "ਰਾਹੀ", ਬਚਨ ਉਚਾਰੇ ਵਿੱਚ ਉਲਾਸ॥
ਖਾਲਸਾ ਉਸ ਵਿੱਚ ਵੱਸਦਾ ਉਹਦਾ ਖਾਲਸੇ ਵਿੱਚ ਨਿਵਾਸ॥ -0-

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸਾਬਤ ਸੂਰਤਿ ਰਹਿਣ' ਦਾ ਸੰਕਲਪ

**'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਪੁਸਤਕ ਵਿਚੋਂ**

**ਗਿ: ਜਗਤਾਰ ਸਿੰਘ ਜਾਚਕ**

ਗੁਰਬਾਣੀ ਵਿਚਲੇ ਹੇਠ ਲਿਖੇ ਸਲੋਕਾਂ ਵਿੱਚੋਂ ਸਪਸ਼ਟ ਝਲਕਾਰਾ ਵੱਜਦਾ ਹੈ । ਕਿ ਗੁਰੂ ਸਾਹਿਬਾਨ ਦੇ ਚਰਨੀਂ ਲੱਗਣ ਵਾਲੇ ਸੇਵਕ ਸਿੱਖ ਕੇਸ ਦਾੜ੍ਹੀਆਂ ਸਮੇਤ ਸਾਬਤ-ਸੂਰਤਿ ਹੁੰਦੇ ਸਨ। ਕਿਉਂਕਿ, ਇਨ੍ਹਾਂ ਸ਼ਬਦਾਂ ਵਿਚ ਦਾੜ੍ਹੀਆਂ ਨੂੰ ਸਫਲਾਉਣ ਤੇ ਸੱਚੀਆਂ ਬਨਾਉਣ ਦਾ ਉਪਦੇਸ਼ ਦਿੰਦਿਆਂ ਹੋਇਆਂ ਗੁਰੂ ਚਰਨੀਂ ਲੱਗਣ ਵਾਲਿਆਂ ਨੂੰ ਦਾੜ੍ਹੀਆਂ ਸਮੇਤ ਦੇਖਿਆ ਗਿਆ ਹੈ:

**ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ ॥**
**ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨਿ ॥**
**ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ ॥**
**ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥**
**ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਹਿ ਸਮਾਹਿ ॥ (1419-20)**

ਸੋ ਉਪਰੋਕਤ ਸਾਰੀ ਵੀਚਾਰ ਤੋਂ ਨਿਸਚੇ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖ ਨੂੰ ਰੱਬੀ ਰਜ਼ਾ ਵਿਚ ਜਿਉਂਦਿਆਂ ਪ੍ਰਾਪਤ ਹੋਏ ਕੁਦਰਤੀ ਸਰੂਪ ਨੂੰ ਕਾਇਮ ਰੱਖਣ ਦੀ ਹਦਾਇਤ ਹੈ। ਕਿਉਂਕਿ, ਗੁਰੂ ਬਾਣੀ ਵਿਚ ਕੇਸ ਮੁੰਨਣ, ਕੇਸ ਪੁੱਟਣ, ਕੇਸਾਂ ਦੀਆਂ ਜਟਾਵਾਂ ਬਨਾਉਣ, ਕੰਨ ਛੇਦਨ ਅਤੇ ਸੁੰਨਤ ਤੇ ਲਬਾਂ ਆਦਿਕ ਕਟਾਉਣ ਦੀਆਂ ਭੇਖ ਰੂਪ ਮਜ਼ਹਬੀ ਕ੍ਰਿਆਵਾਂ ਨੂੰ ਰੱਬੀ ਰਜ਼ਾ ਦੇ ਵਿਪਰੀਤ ਜਾਣ ਕੇ ਜ਼ੋਰਦਾਰ ਨਿਖੇਧੀ ਕਰਦਿਆਂ ਨਕਾਰਿਆ ਹੋਇਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਥਨ ਹੈ ਕਿ ਜਿਸ ਸੇਵਕ ਉੱਤੇ ਪ੍ਰਭੂ ਮਾਲਕ ਦਇਆਲ ਹੋ ਜਾਏ, ਮਿਹਰ ਕਰੇ, ਤਾਂ ਉਸ ਪਾਸੋਂ ਉਹੀ ਕੰਮ ਕਰਾਂਦਾ ਹੈ ਜੋ ਉਸ ਨੂੰ ਭਾਉਂਦਾ ਹੈ। ਜਿਸ ਨੂੰ ਆਪਣੀ ਰਜ਼ਾ ਵਿਚ ਤੋਰਦਾ ਹੈ, ਉਹ ਸੇਵਕ ਪ੍ਰਭੂ-ਮਾਲਕ ਦੀ ਸੇਵਾ ਕਰਦਾ ਹੈ; ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਕਰਕੇ ਸੇਵਕ ਪ੍ਰਭੂ ਦੇ ਦਰ 'ਤੇ ਕਬੂਲ ਹੋ ਜਾਂਦਾ ਹੈ ਅਤੇ ਮਾਲਕ ਦਾ ਘਰ ਲੱਭ ਲੈਂਦਾ ਹੈ। ਜਦੋਂ ਸੇਵਕ ਉਹੀ ਕੰਮ ਕਰਦਾ ਹੈ ਜੋ ਖ਼ਸਮ ਨੂੰ ਚੰਗਾ ਲੱਗਦਾ ਹੈ ਤਾਂ ਉਸ ਨੂੰ ਮਨ-ਭਾਉਂਦਾ ਫਲ ਮਿਲਦਾ ਹੈ, ਅਤੇ ਉਹ ਪ੍ਰਭੂ ਦੀ ਦਰਗਾਹ ਵਿਚ ਇੱਜ਼ਤ ਨਾਲ ਜਾਂਦਾ ਹੈ :

**ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥**
**ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥**
**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥**
**ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥**
**ਤਾ ਦਰਗਹ ਪੈਧਾ ਜਾਇਸੀ ॥ (471)**

ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਖਸਮ ਨੂੰ ਓਹੀ ਚੰਗਾ ਲੱਗਦਾ ਹੈ, ਜਿਸ ਨੂੰ ਖ਼ਸਮ ਦਾ ਭਾਣਾ ਚੰਗਾ ਲੱਗੇ, ਭਾਵ, ਜੋ ਮਾਲਕ ਨੂੰ ਚੰਗਾ ਲੱਗੇ, ਓਹੀ ਦਾਸ ਨੂੰ ਚੰਗਾ ਲੱਗੇ। ਕਿਉਂਕਿ, ਭਾਣੇ ਦਾ ਅਰਥ ਹੈ; 'ਜੋ ਭਾਉਂਦਾ ਹੈ', ਜੋ ਚੰਗਾ ਲੱਗਦਾ ਹੈ:

**ਖਸਮੈ ਸੋਈ ਭਾਵਦਾ ਖਸਮੈ ਦਾ ਜਿਸੁ ਭਾਣਾ ਭਾਵੈ।**
**ਭਾਣਾ ਮੰਨੈ ਮੰਨੀਐ ਅਪਣਾ ਭਾਣਾ ਆਪਿ ਮਨਾਵੈ।**
**(ਵਾਰ 29, ਪਉੜੀ 13)**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੁਤਾਬਕ ਹਰੇਕ ਗੁਰਸਿੱਖ ਦਾਸਰੇ ਦਾ ਖ਼ਸਮ ਅਕਾਲ ਪੁਰਖ ਹੈ। ਉਸ ਨੂੰ ਭਾਉਂਦਾ ਹੈ ਕਿ ਇਨਸਾਨ ਕੇਸਾਂ ਸਮੇਤ ਸਾਬਤ-ਸੂਰਤ ਰਹੇ, ਕਿਉਂਕਿ ਇਹ ਉਸ ਦੀ ਅਟੱਲ ਕੁਦਰਤੀ ਰਜ਼ਾ ਹੈ। ਇਹ ਰੱਬੀ ਹੁਕਮ ਹੈ। 'ਹੁਕਮਿ ਰਜਾਈ ਚਲਣਾ' ਗੁਰਸਿੱਖੀ ਦਾ ਮੁੱਖ ਸਿਧਾਂਤ ਹੈ। ਇਸੇ ਲਈ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਪੰਥ ਪ੍ਰਵਾਣਿਤ 'ਸਿੱਖ ਰਹਿਤ ਮਰਿਯਾਦਾ' ਵਿਚ ਗੁਰਸਿੱਖਾਂ ਨੂੰ ਸਾਬਤ ਸੂਰਤਿ ਰੱਖਣ ਲਈ 'ਪੰਥਕ ਰਹਿਣੀ' ਦੇ ਭਾਗ ਵਿੱਚ, ਜਿਥੇ, 'ਅੰਮ੍ਰਿਤ ਸੰਸਕਾਰ' ਦੇ ਸਿਰਲੇਖ ਹੇਠ ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਪ੍ਰਤੀ ਕੇਸਾਂ ਨੂੰ ਪੰਜ ਕਕਾਰਾਂ ਦੀ ਰਹਿਤ ਵਿਚ ਪ੍ਰਮੁੱਖਤਾ ਦਿੰਦਿਆਂ ਕੇਸਾਂ ਦੀ ਬੇਅਦਬੀ ਨੂੰ ਕੁਰਹਿਤ ਕਰਾਰ ਦਿੱਤਾ ਹੋਇਆ ਹੈ। ਉਥੇ, 'ਸ਼ਖ਼ਸੀ ਰਹਿਣੀ' ਦੇ ਭਾਗ ਵਿਚ ਵੀ 'ਗੁਰਮਤਿ ਦੀ ਰਹਿਣੀ' ਦੇ ਸਿਰਲੇਖ ਹੇਠ ਨਿਮਨ-ਲਿਖਤ ਹਦਾਇਤਾਂ ਵੀ ਕੀਤੀਆਂ ਗਈਆਂ ਹਨ:

(ਘ) ਕੇਸ ਲੜਕੇ ਕੇ ਜੋ ਹੋਏ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ। ਕੇਸ ਉਹੀ (ਜਮਾਂਦਰੂ) ਰੱਖੇ, ਨਾਮ ਸਿੰਘ ਰੱਖੇ। ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰੱਖੇ। (ਪੰਨਾ 17) (ਚ) ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨੱਕ, ਕੰਨ ਛੇਦਨਾ ਮਨ੍ਹਾਂ ਹੈ।

**ਅੰਤਿਕਾ-1**

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਦੀ ਬੇ-ਤਰਤੀਬੀ ਤੇ ਕੌਮੀ ਜ਼ਿੰਮੇਵਾਰੀ**

**-ਸਰਵਜੀਤ ਸਿੰਘ ਸੈਕਰਾਮੈਂਟੋ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ ਗੁਰੂ ਅਰਜਨ ਦੇਵ ਜੀ ਨੇ ਆਪਣੀ ਦੇਖ-ਰੇਖ ਹੇਠ, ਭਾਈ ਗੁਰਦਾਸ ਜੀ ਤੋਂ 1604 ਈ: ਵਿਚ ਕਰਵਾਇਆ ਸੀ ਤਾਂ ਜੋ ਬਾਣੀ ਨੂੰ ਸਦਾ ਵਾਸਤੇ ਸ਼ੁੱਧ ਰੂਪ ਵਿਚ ਸੁਰੱਖਿਅਤ ਕੀਤਾ ਜਾ ਸਕੇ। ਅੱਗੋਂ ਉਤਾਰੇ ਕਰਨ ਵਾਲਿਆਂ ਤੋਂ ਜਾਣੇ-ਅਣਜਾਣੇ ਕਈ ਉਕਾਈਆਂ ਹੋ ਗਈਆਂ। ਜਿਸ ਦੀ ਪਰਤੱਖ ਮਿਸਾਲ ਹੈ ਰਾਗਮਾਲਾ ਸਮੇਤ ਕਈ ਵਾਧੂ ਸ਼ਬਦਾਂ ਦਾ ਹੱਥ-ਲਿਖਤ ਬੀੜਾਂ ਵਿਚ ਦਰਜ ਹੋਣਾ। ਭਾਵੇਂ ਹੋਰ ਸ਼ਬਦ ਤਾਂ ਅੱਜ ਛਾਪੇ ਦੀਆਂ ਬੀੜਾਂ ਵਿਚ ਨਹੀਂ ਹਨ ਪਰ ਰਾਗਮਾਲਾ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਦਰਜ ਹੈ। ਪਾਠ-ਭੇਦਾਂ ਬਾਰੇ ਤਾਂ 1932 ਈ. ਵਿਚ ਭਾਈ ਜੋਧ ਸਿੰਘ ਜੀ ਨੇ ਲਿਖਿਆ ਸੀ, "ਸਸਤਾ ਵੇਚਣ ਦੀ ਦੌੜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਲਗ, ਕੰਨੇ ਆਦਿ ਦੀਆਂ ਬਹੁਤ ਅਸ਼ੁੱਧੀਆਂ ਆ ਗਈਆਂ ਹਨ ਤੇ ਜੇ ਕਿਸੇ ਜ਼ਿੰਮੇਵਾਰ ਜਥੇ ਨੇ ਇਹ ਬੀੜਾਂ ਪ੍ਰਕਾਸ਼ਿਤ ਕਰਨ ਦਾ ਕੰਮ ਆਪਣੇ ਜ਼ਿੰਮੇ ਨਾ ਲਿਆ ਤਾਂ ਥੋੜ੍ਹੇ ਚਿਰ ਪਿੱਛੋਂ ਸ਼ੁੱਧ ਪਾਠ ਕਰਨਾ ਕਠਿਨ ਹੋ ਜਾਵੇਗਾ।" (ਗੁਰਮਤਿ ਨਿਰਣਯ, ਪੰਨਾ 7) ਸਾਡੇ ਅਵੇਸਲੇਪਣ ਕਾਰਨ ਇਹ ਸਮੱਸਿਆ ਏਨੀ ਗੁੰਝਲਦਾਰ ਹੋ ਗਈ ਹੈ ਕਿ ਇਸ ਨੂੰ ਹੱਲ ਕਰਨਾ ਤਾਂ ਇਕ ਪਾਸੇ, ਅੱਜ ਇਸ ਬਾਰੇ ਸੋਚਣਾ ਵੀ ਗੁਨਾਹ ਬਣ ਗਿਆ ਹੈ। ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਸੰਸਥਾ, ਆਪਣੇ ਅਸਲੀ ਮਕਸਦ ਤੋਂ ਅੱਜ ਏਨੀ ਭਟਕ ਚੁੱਕੀ ਹੈ ਕਿ ਉਸ ਤੋਂ ਕੋਈ ਆਸ ਰੱਖਣੀ ਹੀ ਬੇਅਰਥ ਹੈ।

ਯੂਨੀਵਰਸਿਟੀਆਂ ਦੇ ਵਿਦਵਾਨ ਸਿਧਾਂਤਕ ਖੋਜ ਕਾਰਜਾਂ ਨਾਲੋਂ ਆਪਣੀ ਕੁਰਸੀ ਬਚਾਉਣ ਦੀ ਫ਼ਿਰਾਕ ਵਿਚ ਵਧੇਰੇ ਕੰਮ ਕਰਦੇ ਹਨ। ਜਦੋਂ ਕੋਈ ਪੰਥ ਦਰਦੀ ਅਜਿਹਾ ਮਸਲਾ ਸਾਡੇ ਸਾਹਮਣੇ ਰੱਖਦਾ ਹੈ ਤਾਂ ਕੁਝ ਸ਼ਾਤਰ ਲੋਕ ਅਜਿਹਾ ਵਬਾਲ ਖੜਾ ਕਰਦੇ ਹਨ ਕਿ ਬਹੁ-ਗਿਣਤੀ, ਵਿਸ਼ੇ ਦੀ ਮੁੱਢਲੀ ਜਾਣਕਾਰੀ ਤੋਂ ਸੱਖਣੀ ਹੋਣ ਕਾਰਨ ਕੂੜ ਪ੍ਰਚਾਰ ਦਾ ਪ੍ਰਭਾਵ ਕਬੂਲ ਲੈਂਦੀ ਹੈ। ਅੱਜ ਦਾ ਸਮਾਂ ਮੰਗ ਕਰਦਾ ਹੈ ਕਿ ਉਪਲਬਧ ਸਾਧਨਾਂ ਦੀ ਯੋਗ ਵਰਤੋਂ ਕਰ ਕੇ ਸਿੱਖ ਸੰਗਤ ਵਿਚ ਜਾਗ੍ਰਤੀ ਲਿਆਂਦੀ ਜਾਵੇ ਤਾਂ ਜੋ ਅਸਲ ਸਮੱਸਿਆ ਨੂੰ ਸਮਝ ਕੇ ਉਸ ਦੇ ਹੱਲ ਬਾਰੇ ਸੋਚਿਆ ਜਾ ਸਕੇ। ਬਹੁਤ ਸਾਰੇ ਵਿਦਵਾਨ ਇਸ ਪੱਖੋਂ ਯਤਨਸ਼ੀਲ ਹਨ, ਜਿਹੜੇ ਸਮੇਂ ਸਮੇਂ ਬੜੇ ਸੰਵੇਦਨਸ਼ੀਲ ਮੁੱਦਿਆਂ ਬਾਰੇ ਲਿਖਦੇ ਰਹਿੰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਵਾਲੇ ਸਾਰੇ ਸੱਜਣ ਭਲੀ ਭਾਂਤ ਜਾਣਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿਚ, ਜਦੋਂ ਵੀ ਨਵਾਂ ਰਾਗ ਅਰੰਭ ਹੁੰਦਾ ਹੈ ਅਤੇ ਉਸੇ ਰਾਗ ਵਿਚ ਜਦੋ ਮਹੱਲਾ ਬਦਲਦਾ ਹੈ, ਉਥੇ ਸੰਪੂਰਨ ਜਾਂ ਸੰਖੇਪ ਮੰਗਲਾਚਰਨ ਦਰਜ ਹੈ। ਗੁਰਮਤਿ ਮਾਰਤੰਡ ਵਿਚ ਮੰਗਲਾਚਰਨ ਦੇ ਹੇਠ ਲਿਖੇ ਪੰਜ ਰੂਪਾਂ ਦਾ ਜ਼ਿਕਰ ਹੈ :

**(...ਚੱਲਦਾ)**

ਲੜੀ ਜੋੜਨ ਲਈ ਪਿਛਲਾ ਸਤੰਬਰ 2023 ਅੰਕ ਵੇਖੋ: **'ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ ਦੀ ਗਾਥਾ'** ਕਿਤਾਬ ਵਿਚੋਂ

# ਅੰਤਿਕਾ 2

**-ਡਾ. ਕਿਰਪਾਲ ਸਿੰਘ**

**ਦੂਜੀ ਚਿੱਠੀ ਸਾਰਿਆਂ ਵਲੋਂ ਹੋਰ ਆਈ, ਜਿਸ ਨੂੰ ਪੜ੍ਹ ਕੇ ਮੈਂ ਦੋ ਦਿਨ ਵਰਤ ਰੱਖਿਆ, ਸਿਰਫ਼ ਪਾਣੀ ਪੀਤਾ:**

**ੴ ਸਤਿਗੁਰ ਪ੍ਰਸਾਦਿ॥**

ਕੈਂਪ ਅਮੋਰ, ਜ਼ਿਲ੍ਹਾ ਮੁਜ਼ੱਫ਼ਰਾਬਾਦ

ਅਜ਼ ਬੇਵਾ, ਯਤੀਮ ਬੱਚੇ, 30 ਜੁਲਾਈ 1951

ਸੇਵਾ ਵਿਖੇ ਸ੍ਰੀ ਮਾਨ ਸਾਡੇ ਮਜ਼ਲੂਮਾਂ ਤੇ ਯਤੀਮਾਂ ਦੇ ਸਿਰਤਾਜ ਸ੍ਰੀ ਮਾਨ ਅਕਾਲੀ ਸੰਤ ਚਕਰ ਕੌਰ ਸਿੰਘ ਜੀਓ। ਪਿਆਰ ਸਤਿਕਾਰ ਨਾਲ 'ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ' ਪ੍ਰਵਾਨ ਹੋਵੇ। ਬਾਅਦ ਵਿਚ ਅਰਜ਼ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਾਡੇ ਮਜ਼ਲੂਮਾਂ ਲਈ ਨਿਹੈਤ ਬੜੀ ਕੋਸ਼ਸ਼ ਕਰ ਰਹੇ ਹੋ, ਮਗਰ ਅਰਜ਼ ਹੈ, ਜਿਸ ਤਰ੍ਹਾਂ ਹੋ ਸਕੇ ਸਾਡੀ ਨਫ਼ਰੀ ਸੋਲ੍ਹਾਂ ਸੌ ਦੀ ਹੀ ਲਾਹੌਰ ਮੰਗਵਾ ਲਵੋ। ਓਥੋਂ ਭਾਵੇਂ ਥੋੜ੍ਹੀ ਥੋੜ੍ਹੀ ਹਿੰਦੁਸਤਾਨ ਭੇਜੋ, ਪਰ ਅਮੋਰ ਕੈਂਪ ਤੋਂ ਨਿਕਾਲੋ ਜਿਉਂਦਿਆਂ ਸਾਨੂੰ ਅਤੇ ਆਪਣੇ ਦਰਸ਼ਨ ਤੇ ਹੋਰ ਖ਼ਾਲਸੇ ਦੇ ਦਰਸ਼ਨ ਕਰਾਓ। ਸ੍ਰੀਮਾਨ ਜੀ ! ਅਸੀਂ ਅਫ਼ਸਰਾਂ ਨੂੰ ਕਹਿੰਦੇ ਹਾਂ ਤਾਂ ਉਹ ਕਹਿੰਦੇ ਹਨ, ਅਸੀਂ ਤਾਂ ਭੇਜਦੇ ਹਾਂ ਪਰ ਉਹ ਹਿੰਦੁਸਤਾਨ ਵਾਲੇ ਸਾਨੂੰ ਅੱਗੋਂ ਨਫ਼ਰੀ ਛੇਤੀ ਨਹੀਂ ਦੇਂਦੇ, ਅਸੀਂ 50 ਦੇਂਦੇ ਹਾਂ ਤੇ ਉਹਨਾਂ ਤੋਂ ਜੁਤੀਆਂ ਮਾਰ ਕੇ ਖੋਹ ਲੈਂਦੇ ਹਨ। ਸ੍ਰੀਮਾਨ ਜੀ, ਅਸੀਂ ਯਤੀਮ ਹਾਂ ਤੇ ਬੇ-ਵਸੀਲੇ ਹਾਂ। ਪਿਤਾ, ਮਾਤਾ, ਤਾਏ, ਚਾਚੇ, ਵੀਰ ਭੈਣਾਂ ਸਾਰੇ ਕਤਲ ਕਰਾ ਬੈਠੇ ਹਾਂ, ਤੇ ਕਿਸਮਤ ਨੂੰ ਰੋਂਦੇ ਹਾਂ ਕਿ ਅਸੀਂ ਕਿਉਂ ਨਾ ਮੌਤ ਤੇ ਜ਼ਾਲਮਾਂ ਨੇ ਮਾਰੇ ਉਸ ਸਮੇਂ। ਅਸੀਂ ਚਾਰ ਸਾਲ ਹੋਏ ਪੇਟ ਭਰ ਕੇ ਰੋਟੀ ਨਹੀਂ ਖਾਧੀ ਤੇ ਬੋਰੀਆਂ ਤੇ ਟਾਟਾਂ ਦੇ ਕੁੜਤੇ ਤੇ ਪੱਗਾਂ ਬਣਾਈਆਂ ਹਨ। ਹਾਂ ਤਾਂ ਅਮੀਰਾਂ ਦੇ ਬੱਚੇ, ਪਰ ਹੁਣ ਰੁਲ ਰਹੇ ਹਾਂ, ਹੁਣ ਨਾ ਸਾਨੂੰ ਮੌਤ ਮਾਰਦੀ ਹੈ ਤੇ ਨਾ ਜ਼ਾਲਮ, ਭੁੱਖ ਨੰਗ ਤੇ ਕੈਦ। ਅਰ ਦੁਸ਼ਮਨ ਜਾਬਰਾਂ ਦੀ ਮਜੂਰੀ ਕਰ ਕਰ ਹੱਡਾਂ ਤੇ ਮਾਸ ਭੀ ਨਹੀਂ ਰਿਹਾ ਹੈ। ਨੱਠ ਨਹੀਂ ਸਕਦੇ, ਮਰ ਨਹੀਂ ਸਕਦੇ, ਪਿੰਡਾਂ ਵਿਚ ਜਾ ਨਹੀਂ ਸਕਦੇ; ਕਰੀਏ ਤਾਂ ਕੀ ਕਰੀਏ। ਅਸੀਂ ਸੁਣਦੇ ਹੁੰਦੇ ਸਾਂ ਕਿ ਯਤੀਮਾਂ ਦਾ ਵਾਲੀ ਪੰਥ ਹੈ, ਪਰ ਚਾਰ ਵਰ੍ਹੇ ਹੋ ਗਏ, ਆਪਣੇ ਪਰਾਏ ਕਿਸੇ ਸਾਰ ਨਹੀਂ ਲੀਤੀ। ਅਸੀਂ ਬਹੁਤ ਮਜਬੂਰ ਹਾਂ ਤੇ ਤੁਹਾਡੇ ਬੱਚੇ ਬੱਚੀਆਂ ਹਾਂ, ਇਸ ਕੈਦ ਵਿੱਚੋਂ ਗੁਰੂ ਪਰਮੇਸ਼ਰ ਵਾਸਤੇ ਕੱਢੋ, ਨਹੀਂ ਤਾਂ ਅਰਦਾਸ ਕਰੋ ਕਿ ਇਨ੍ਹਾਂ ਦੇ ਮਨਾਂ ਨੂੰ ਮੌਤ ਪਰੇਰੇ ਤਾਂ ਸਾਨੂੰ ਭੀ ਕਤਲ ਕਰ ਦੇਣ, ਜਾਂ ਕੋਈ ਬੀਮਾਰੀ ਪਏ, ਅਸੀਂ ਸਾਰੇ ਇਥੇ ਹੀ ਮਰ ਜਾਈਏ।

ਅਸੀਂ ਕੀ ਕੀ ਆਪ ਨੂੰ ਲਿਖੀਏ ਕਿ ਕੀ ਕੀ ਸਾਡੇ ਨਾਲ ਬੀਤਦੀ ਹੈ ਤੇ ਕਿਸ ਤਰ੍ਹਾਂ ਦਿਨ ਕੱਟਦੇ ਹਾਂ। ਆਪ ਤਾਂ ਸਭ ਕੁਛ ਜਾਣਦੇ ਹੋ। ਜਦ ਪਹਿਲਾਂ ਆਪ ਗੜ੍ਹੀ ਆਏ ਸੀ ਤਦ ਸ਼ੁਕਰ ਕੀਤਾ ਸੀ ਪ੍ਰਭੂ ਦਾ, ਕਿ ਗੁਰਦੇਵ ਨੇ ਕੋਈ ਨਾ ਕੋਈ ਬਚਾਇਆ ਹੈ ਤੇ ਭੇਜਿਆ ਹੈ, ਮਿਲਾਂਗੇ। ਉਹ ਸਾਡੀ ਹਾਲਤ ਦੇਖਣਗੇ ਅਸੀ ਦੁਖੜੇ ਫੋਲਾਂਗੇ ਪਰ ਦਰਸ਼ਨ ਨਾ ਹੋ ਸਕੇ। ਆਪ ਵਾਪਸ ਲਾਹੌਰ ਤੇ ਅੰਮ੍ਰਿਤਸਰ ਪੁੱਜ ਗਏ। ਸਾਡੇ ਦਿਲ ਟੁੱਟ ਗਏ ਸੀ, ਪਰ ਹੁਣ ਫੇਰ ਆਸ ਆ ਲੱਗੀ ਹੈ ਤੇ ਜ਼ਿੰਦਾ ਹੋ ਗਏ ਹਾਂ। ਛੇਤੀ ਮਿਲੋ ਤੇ ਮਿਲਾਓ, ਅਰ ਸਿਰ ਪਿੱਠ ਤੇ ਦਿਲਾਸਾ ਦਿਓ।

ਅਸੀਂ ਹਾਂ ਆਪ ਦੇ ਯਤੀਮ ਬੱਚੇ ਬੱਚੀਆਂ,
ਅਮੋਰ ਕੈਂਪ, ਆਜ਼ਾਦ ਕਸ਼ਮੀਰ, ਮੁਜ਼ੱਫ਼ਰਾਬਾਦ।

**ਤੀਜਾ ਪੱਤਰ :**

ਅਮੋਰ ਕੈਂਪ ਆਜ਼ਾਦ ਕਸ਼ਮੀਰ, 1 ਅਗਸਤ 1951

ਸੇਵਾ ਵਿਖੇ, ਸ੍ਰੀ ਮਾਨ ਯੋਗ ਸੰਤ ਚਕਰ ਕੌਰ ਸਿੰਘ ਜੀ। ਗੁਰੂ ਫਤਹਿ ਪਰਵਾਨ ਹੋਵੇ। ਆਪ ਜੀ ਵਲੋਂ ਅਸਾਂ ਨਿਮਾਣਿਆਂ, ਨਿਥਾਵਿਆਂ, ਮੌਤ ਮਾਰੇ, ਹਾਵੇ ਮਾਰੇ, ਮੰਦ ਭਾਗੀਆਂ ਨੂੰ ਮਿਹਰ ਭਰਿਆ ਖ਼ਤ ਮਿਲਿਆ। ਪੜ੍ਹ ਕਰ ਹਰ ਇਕ ਮਾਈ ਭਾਈ ਨੂੰ ਖ਼ੁਸ਼ੀ, ਸਬਰ ਤੇ ਹੌਸਲਾ ਹੋਇਆ ਅਤੇ ਰੱਬ ਦਾ ਭੀ ਸ਼ੁਕਰ ਕੀਤਾ। ਉਮੈਦ ਹੈ ਕਿ ਆਪ ਜੀ ਦੀ ਕੁਰਬਾਨੀ ਤੇ ਉਪਕਾਰ, ਹਮਦਰਦੀ ਤੇ ਯਤਨ ਅਸਾਂ ਮਜ਼ਲੂਮਾਂ, ਯਤੀਮਾਂ, ਦੁਖੀਆਂ ਬੇ-ਵਸੀਲਿਆਂ ਲਈ ਬਹੁਤ ਛੇਤੀ ਤੋਂ ਛੇਤੀ ਲਾਭਵੰਦ ਹੋਵੇਗਾ। ਇਥੇ ਦੇ ਹਾਲਾਤ ਤੋਂ ਆਪ ਬਹੁਤ ਸਾਰੇ ਜਾਣੂ ਹੋ ਗਏ ਹੋਵੋਗੇ। ਕੁਝ ਆਪ ਜੀ ਦੀ ਕੋਸ਼ਿਸ਼ ਤੇ ਕੁਰਬਾਨੀ ਦਾ ਸਦਕਾ, ਕੁਝ ਸਾਡੀ ਮਿਹਨਤ ਬੇਨਤੀ ਦਾ ਸਦਕਾ। ਹੁਣ ਉਮੀਦ ਹੈ, ਆਪ ਦੇ ਔਣੇ ਕਰਕੇ ਦੋ ਦੋ ਸੌ ਦਾ ਬੈਚ (ਜਥਾ) ਆਇਆ ਕਰੇਗਾ, ਲਾਹੌਰ। ਆਪ ਕਿਰਪਾ ਕਰੋ ਲਾਹੌਰ ਹੀ ਠਹਿਰੋ ਤਾਕਿ ਸਾਨੂੰ ਹੌਂਸਲਾ ਰਹੇ ਕਿ ਸਾਡੇ ਸਿਰ 'ਤੇ ਪਾਸ ਹੀ ਬੈਠੇ ਹੋ। ਬਸ, ਇਹ ਸਾਰਿਆਂ ਦੀ ਬੇਨਤੀ ਹੈ, ਉਮੈਦ ਹੈ ਕਿ ਮੰਨੋਗੇ, ਜੀਵਨ ਦਾਨ ਬਖ਼ਸ਼ੋਗੇ।

-ਆਪ ਦੇ ਯਤੀਮ ਬੱਚੇ

**ਅਮੋਰ ਕੈਂਪ ਦੀ ਅਸਲ ਸਮੱਸਿਆ**

ਜਦੋਂ ਇਹੋ ਜਿਹੀਆਂ ਚਿੱਠੀਆਂ, ਦਿਲ ਦੇ ਲਹੂ ਨਾਲ ਲਿਖੀਆਂ ਤੇ ਅੱਖਾਂ ਦੇ ਆਸੂੰਆਂ ਨਾਲ ਭਿੱਜੀਆਂ ਪਹੁੰਚੀਆਂ, ਕੌਣ ਮਨੁੱਖ ਅਰਾਮ ਕਰੇ ਤੇ ਖਾਏ ਪੀਏ ? ਮੈਂ ਰਜ਼ਵੀ ਸਾਹਿਬ, ਬੜੇ ਰਿਕਵਰੀ ਅਫ਼ਸਰ ਪਾਸ ਪੁੱਜਾ ਤੇ ਹਾਲਾਤ ਦੱਸੇ ਕਿ ਸਭ ਤੋਂ ਪਹਿਲਾਂ ਜੋ ਅਮੋਰ ਕੈਂਪ ਵਿਚ ਸ਼ਿਵ ਜੀ ਪੰਡਿਤ ਹੈ, ਜਿਸ ਨੇ ਅਮਰੀਕਾ ਕਮਿਸ਼ਨ ਦੇ ਸਾਹਮਣੇ ਧੋਖੇ ਨਾਲ ਦਸਖਤ ਕਰਾ ਕੇ, ਸਾਰੇ ਹਿੰਦੂ ਸਿੱਖ ਬੱਚਿਆਂ ਤੋਂ ਇਹ ਕਹਾਇਆ ਕਿ ਅਸੀਂ ਪਾਕਿਸਤਾਨ ਵਿਚ ਹੀ ਰਹਾਂਗੇ, ਉਸ ਨੂੰ ਕੱਢਿਆ ਜਾਵੇ, ਕਿਉਂਕਿ ਕੈਂਪ ਵਿੱਚੋਂ ਸਿੱਖ ਬੱਚੀਆਂ ਉਸ ਨੇ ਵੇਚੀਆਂ ਹਨ ਤੇ ਆਪਣੇ ਪਾਸ ਭੀ ਦੋ ਤਿੰਨ ਰੱਖੀਆਂ ਹਨ, ਏਸ ਤੋਂ ਸਾਰੇ ਬੱਚੇ ਬੱਚੀਆਂ ਦੁਖੀ ਹਨ, ਤੁਸਾਂ ਉਸ ਨੂੰ ਕੈਂਪ ਦਾ ਅਫ਼ਸਰ ਬਣਾਇਆ ਹੈ, ਅਰ ਇਹ ਸ੍ਰੀ ਨਗਰ ਕਥੁਮ ਬਿਜ ਬਿਹਾੜੇ ਦਾ ਹੈ, ਤੁਸਾਂ ਨੂੰ ਧੋਖਾ ਦੇਵੇਗਾ।

ਦੂਜੀ ਅਰਜ਼ ਹੈ ਕਿ ਤੁਸੀਂ ਸਾਰਾ ਅਮੋਰ ਕੈਂਪ ਸੋਲ੍ਹਾਂ ਸੌ ਦਾ ਸੋਲ੍ਹਾਂ ਸੌ ਹੀ ਦੇ ਦਿਓ, ਇਹਨਾਂ ਨਾਲ ਜਬਰ ਨਾ ਕਰੋ, ਚਾਰ ਸਾਲ ਦੇ ਕੈਦ ਹਨ, ਜੇ ਤੁਸੀਂ ਇਹਨਾਂ ਨੂੰ ਛੱਡ ਦਿਓਗੇ ਤਾਂ ਤੁਸਾਡੇ ਭੀ ਦੋ ਹਜ਼ਾਰ ਬੱਚੇ ਬੱਚੀਆਂ ਮੈਂ ਪੰਜਾਬ ਵਿੱਚੋਂ ਛੱਡ ਨਿਕਲਵਾਵਾਂਗਾ। ਤੁਸਾਂ ਜੋ ਪਹਿਲਾਂ ਕੰਮ ਮੇਰੇ ਨਾਲ ਕੀਤਾ ਹੈ, ਉਸ ਦੀ ਤਾਰੀਫ ਸਾਰੇ ਕਰ ਰਹੇ ਹਨ ਤੇ ਇਹ ਲਓ ਮੈਂ ਛਪਵਾ ਕਰਕੇ ਭੀ ਲੈ ਆਇਆ ਹਾਂ। ਰਜ਼ਵੀ ਮੰਨ ਗਏ ਤੇ ਕਹਿਣੇ ਲੱਗੇ, "ਮੈਂ ਤੇ ਭਾਗ ਮਹਿਤਾ ਨੇ ਬਹਾਵਲਪੁਰ ਜਾਣਾ ਹੈ ਗਾਈਡਾਂ ਨਾਲ, ਵਾਪਸ ਹੋ ਕੇ ਤੁਹਾਡੀ ਗੱਲ ਮੰਨ ਲਵਾਂਗਾ, ਜੇਕਰ ਤੁਸਾਡੇ ਵੀ ਮੰਨ ਜਾਵਣ ਤਦ।" ਉਹ ਚਲੇ ਗਏ, ਹਫਤੇ ਵਿਚ ਆ ਗਏ। ਮੈਂ ਫਿਰ ਰਜ਼ਵੀ ਦੇ ਪਾਸ ਗਿਆ, ਤਦ ਓਹ ਕਹਿਣ ਲਗੇ, "ਸੰਤ ਜੀ ! ਤੁਸਾਡੇ ਤਾਂ ਨਹੀਂ ਮੰਨਦੇ, ਕਹਿੰਦੇ ਹਨ ਕਿ ਤੁਸੀਂ ਸਾਰਾ ਅਮੋਰ ਕੈਂਪ ਜੋ ਦੇ ਦਿੱਤਾ ਤਾਂ ਸਾਡਾ ਮਹਿਕਮਾ ਟੁੱਟ ਜਾਏਗਾ, ਮੈਂ ਮਜਬੂਰ ਹਾਂ, ਪਰ ਮੈਂ ਇਕ ਤਰੀਕਾ ਸੋਚਿਆ ਹੈ, ਉਹ ਇਹ ਹੈ ਕਿ ਤੁਸੀਂ ਦੋ ਦੋ ਸੌ ਦੇ ਆਪ ਜਥੇ ਮੇਰੇ ਤੋਂ ਲਓ। ਸਾਡਾ ਕੰਮ ਵੀ ਠੀਕ ਰਹੇ ਤੇ ਤੁਹਾਡਾ ਭੀ ਕੰਮ ਹੋ ਜਾਏ।"

ਮੈਂ ਸੋਚ ਕਰ ਕਿਹਾ, "ਚੰਗਾ" ਤੇ ਮੰਨ ਲੀਤਾ। ਉਹਨਾਂ ਨੇ ਆਡਰ ਦੇ ਦਿੱਤਾ ਤੇ ਹਫ਼ਤੇ ਅੰਦਰ ਇਕ ਜਥਾ ਦੋ ਸੌ ਦਾ ਆ ਗਿਆ। ਜਿਨ੍ਹਾਂ ਵਿਚ ਪੰਡਿਤ ਸ਼ਿਵੀ ਵੀ ਆਇਆ। ਮੈਨੂੰ ਭੀ ਹੌਸਲਾ ਹੋ ਗਿਆ, ਮੈਂ ਲਾਹੌਰ ਹੀ ਟਿਕ ਗਿਆ। ਫੇਰ ਦੂਜਾ ਜਥਾ ਆਇਆ ਤੇ ਤੀਜਾ ਭੀ, ਭਾਵ ਛੇ ਸੌ ਆ ਗਏ।

**ਤੀਸਰਾ ਸਫ਼ਰ**

**ਅਮੋਰ ਕੈਂਪ ਕਮਾਂਡਰ ਦੀਆਂ ਚਿੱਠੀਆਂ**

ਉਹਨਾਂ (ਅਮੋਰ ਕੈਂਪ ਤੋਂ ਆਇਆਂ ਦੀ) ਦੀ ਜ਼ਬਾਨੀ ਤੇ ਖ਼ਤ ਦੀ ਰਾਹੀਂ,

ਸਾਬਰ, ਜੋ ਅਮੋਰ ਕੈਂਪ ਦਾ ਕਮਾਂਡਰ ਸੀ, ਤੇ ਕਸ਼ਮੀਰ ਦਾ ਸੀ, ਉਸ ਨੇ ਮੰਗ ਕੀਤੀ ਕਿ "ਮੈਂ ਤੁਹਾਡੇ ਬੱਚੇ ਬੱਚੀਆਂ ਦੀ ਸੇਵਾ ਕਰ ਰਿਹਾ ਹਾਂ ਤੇ ਤੁਹਾਡਾ ਵਤਨੀ ਭੀ ਹਾਂ; ਮੈਂ ਪਾਕਿਸਤਾਨ ਆ ਗਿਆ ਹਾਂ। ਮੇਰੀ ਲੜਕੀ ਸ੍ਰੀਨਗਰ ਹੈ ਤੇ ਬੀ.ਏ. ਦਾ ਇਮਤਿਹਾਨ ਦੇ ਰਹੀ ਹੈ। ਮੈਂ ਉਸ ਦੀ ਸ਼ਾਦੀ ਦਾ ਇੰਤਜ਼ਾਮ ਏਥੇ ਕੀਤਾ ਹੈ, ਉਸ ਨੂੰ ਪਾਸ ਨਹੀਂ ਮਿਲਦਾ। ਤੁਸੀਂ ਆਪਣੀ ਬੇਟੀ ਸਮਝ ਕੇ ਮੇਰੇ ਪਾਸ ਪਹੁੰਚਾਓ, ਮੈਂ ਆਪ ਦਾ ਬਹੁਤ ਅਹਿਸਾਨਮੰਦ ਹੋਵਾਂਗਾ ਤੇ ਸਦੀਵੀ ਯਾਦ ਰੱਖਾਂਗਾ। ਲੜਕੀ ਭੈਣ ਪਾਸ ਹੈ ਮੀਰਾ ਕਦਲ।"

ਕੁਝ ਚਿੱਠੀਆਂ ਕੈਂਪ ਕਮਾਂਡਰ ਸਾਬਰ ਦੀਆਂ ਹੇਠਾਂ ਦਰਜ ਕੀਤੀਆਂ ਜਾਂਦੀਆਂ ਹਨ, ਜੋ ਉਹ ਆਪਣੀ ਲੜਕੀ ਦੇ ਬਾਰੇ ਲਿਖਦਾ ਹੈ :

ਮੋਹਤਰਮ ਸਰਦਾਰ ਸਾਹਿਬ ਸੰਤ ਚੱਕਰ ਕੌਰ ਸਿੰਘ ਜੀ, ਤਸਲੀਮ,

ਖ਼ਤ ਮਿਲਾ, ਯਾਦ-ਆਵਰੀ ਕਾ ਸ਼ੁਕਰੀਆ। ਆਪ ਕੇ ਕੁਝ ਅਫ਼ਰਾਦ ਕੋ ਰਵਾਨਾ ਕਰ ਦੀਆ ਹੈ, ਬਾਕੀ ਅਫ਼ਰਾਦ ਕੇ ਮਸਲਾ ਮੇਂ ਏਕ ਰੁਕਾਵਟ ਪੇਸ਼ ਆਈ ਹੈ, ਹਰ ਹਾਲ ਉਨਕੋ ਬਹੁਤ ਜਲਦ ਰਵਾਨਾ ਕੀਆ ਜਾਏਗਾ। ਆਪ ਨੇ ਅਭੀ ਤਕ ਮੇਰੇ ਮੁਤਅੱਲਿਕ ਗ਼ਲਤ ਅੰਦਾਜ਼ਾ ਲਗਾਇਆ ਹੈ। ਮੁਝੇ ਤੋ ਇਸਲਾਮ ਨੇ ਯਹੀ ਫ਼ੁਰਮਾਇਆ ਹੈ ਕਿ ਦੁਨੀਆਂ ਮੇਂ ਮਖ਼ਲੂਕਾਤ ਕੇ ਸਾਥ ਰਹਮ ਇਨਸਾਫ਼ ਹਮਦਰਦੀ ਕੋ ਸਾਥ ਸੇ ਕਭੀ ਜਾਨੇ ਨਾ ਦੇਨਾ।

ਹੋ ਮੇਰਾ ਕਾਮ ਗਰੀਬੋਂ ਕੀ ਹਮਾਇਤ ਕਰਨਾ,

ਦਰਦਮੰਦੋਂ ਸੇ ਜ਼ਈਫੋਂ ਸੇ ਮੁਹੱਬਤ ਕਰਨਾ।

ਯਹ ਤਾਲੀਮ ਮੇਰੇ ਨਬੀ ਕੀ ਹੈ। ਆਪ ਮੁਤਮਈਨ ਰਹੇ ਮੈਂ ਉਨ ਕੋ ਅਪਨੀ ਲੜਕੀਆਂ ਸਮਝਤਾ ਹੂੰ। ਬਲਕਿ ਮਾਲ ਕੀ ਇਮਦਾਦ ਭੀ ਦੇਤਾ ਹੂੰ। ਔਰ ਏਕ ਜਰੂਰੀ ਅਰਜ ਹੈ; ਇਸ ਖਤ ਕੇ ਸਾਥ ਏਕ ਮੇਰੇ ਔਰ ਰਿਸ਼ਤੇਦਾਰ ਕਾ ਖਤ ਭੀ ਹੈ। ਅਗਰ 'ਕੁਲਜ਼ਮ ਅਖਤਰ' ਕੇ ਸਾਥ ਉਸ ਕੇ ਆਨੇ ਕਾ ਭੀ ਬੰਦੋਬਸਤ ਹੋ ਜਾਏ, ਤੋ ਮੁਝੇ ਰੂਹਾਨੀ ਸਕੂਨ ਹਾਸਲ ਹੋ ਜਾਤੀ ਹੈ। ਅਗਰ ਯਿਹ ਕਾਮ ਆਪ ਸੇ ਹੋ ਸਕੇ ਤੋ ਮੈਂ ਅਜ਼ਹਦ ਸ਼ੁਕਰ ਗੁਜ਼ਾਰ ਹੂੰਗਾ। ਮੈਂਨੇ ਕੁਲਜ਼ਮ ਅਖ਼ਤਰ ਕੇ ਲੀਏ ਖ਼ਰਚ ਦੋ ਸਦ ਰੁਪੱਯਾ ਭੇਜਨਾ ਹੈ ਔਰ ਰੁਪੱਯਾ ਲੇਨੇ ਮੇਂ ਭੀ ਵਕਤ ਸਰਫ ਹੋਤਾ ਹੈ ਇਸ ਲੀਏ ਅਗਰ ਇਸ ਦੌਰਾਨ ਮੇਂ ਰੁਪੱਯਾ ਨਾ ਆਇਆ ਤੋ ਆਪ ਅਖਰਾਜਾਤ ਦੇ ਦੇਂ, ਮੈਂ ਬਾਰਡਰ ਪਰ ਆਪ ਕੋ ਅਦਾ ਕਰ ਦੂੰਗਾ, ਯਾ ਆਪ ਕੇ ਕੈਂਪ ਵਾਲੋਂ ਕੋ ਦੇ ਦੂੰਗਾ। ਜੈਸਾ ਆਪ ਹੁਕਮ ਕਰੇਂਗੇ। ਆਪ ਕੇ ਸਮਾਜ ਕੇ ਦੋ ਬੱਚੇ ਚਕਾਰ ਦੇਵਾ ਸਿੰਘ ਗਾਡ ਕੇ ਬਰਾਮਦ ਕੀਏ ਥੇ। ਵੋਹ ਫਿਰ ਵਾਪਸ ਆ ਗਏ ਹੈ। ਅਬ ਫਿਰ ਉਨ ਕੋ ਬੁਲਾ ਲੂੰਗਾ, ਨੋਟ ਕਰ ਲੋ। ਆਇੰਦਾ ਕੇ ਲੀਏ ਖ਼ਤ-ਮਕਾਨ ਨੰਬਰ 199/199 ਮੁਨਸ਼ੀਆਂ ਗਲੀ, ਐਬਟਾਬਾਦ-ਕੇ ਪਤੇ ਪਰ ਭੇਜ ਦੀਆ ਕਰੇਂ ਔਰ ਬਾਹਰ ਨਹੀਂ, ਤਾਕੀਦ ਹੈ, ਮੈਂ ਖ਼ਤ ਮਜ਼ਕੂਰਾ ਕੇ ਲੀਏ ਫਿਰ ਅਰਜ਼ ਕਰਦੂੰ ਕਿ ਇਸ ਕੋ ਮੇਰਾ ਜ਼ਾਤੀ ਮੁਆਮਲਾ ਤਸੱਵਰ ਕਰੇਂ। ਕੋਈ ਕਾਰੇ ਖ਼ਿਦਮਤ ? ਮੈਂਨੇ ਕੁਲਜ਼ਮ ਅਖ਼ਤਰ ਕੋ ਔਰ ਪ੍ਰਫੈਸਰ ਸਾਹਿਬ ਕੀ ਤਾਕੀਦੀ ਖ਼ਤ ਲਿਖ ਦੀਆ ਹੈ ਕਿ ਫੋਰਨ ਆਨੇ ਕੇ ਲੀਏ ਤਿਆਰ ਹੋ ਜਾਵੇ, ਕੋਈ ਲੈਤੋ ਲਾਅਲ ਨਾ ਕਰੇਂ।

ਸਪੁਰਦਮ ਬਤੋ ਮਾਇਆ ਏ ਪੇਸ਼ ਰਾ, ਤੂ ਦਾਨੀ ਹਿਸਾਬੇ ਕਮੋ ਬੇਸ਼ ਰਾ।

-ਆਪ ਦਾ ਖ਼ਿਦਮਤਗਾਰ-ਸਾਬਰ

**ਕੁਲਜ਼ਮ ਅਖ਼ਤਰ ਨੂੰ ਪਾਕਿਸਤਾਨ ਪਹੁੰਚਾਣਾ**

ਇਕ ਖ਼ਤ ਦੂਜਾ ਮੈਨੂੰ ਅੰਮ੍ਰਿਤਸਰ ਚੌਥੇ (ਜਥੇ) ਮਾਨ ਸਿੰਘ ਆਦਿਕਾਂ ਦੇ ਔਣੇ 'ਤੇ ਮਿਲਿਆ। ਮੈਂ ਫ਼ੌਰਨ ਹੀ ਅੰਮ੍ਰਿਤਸਰ ਤੋਂ ਸ੍ਰੀਨਗਰ ਤਿਆਰ ਹੋ ਗਿਆ, ਅੱਠ ਸੌ ਬੱਚੀਆਂ ਨੂੰ ਜੰਮੂ ਭੇਜ ਕੇ। ਇਹ ਜਥੇ ਭੀ ਮਜਬੂਰ ਕਰਦੇ ਸੀ ਕਿ ਉਸ ਦੀ ਲੜਕੀ ਨੂੰ ਛੇਤੀ ਭੇਜੋ, ਨਹੀਂ ਤਾਂ ਪਿਛਲੇ ਬੱਚਿਆਂ ਨੂੰ ਬਹੁਤ ਔਖਾ ਹੋਵੇਗਾ। ਮੈਂ ਸ੍ਰੀਨਗਰ ਪੁੱਜ ਕੇ ਕੋਸ਼ਿਸ਼ ਕੀਤੀ, ਪਰ ਸ਼ੇਖ਼ ਸਾਹਿਬ ਤੇ ਹੋਰ ਅਫ਼ਸਰ ਨਾ ਮਿਲਣ, ਨਵੀਂ ਅਸੈਂਬਲੀ ਦੀ ਚੋਣ ਕਰਕੇ ਕੁਝ ਮੰਨਣ ਭੀ ਨਾ।

ਪਰ ਸਿੰਘ ਸਭਾ ਸ੍ਰੀਨਗਰ ਦੇ ਮੈਂਬਰਾਂ ਨੇ ਤੇ ਖ਼ਾਸ ਕਰ ਸਰਦਾਰ ਮੱਲ ਸਿੰਘ ਜੀ ਨੇ ਲਗਾਤਾਰ ਤਿੰਨ ਮਹੀਨੇ ਲਗਾ ਕਰ, ਸਾਵਣ, ਭਾਦਰੋਂ, ਅੱਸੂ, ਕਾਮਯਾਬੀ ਹਾਸਲ ਕੀਤੀ ਤੇ ਨਾਲ ਸਰਦਾਰ ਬੁੱਧ ਸਿੰਘ ਜੀ ਤਿਆਗੀ ਨੇ ਭੀ। ਟੈਲੀਫ਼ੂਨ 'ਤੇ ਬਖ਼ਸ਼ੀ ਗ਼ੁਲਾਮ ਮੁਹੰਮਦ ਨੂੰ ਕਿਹਾ ਕਿ ਸਾਡੀ ਚਾਰ ਸੌ ਲੜਕੀ ਰੁਕੀ ਹੈ, ਇਕ ਲੜਕੀ ਬਦਲੇ, ਛੇਤੀ ਰਵਾਨਾ ਕਰੋ ਸਾਬਰ ਦੀ ਲੜਕੀ ਨੂੰ। ਸਰਦਾਰ ਮੱਲ ਸਿੰਘ ਜੀ ਹੋਰਾਂ ਦੇ ਜ਼ੋਰ ਦੇਣੇ ਕਰ, ਆਪ ਜੀ 6 ਮਹੀਨੇ ਲਗਾਤਾਰ ਨਰਮ ਗਰਮ ਹੋਣ ਦੇ ਭੀ ਦਫ਼ਤਰਾਂ ਵਿਚ ਦੌੜ ਭੱਜ ਕਰਦੇ ਰਹੇ ਤੇ ਮੇਰਾ ਸਾਰਾ ਖ਼ਰਚ ਰੋਟੀ ਚਾਹ ਆਦਿਕ ਦਾ ਭੀ ਸਿੰਘ ਸਭਾ ਦੇ ਫੰਡ ਵਿੱਚੋਂ ਕਰਦੇ ਰਹੇ ਅਤੇ ਸ੍ਰੀਨਗਰ ਤੋਂ ਲੈ ਕੇ ਆਜ਼ਾਦ ਕਸ਼ਮੀਰ ਤਕ ਅੰਮ੍ਰਿਤਸਰ ਦੇ ਰਸਤੇ ਸਾਰਾ ਖਰਚ ਓਸ ਲੜਕੀ ਦਾ ਡੇਢ ਸੌ ਰੁਪੱਯਾ ਭੀ ਦਿੱਤਾ।

ਲੋਕੀ ਤਾਂ ਗੁਰਪੁਰਬ ਗੁਰੂ ਨਾਨਕ ਸਾਹਿਬ ਦਾ ਮਨਾ ਰਹੇ ਸੀ ਤੇ ਮੈਂ ਓਸ (ਲੜਕੀ) ਨੂੰ ਲੈ ਕੇ ਜੰਮੂ ਪੁੱਜਾ, ਉਥੇ ਭੀ (ਗੁਰਪੁਰਬ) ਮਨਾ ਰਹੇ ਸੀ, ਪਰ ਮੈਂ ਉਸ ਨੂੰ ਆਪਣੀ ਜ਼ਿੰਮੇਵਾਰੀ 'ਤੇ ਲੈ ਆਂਦਾ ਸੀ। ਨਾਲ ਉਸ ਦਾ ਇਕ ਮਾਮਾ ਤੇ ਇਕ ਭਣਵੱਈਆ ਵੀ ਸੀ। ਮੈਨੂੰ ਡਰ ਸੀ ਕਿ ਇਹ ਕੋਈ ਸ਼ਰਾਰਤ ਕਰਕੇ ਅੱਗੇ ਪਿੱਛੇ ਨਾ ਕਰ ਦੇਣ ਤਾਂ ਚਾਰ ਸੌ ਲੜਕੀ ਸਾਡੀ ਰੁਕ ਜਾਵੇਗੀ, ਫੇਰ ਓਹ ਮੇਰੀ ਜਾਨ ਨੂੰ ਰੋਂਦੀਆਂ ਰਹਿਣਗੀਆਂ। ਮੈਂ ਕਿਹਾ, "ਮੇਰਾ ਇਹੋ ਗੁਰਪੁਰਬ ਹੈ। ਰਾਤ ਅੰਮ੍ਰਿਤਸਰ ਰਹੇ ਹੋਟਲ ਵਿਚ, ਸੁਬ੍ਹਾ ਸੰਗਰਾਂਦ ਸੀ, ਪਰ ਮੈਨੂੰ ਦਰਬਾਰ ਸਾਹਿਬ ਦਾ ਦਰਸ਼ਨ ਤੇ ਇਸ਼ਨਾਨ ਭੀ ਨਸੀਬ ਨਾ ਹੋਇਆ, ਤੇ ਏਸੇ ਰਾਤ ਨੈਣ ਸੁਖ ਦਾ ਤ੍ਰਿਲੋਚਨ ਸਿੰਘ, ਇਕ ਚਾਦਰ ਗਰਮ ਤੇ ਫਲ ਫੂਲ ਲੈ ਕੇ ਪੁੱਜਾ ਸਪੈਸ਼ਲ ਮੋਟਰ 'ਤੇ ਉਸ ਲੜਕੀ ਨੂੰ ਦੇਣ ਲਈ, ਕਿਉਂਕਿ ਉਸ ਦੀ ਜੁਆਨ ਲੜਕੀ ਤੇ ਔਰਤ ਮੁਜ਼ੱਫਰਾਬਾਦ ਦੇ ਡੀ.ਸੀ. ਪਾਸ ਸਨ। ਉਹਨਾਂ ਲਈ ਕਿ ਕਿਸੀ ਤਰ੍ਹਾਂ ਨਿਕਾਲ ਕੇ ਭੇਜੇ।

ਉਥੋਂ ਅਸੀਂ ਦੂਜੇ ਦਿਨ ਜਲੰਧਰ ਆ ਗਏ, ਕਿਉਂਕਿ ਮੈਂ ਆਪਣੇ ਰਿਕਵਰੀ ਦਫ਼ਤਰ ਅੰਮ੍ਰਿਤਸਰ, ਅੰਮ੍ਰਿਤਸਰ ਹੋਟਲ ਵਿਚ ਕਾਲੀ ਪ੍ਰਸ਼ਾਦ ਨੂੰ ਕਿਹਾ ਕਿ ਤੁਸੀਂ ਆਪਣੇ ਜ਼ਰੀਏ ਭੇਜੋ: ਓਹ ਕਹਿਣੇ ਲਗਾ ਸਾਨੂੰ ਕੋਈ ਲੋੜ ਨਹੀਂ; ਜਲੰਧਰ ਪਾਕਿਸਤਾਨ ਦੇ ਦਫ਼ਤਰ ਜਾਓ। ਮੈਂ ਅਫ਼ਸੋਸ ਕਰਕੇ ਚਲਾ ਗਿਆ ਕਿ ਦੇਖੋ ਇਹ ਆਪਣਾ ਕੰਮ ਤੇ ਫ਼ਰਜ਼ ਦੂਜੇ ਨੂੰ ਦਿੰਦੇ ਹਨ, ਤੇ ਮੈਂ ਇਹ ਭੀ ਜਾਣਦਾ ਸੀ ਕਿ ਲਾਹੌਰ ਵਾਲੇ, ਅੰਮ੍ਰਿਤਸਰ ਵਾਲੇ, ਦਿੱਲੀ ਵਾਲੇ, ਇਕ ਹਰਬੰਸ ਲਾਲ ਮਹਿਤਾ ਨੂੰ ਛੱਡ ਕੇ ਸਾਰੇ ਦੇ ਸਾਰੇ, ਮ੍ਰਿਦੁਲਾ ਸਾਰਾ ਬਾਈ, ਬਲਬੀਰ ਰਾਇ, ਪੀ.ਬਲਾਕ ਦਿੱਲੀ ਤੇ ਭਾਗ ਮਹਿਤਾ, ਸੋਮਾ (ਲਾਹੌਰ), ਕਾਲੀ ਪ੍ਰਸ਼ਾਦਿ ਆਦਿ ਮੇਰੇ ਕੰਮ ਨੂੰ ਵੇਖ ਕੇ ਹਸਦ ਈਰਖਾ ਤੇ ਬੁਰਾ ਮੰਨਦੇ ਸੀ, ਕਿਉਂਕਿ ਇਨ੍ਹਾਂ ਦੀਆਂ ਬਹੁਤ ਸਾਰੀਆਂ ਕਾਲੀਆਂ ਕਰਤੂਤਾਂ ਮੈਂ ਨੰਗੀਆਂ ਕਰਦਾ ਸੀ। ਇਹਨਾਂ ਦਾ ਇਹ ਖ਼ਿਆਲ ਸੀ ਕਿ ਦੇਰੀ ਨਾਲ ਅਮੋਰ ਕੈਂਪ ਤੇ ਹੋਰ ਬੱਚੇ ਨਿਕਲਣ ਤਾਕਿ ਮਹਿਕਮਾ ਕਾਇਮ ਰਹੇ, ਤੇ ਸਾਨੂੰ ਡਬਲ ਤਨਖ਼ਾਹ ਮਿਲਦੀ ਰਹੇ; ਹੋਰ ਲੁੱਟ ਮਾਰ ਛੱਡ ਕੇ ਇਹ ਕਿਉਂ ਵਿਚ ਆ ਗਿਆ ਹੈ।

ਮੈਂ ਪਾਕਿਸਤਾਨ ਦੇ ਦਫ਼ਤਰ ਪੁੱਜ ਕੇ ਜਲੰਧਰ ਛੇਤੀ ਹਾਈ ਕਮਿਸ਼ਨਰ ਨੂੰ ਮਿਲਿਆ ਤੇ ਹਾਲ ਦੱਸੇ, ਲੜਕੀ ਭੀ ਪੇਸ਼ ਕੀਤੀ। ਉਹਨਾਂ ਨੇ ਬੜੀ ਤਹਿਜ਼ੀਬ ਨਾਲ ਤੇ ਸ਼ੁਕਰੀਆ ਕਰਕੇ ਮੈਨੂੰ ਤੇ ਲੜਕੀ ਨੂੰ ਪਾਸ ਬਿਠਾ ਕੇ ਬਿਆਨ ਲੀਤੇ ਤੇ ਕਮਰਾ ਖੋਹਲ ਕੇ ਲੜਕੀ ਨੂੰ ਦਿੱਤਾ ਅਤੇ ਚਾਹ ਵਗ਼ੈਰਾ ਪਿਲਾਈ ਤੇ ਕਮਿਸ਼ਨਰ ਮੈਨੂੰ ਕਹਿਣ ਲੱਗਾ, "ਕਿਉਂ ਜੀ, ਗੁਰੂ ਨਾਨਕ ਦੀ ਸਿੱਖੀ ਵਿਚ ਇਹੋ ਜਿਹੇ ਸਿਖ ਏਸ ਸਮੇਂ ਭੀ ਹਨ?" ਮੈਂ ਕਿਹਾ, "ਤੁਸੀਂ ਹੁਣ ਸਾਹਮਣੇ ਹੀ ਵੇਖ ਲਵੋ ਤੇ ਏਸ ਬੱਚੀ (ਕੁਲਜ਼ਮ ਅਖ਼ਤਰ) ਤੋਂ ਵੀ ਪੁੱਛੋ, ਜੁ ਕੁਛ ਇਸ ਨੇ ਅੱਖਾਂ ਨਾਲ ਤੇ ਸਾਥ ਰਹਿ ਕੇ ਦੇਖਿਆ ਹੈ।" ਉਸ ਲੜਕੀ ਨੇ ਆਪ ਹੀ ਕਿਹਾ, "ਮੇਰੇ ਇਕ ਪਿਤਾ ਆਜ਼ਾਦ ਕਸ਼ਮੀਰ ਵਿਚ ਹਨ ਤੇ ਮੇਰੇ ਈਮਾਨ ਤੇ ਇੱਜ਼ਤ ਦੇ ਪਿਤਾ ਏਹ ਹਨ, ਸਦਾ ਲਈ, ਮੈਂ ਤਿੰਨਾਂ ਮਹੀਨਿਆਂ ਤੋਂ ਇਨ੍ਹਾਂ ਦੀ ਸੁਹਬਤ ਵਿਚ ਹਾਂ, ਜਿਸ ਕਰਕੇ ਮੈਨੂੰ ਪੈਦਾਇਸ਼ੀ ਮਾਤਾ ਪਿਤਾ ਵੀ ਭੁੱਲ ਗਏ ਹਨ।"

**(...ਚੱਲਦਾ)**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਸਿੱਖ ਤਿਉਹਾਰ

'ਸਿੱਖ ਰਹੁਰੀਤ' ਕਿਤਾਬਚੇ ਵਿਚੋਂ

ਜਦ ਕਿਸੇ ਕੀਰਤਨ ਦਰਬਾਰ ਦੇ ਆਗੂ ਨੂੰ ਇਤਨਾ ਕਹਿ ਦੇਵੇ ਕਿ ਕੀਰਤਨ ਦੇ ਨਾਲ-ਨਾਲ ਸ਼ਬਦ ਵਿਆਖਿਆ ਲਈ ਕਿਸੇ ਪ੍ਰਮਾਣੀਕ ਕਥਾਕਾਰ ਦੀ ਸੇਵਾ ਵੀ ਲੈ ਲਿਆ ਕਰੋ ਤਾਂ ਬਸ ਟੁੱਟ ਕੇ ਪੈਂਦੇ ਹਨ ਅਤੇ ਕੁਝ ਘੜ੍ਹੀਆਂ-ਘੜਾਈਆਂ ਸੂਤਰੀਆਂ-ਕੀਰਤਨ ਤਾਂ ਗੁਰੂ ਮਹਾਰਾਜ ਆਪ ਕਰਦੇ ਰਹੇ ਹਨ. ਤੁਸੀਂ ਕੀਰਤਨ ਦੀ ਮਹਾਨਤਾ ਨਹੀਂ ਸਮਝਦੇ ਅਤੇ ਉਚਾ-ਉਚਾ ਰੌਲਾ ਪਾ ਕੇ ਸੰਗਤਾਂ ਨੂੰ ਕਹਿਣਗੇ ਜੀ ਇਹ ਨਵੇਂ ਪ੍ਰਚਾਰਕ ਜੰਮ ਪਏ ਹਨ, ਕੀਰਤਨ ਦੀ ਵਿਰੋਧਤਾ ਕਰਦੇ ਹਨ-ਭਾਵ ਆਪਣੀ ਚਾਣਕੀਆ ਬਿਰਤੀ ਛੁਪਾਉਣ ਲਈ ਹਰ ਤਰ੍ਹਾਂ ਦਾ ਪਾਖੰਡ ਕਰਦੇ ਹਨ। ਕੁਝ ਰਾਗੀ ਸਿੰਘਾਂ ਜੋ ਕੈਸਟਾਂ ਵੇਚਕੇ ਪ੍ਰਸਿਧੀ ਪ੍ਰਾਪਤ ਕਰ ਬੈਠੇ ਹਨ, ਦਾ ਮਨ-ਘੜਤ ਕਹਾਣੀਆਂ ਅਤੇ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨ ਲਈ ਸਮਝੋ ਝਾਕਾ ਲੱਥਾ ਹੋਇਆ ਹੈ। ਉਹਨਾਂ ਤੋਂ ਖਬਰਦਾਰ ਰਹਿਣ ਦੀ ਲੋੜ ਹੈ, ਜੇਕਰ ਸੰਗਤ ਵਿਚੋਂ ਉਠ ਕੇ ਕੁਝ ਸੂਝਵਾਨ ਗੁਰਸਿੱਖ ਗਲਤ ਦਸੀ ਜਾ ਰਹੀ ਸਾਖੀ ਤੋਂ ਵਰਜ ਦੇਣ ਤਾਂ ਸੰਗਤ ਦਾ ਭਲਾ ਹੋ ਸਕਦਾ ਹੈ। ਸਿੱਖ ਇਤਿਹਾਸ ਦੀਆਂ ਸਹੀ ਸਾਖੀਆਂ ਅਤੇ ਮਹਾਨ ਕਾਰਨਾਮਿਆਂ ਰਾਹੀਂ ਬੱਚਿਆਂ ਦੀ ਗੁਰ-ਇਤਿਹਾਸ ਨਾਲ ਸਾਂਝ ਬਣ ਜਾਵੇਗੀ। ਸ਼ਾਇਦ ਇਹ ਸੁਝਾਅ ਇਹਨਾਂ ਕੀਰਤਨ ਦਰਬਾਰਾਂ ਵਾਲੇ ਕਮਿਸ਼ਨ ਏਜੰਟਾ ਦੀ ਸਮਝ ਆ ਸਕੇ ਜੇ ਸੂਝਵਾਨ ਅਤੇ ਦਿਆਨਤਦਾਰ ਹੋਏ ਤਾਂ। ਸੰਗਤਾਂ ਨੂੰ ਅਜਿਹੇ ਧੋਖੇ ਤੋਂ ਖਬਰਦਾਰ ਰਹਿਣ ਦੀ ਲੋੜ ਹੈ।

7. ਹੁਣ ਉਹਨਾਂ ਸੱਜਣਾਂ ਦੇ ਚਰਨਾਂ ਵਿੱਚ ਬੇਨਤੀ ਹੈ ਜਿਨ੍ਹਾਂ ਦੀ ਜ਼ਿੰਮੇਵਾਰੀ ਹੀ ਧਰਮ ਪ੍ਰਚਾਰ ਦੀ ਹੈ ਭਾਵ ਰਾਗੀ ਸਿੰਘ, ਪਾਠੀ ਸੱਜਣ, ਢਾਡੀ ਸਿੰਘ, ਕਵੀ ਜਨ ਤੇ ਪ੍ਰਚਾਰਕ ਸੱਜਣ ਜਾਂ ਸੇਵਾਦਾਰ। ਇਹ ਠੀਕ ਹੈ ਕਿ ਪ੍ਰਬੰਧਕਾਂ ਨੇ ਇਹਨਾਂ ਦੀ ਰੋਟੀ ਅਤੇ ਰਹਿਣ-ਸਹਿਣ ਅਤੇ ਹੋਰ ਲੋੜੀਂਦੇ ਸਾਧਨਾਂ ਦਾ ਪ੍ਰਬੰਧ ਸਹੀ ਤਰੀਕੇ ਨਾਲ ਨਹੀਂ ਕੀਤਾ, ਪਰ ਇਹਨਾਂ ਵੀ ਤਾਂ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਕਾਰਜ ਛੱਡ ਦਿੱਤਾ ਹੈ। ਇਹਨਾਂ ਨੂੰ ਇਕ ਚੰਗੇ ਪ੍ਰਚਾਰਕ ਦੀ ਜ਼ਿੰਮੇਵਾਰੀ ਦ੍ਰਿੜਤਾ ਨਾਲ ਨਿਭਾਉਣ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਘੱਟ ਤੋਂ ਘੱਟ ਇਕ ਕੰਮ ਤਾਂ ਜ਼ਰੂਰ ਕਰਨ, ਕਚੀਆਂ ਬਾਣੀਆਂ (ਰਚਨਾਵਾਂ) ਨਾ ਗਾਉਣ ਅਤੇ ਨਾ ਹੀ ਮਨ-ਘੜਤ ਕਹਾਣੀਆਂ ਨੂੰ ਸਿੱਖ ਇਤਿਹਾਸ ਵਿਚ ਸ਼ਾਮਲ ਕਰਨ। ਜਿਵੇਂ ਹਰ ਸਾਲ ਦਸਮ ਪਿਤਾ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਭਾਈ ਜੋਗੇ ਨੂੰ ਵੇਸਵਾ ਦੇ ਕੋਠੇ ਤੇ ਚੜ੍ਹਾਈ ਜਾਂਦੇ ਹਨ ਅਤੇ ਦਸਮ ਪਿਤਾ ਪਾਸੋਂ ਪਹਿਰਾ ਦਿਵਾ ਰਹੇ ਹਨ, ਇਸ ਕਹਾਣੀ ਨੂੰ ਸੁਣਾ ਸੁਣਾ ਕੇ ਰਾਗੀ-ਢਾਡੀ ਚਸਕੇ ਲੈਂਦੇ ਹਨ, ਪਤਾ ਨਹੀਂ ਕਿਥੋਂ ਇਤਿਹਾਸ ਕਢ ਕੇ ਲਿਆ ਰਹੇ ਹਨ। ਭਗਤ ਧੰਨੇ ਪਾਸੋਂ ਪੱਥਰ ਵਿਚੋਂ ਰੱਬ ਦਿਖਾ ਰਹੇ ਹਨ, ਪਰ ਭਗਤ ਧੰਨਾ ਜੀ ਆਪਣੇ ਸ਼ਬਦ ਵਿਚ ਦੁਹਾਈ ਦੇ ਕੇ ਕਹਿ ਰਹੇ ਹਨ, ਕਿ ਉਹਨਾਂ ਇਸ ਤਰ੍ਹਾਂ ਰੱਬ ਨੂੰ ਪ੍ਰਾਪਤ ਨਹੀਂ ਕੀਤਾ। ਭਗਤ ਨਾਮਦੇਵ ਜੀ ਨੇ ਘੋੜੀ ਦੀ ਇੱਛਾ ਪਰਗਟ ਕੀਤੀ ਤਾਂ ਅਕਾਲ ਪੁਰਖ ਨੇ ਮੁਗਲ ਦਾ ਰੂਪ ਧਾਰ ਕੇ ਵਛੇਰਾ ਚੁਕਵਾ ਦਿਤਾ। ਇਸੇ ਤਰ੍ਹਾਂ ਹਰ ਸਾਲ ਮਹਾਨ ਸੂਰਬੀਰ ਅਤੇ ਗੁਰੂ ਮਹਾਰਾਜ ਦੇ ਚਰਨਾਂ ਤੋਂ ਜਾਨਾਂ ਵਾਰਨ ਵਾਲੇ ਗੁਰਸਿਖਾਂ ਅਤੇ ਉਹਨਾਂ ਦੇ ਆਗੂ ਭਾਈ ਮਹਾਂ ਸਿੰਘ ਪਾਸੋਂ ਬੇਦਾਵਾ ਲਿਖਵਾ ਰਹੇ ਹਨ, ਨਾ ਕਿਸੇ ਨੇ ਬੇਦਾਵਾ ਦਿਤਾ ਅਤੇ ਨਾ ਹੀ ਫਾੜਿਆ ਗਿਆ। 20-21 ਦਸੰਬਰ 1704 ਦੀ ਰਾਤ ਨੂੰ ਸਰਸਾ ਨਦੀ ਤੇ ਵਿਛੜੇ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਪਤਾ ਨਾ ਲਗਣ ਤੇ ਘਰੋ-ਘਰੀ ਚਲੇ ਗਏ ਅਤੇ ਸਰਹੰਦ ਦੇ ਨਵਾਬ ਵਲੋਂ ਫਿਰ ਹਮਲਾ ਕਰਨ ਦੀ ਖਬਰ ਸੁਣਕੇ ਇਹਨਾਂ ਖਦਰਾਣੇ ਦੀ ਢਾਬ ਵੱਲ ਚਾਲੇ ਪਾ ਦਿੱਤੇ। ਇਧਰੋ ਮਾਈ ਭਾਗ ਕੌਰ ਵੀ ਬਹੁਤ ਸਾਰੇ ਸਿੰਘਾਂ ਦੇ ਜੱਥੇ ਨਾਲ ਆ ਮਿਲੇ ਅਤੇ ਮੁਕਤਸਰ ਦੀ ਜੰਗ ਵਿੱਚ ਕੁਰਬਾਨੀਆਂ ਦਿੱਤੀਆਂ ਸਨ ਅਤੇ ਦਸਮ ਪਾਤਸ਼ਾਹ ਪਾਸੋਂ ਅੰਤਮ ਸਮੇਂ ਅਸੀਸਾਂ ਪ੍ਰਾਪਤ ਕੀਤੀਆਂ ਸਨ।

ਗੁਰੂ ਤੇਗ ਬਹਾਦਰ ਸਾਹਿਬ ਨੂੰ ਭਾਂਤ ਭਾਂਤ ਦੇ ਤੀਰਥਾਂ ਤੇ ਨਵਾਹ ਰਹੇ ਹਨ, ਪ੍ਰਯਾਗ ਇਸ਼ਨਾਨ ਅਤੇ ਤਪ ਸਾਧਨੇ, ਇਹ ਕਿਥੇ ਗੁਰਬਾਣੀ ਵਿਚ ਪਰਵਾਨ ਹਨ। ਚਿੱਠੀ ਦਾ ਜਵਾਬ ਆਉਣ ਨਾਲ ਬਲ ਹੋ ਗਿਆ, ਬੰਧਨ ਟੁਟ ਗਏ, ਐਵੇਂ ਗੁਰਬਾਣੀ ਦੇ ਅਰਥਾਂ ਦੇ ਅਨਰਥ ਕਰੀ ਜਾਣਾ, ਕੋਈ ਰੋਕ ਟੋਕ ਨਹੀਂ ਹੈ। ਫਿਰ ਹੈ ਹੈ ਸਭ ਜਗ ਭਈ ਜੈ ਜੈ ਸੁਰਲੋਕ-ਇਹ ਪਤਾ ਨਹੀਂ ਸੁਰਲੋਕ ਤੋਂ ਕੀ ਭਾਵ ਲੈਂਦੇ ਹਨ। ਇਸੇ ਤਰ੍ਹਾਂ ਹੋਰ ਨਿਤ ਨਵੀਆਂ ਝੂਠੀਆਂ ਸਾਖੀਆਂ ਇਤਿਹਾਸ ਵਿਚ ਪਾ ਰਹੇ ਹਨ।

8. ਅੰਤ ਵਿਚ ਸਨਿਮਰ ਅਤੇ ਅਧੀਨਗੀ ਸਹਿਤ, ਤਹਿ ਦਿਲੋਂ ਬੇਨਤੀ ਉਹਨਾਂ ਸਾਰੇ ਗੁਰਸਿੱਖ

**ਅੱਜ ਦੇ ਪ੍ਰਚਾਰਕਾਂ ਨੇ ਗੁਰਬਾਣੀ ਦੇ ਅਰਥ ਸਮਝੇ ਬਿਨਾਂ ਅਤੇ ਸਿੱਖ ਇਤਿਹਾਸ ਨੂੰ ਘੋਖੇ ਬਿਨਾਂ, ਸਿੱਖ ਧਰਮ ਵਿਚ ਐਸੀਆਂ ਮਨ-ਘੜਤ ਸਾਖੀਆਂ ਦਾ ਰਲਾ ਕੀਤਾ ਹੈ, ਕਿ ਸਿੱਖ ਇਤਿਹਾਸ ਨੂੰ ਵਿਗਾੜ ਕੇ ਰੱਖ ਦਿੱਤਾ ਹੈ। ਜੇ ਇਹ ਮੰਨ ਲਿਆ ਜਾਵੇ ਕਿ ਅਨੰਦਪੁਰ ਸਾਹਿਬ ਦੇ ਕਿਲ੍ਹੇ ਅੰਦਰ 40 ਸਿੰਘਾਂ ਬੇਦਾਵਾ ਦੇ ਕੇ ਘਰੋਂ-ਘਰੀਂ ਚਲੇ ਗਏ, ਤਾਂ ਉਹ ਕਿਲ੍ਹੇ ਤੋਂ ਬਾਹਰ ਦੁਸ਼ਮਣ ਦੇ ਕਈ ਮੀਲਾਂ ਤਕ ਪਏ ਘੇਰੇ ਵਿਚੋਂ ਕਿਵੇਂ ਨਿਕਲੇ। ਉਥੇ ਤਾਂ ਸਿੰਘਾਂ ਨੂੰ ਦੇਖਦਿਆਂ ਟੋਟੇ ਕਰ ਦਿੰਦੇ ਸਨ। ਰਾਗੀ ਸਿੰਘਾਂ ਨੂੰ ਹੇਠ ਲਿਖੇ ਸ਼ਬਦਾਂ ਦੇ ਅਰਥਾਂ ਦੀ ਸੋਝੀ ਹੋਣੀ ਚਾਹੀਦੀ ਹੈ, ਜੋ ਅਰਥ ਉਹ ਸਮਝ ਅਤੇ ਸਮਝਾ ਰਹੇ ਹਨ, ਉਹ ਨਹੀਂ ਹਨ:- ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥ (152) ਅਤੇ ਡਗਮਗ ਛਾਡਿ ਰੇ ਮਨ ਬਉਰਾ ॥ ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥1॥ (338) )**

**ਭਾਂਤ-ਭਾਂਤ ਦੇ ਤੀਰਥ ਨ੍ਹਾਤੇ ਅਤੇ ਪੁੰਨ-ਦਾਨ ਆਦਿ ਕਰਮ-ਕਾਂਡ ਸਿੱਖ ਫਿਲਾਸਫੀ ਨਾਲ ਮੇਲ ਨਹੀਂ ਖਾਂਦੇ, ਇਹ ਦਸਮ ਪਾਤਸ਼ਾਹ ਨਹੀਂ ਲਿਖ ਸਕਦੇ ਸਨ। ਮਿਤਰ ਪਿਆਰੇ ਨੂੰ ਹਾਲ ਮੁਰੀਦਾ ਵਾਲਾ ਖਆਲ ਸਭ ਤੋਂ ਪੁਰਾਤਨ (ਬਚਿਤ ਨਾਟਕ) ਬੀੜ ਵਿਚ ਜੋ ਸੰਨ 1714 ਵਿਚ ਭਾਈ ਮਨੀ ਸਿੰਘ ਵਲੋਂ ਲਿਖੀ ਦੱਸੀ ਜਾਂਦੀ ਹੈ ਅਤੇ ਜੋ ਨਵੀ ਦਿੱਲੀ ਹਨੂਮਾਨ ਰੋਡ, ਸ. ਗੁਲਾਬ ਸਿੰਘ ਦੀ ਕੋਠੀ ਵਿਚ ਹੈ) ਵਿਚ ਹੈ ਹੀ ਨਹੀਂ। ਇਹ ਬਾਅਦ ਵਿਚ ਘੁਸੇੜਿਆ ਗਿਆ ਹੈ। ਇਸਦੇ ਅਰਥ ਸਪਸ਼ਟ ਹਨ- ਹੀਰ ਜੱਟੀ ਜੋ ਹਰੀਪੁਰ ਖੇੜਿਆਂ ਦੇ ਜ਼ਬਰਦਸਤੀ ਵਿਆਹੀ ਗਈ ਸੀ, ਵਿਯੋਗ ਵਿਚ ਖਆਲ ਪੇਸ਼ ਕਰਦੀ ਹੈ ਭਾਵੇਂ ਖੇੜੇ ਬਹੁਤ ਅਮੀਰ ਸਨ, ਪਰ ਹੀਰ ਨੂੰ ਚੰਗੇ-ਚੰਗੇ ਬਿਸਤਰੇ, ਰਜਾਈਆਂ, ਮਹਲ-ਮਾੜੀਆਂ, ਸੁਰਾਹੀ ਅਤੇ ਪਿਆਲਾ-ਸੂਲ ਅਤੇ ਖੰਜਰ ਵਾਂਗ ਦੁਖਦਾਈ, ਨਾਗਾਂ (ਸਪਾਂ) ਵਾਂਗ ਡਸਦੇ ਅਤੇ ਕਸਾਈ ਦੇ ਸੂਏ (ਬਿੰਗ) ਵਾਂਗ ਦੁੱਖ ਦਿੰਦੇ ਹਨ। ਇਨ੍ਹਾਂ ਸੁੱਖਾਂ ਦੇ ਬਦਲੇ ਉਹ ਰਾਂਝੇ ਪਾਸ ਰਹਿ ਕੇ ਭੁੰਜੇ ਸੌਣ ਨੂੰ ਸੁਖਦਾਈ ਦਸਦੀ ਹੈ।**

**ਜੇ ਅਕਾਲ ਪੁਰਖ ਨੇ ਹੁਕਮ ਕੀਤਾ ਤਾਂ ਗੁਰੂ ਸਾਹਿਬ ਕਿਵੇਂ ਕਹਿ ਸਕਦੇ ਸਨ ਕਿ ਮੇਰਾ ਚਿੱਤ ਨਹੀਂ ਕਰਦਾ ਮਾਤ- ਲੋਕ ਵਿਚ ਜਾਣ ਦਾ । ਅਕਾਲਪੁਰਖ ਨੇ ਦਸਿਆ, ਮੇਰਾ ਕੋਈ ਨਾਮ ਨਹੀਂ ਜਪਾਉਂਦਾ, ਜਿਸਨੂੰ ਭੇਜਿਆ ਉਸਨੇ ਆਪਣਾ ਨਾਮ ਜਪਾਉਣਾ ਅਰੰਭ ਦਿਤਾ। ਜੇ ਇਹ ਸਚ ਮੰਨ ਲਈਏ ਤਾਂ ਗੁਰੂ ਨਾਨਕ ਸਾਹਿਬ 200 ਸਾਲ ਪਹਿਲਾਂ ਕਿਸ ਦਾ ਨਾਮ ਜਪਾ ਰਹੇ ਸਨ। ਜੋ ਮਰਜ਼ੀ ਸਟੇਜਾਂ ਉੱਤੇ ਚੜ੍ਹ ਕੇ ਬੋਲੀ ਜਾਓ, ਸੰਗਤਾਂ ਸੁਣਕੇ ਨੋਟ ਨਿਛਾਵਰ ਕਰਦੀਆਂ ਜਾਂਦੀਆਂ ਹਨ। ਗੁਰਬਾਣੀ ਦੀ ਵਿਚਾਰਧਾਰਾ ਵੱਲ ਕੋਈ ਧਿਆਨ ਨਹੀਂ ਦਿੰਦਾ। ਉਸ ਸਥਾਨ ਦੀ ਭਾਲ ਵੀ ਕਰਨੀ ਪਵੇਗੀ, ਜਿਥੇ ਇਹ ਸਾਰੀ ਗਲ-ਬਾਤ ਅਕਾਲ-ਪੁਰਖ ਅਤੇ ਦੁਸ਼ਟ-ਦਮਨ ਵਿਚਕਾਰ ਹੋਈ।**

ਪਰਿਵਾਰਾਂ ਦੇ ਚਰਨਾਂ ਵਿਚ ਹੈ, ਜਿਨ੍ਹਾਂ ਦੇ ਥੋੜ੍ਹੇ ਜਿਹੇ ਯਤਨ ਨਾਲ ਸਿੱਖ ਪੰਥ ਦਾ ਬਹੁਤ ਕੁਝ ਸੰਵਰ ਸਕਦਾ ਹੈ। ਇਸ ਲਈ ਹਰ ਗੁਰਸਿੱਖ ਜੇਕਰ ਹੇਠ ਲਿਖੇ ਕਾਰਜਾਂ ਵਿਚ ਯੋਗ ਹਿੱਸਾ ਪਾਏ ਤਾਂ ਗੁਰੂ ਮਹਾਰਾਜ ਦਾ ਸੱਚਾ ਸੇਵਕ ਹੋ ਸਕੇਗਾ। ਗੁਰੂ ਮਹਾਰਾਜ ਵਲੋਂ ਬਖ਼ਸ਼ੇ ਅਨਮੋਲ ਖਜਾਨੇ (ਗੁਰਬਾਣੀ ਅਤੇ ਇਤਿਹਾਸ) ਸਾਹਿਬਜ਼ਾਦਿਆਂ ਅਤੇ ਸੂਰਬੀਰ ਸਿੱਖਾਂ ਦੇ ਕਾਰਨਾਮਿਆਂ ਭਰਪੂਰ ਵਿਰਸੇ ਨੂੰ ਚੰਗੇ ਅਤੇ ਫਰਮਾਬਰਦਾਰ ਪੁੱਤਰਾਂ ਦੀ ਤਰ੍ਹਾਂ ਪ੍ਰਚਾਰ ਰਾਹੀਂ ਵਾਧਾ ਕਰਨ ਦਾ ਉਦਮ ਕਰਨਾ ਬਣਦਾ ਹੈ। ਆਮ ਸੰਗਤਾਂ ਪਾਸੋਂ ਵਡੀ ਆਸ ਰਖਦੇ ਹੋਏ ਕੁਝ ਕੁ ਬੇਨਤੀਆਂ ਹਨ, ਜੋ ਪਰਵਾਨ ਕਰ ਲੈਣੀਆਂ ਚਾਹੀਦੀਆਂ ਹਨ।

(ੳ) ਗੁਰਬਾਣੀ ਦਾ ਸ਼ੁੱਧ ਉਚਾਰਨ ਅਤੇ ਅਰਥ-ਬੋਧ ਸਿਖਣ ਦਾ ਉਦਮ ਕਰਨ ਅਤੇ ਹੋਰਨਾਂ ਨੂੰ ਵੀ ਸਮਝਾਉਣ ਲਈ ਥੋਹੜਾ ਜਿਹਾ ਵਾਧੂ ਯਤਨ ਕਰਨ। ਐਵੇਂ ਖਾਲੀ ਬਹਿਕੇ ਵੇਹਲੀਆਂ ਗੱਲਾਂ ਵਿਚ ਸਮਾਂ ਬਰਬਾਦ ਕਰਨ ਦੀ ਥਾਵੇਂ ਗੁਰੂ ਮਹਾਰਾਜ ਦੇ ਉਪਦੇਸ਼ਾਂ ਦਾ ਯਥਾ-ਸੰਭਵ ਪ੍ਰਚਾਰ ਕਰਨ ਲਈ ਸੇਵਾ ਨਿਭਾਉਣ ਦਾ ਯਤਨ ਕਰਨ ਦੀ ਕ੍ਰਿਪਾਲਤਾ ਕਰਨ। ਅੱਜ ਕੇਬਲ ਟੀ. ਵੀ. ਦੇ ਪ੍ਰੋਗਰਾਮਾਂ ਰਾਹੀਂ ਬੱਚੇ ਅਤੇ ਨੌਜਵਾਨ ਅਨੈਤਕਤਾ ਵੱਲ ਬੜੀ ਤੇਜ਼ੀ ਨਾਲ ਦੌੜੇ ਜਾ ਰਹੇ ਹਨ। ਪਰ ਜੋ ਗੁਰਸਿੱਖ ਪਰਿਵਾਰ ਆਪਣੇ ਬੱਚਿਆਂ ਨੂੰ ਸਦਾਚਾਰਕ ਕੀਮਤਾਂ ਭਾਵ ਗੁਰੂ ਮਹਾਰਾਜ ਦੀਆਂ ਸਿਖਿਆਵਾਂ ਤੋਂ ਜਾਣੂ ਕਰਵਾਉਣਾ ਚਾਹੁੰਦੇ ਹਨ ਤਾਂ ਉਹਨ੍ਹਾਂ ਨੂੰ ਵਧੇਰੇ ਅਤੇ ਵੇਲੇ ਸਿਰ ਯਤਨ ਕਰਨਾ ਪਵੇਗਾ। ਇਸ ਸਮੇਂ ਦੀ ਲਾਪਰਵਾਹੀ ਆਉਣ ਵਾਲੇ ਸਮੇਂ ਵਿਚ ਉਹਨਾਂ ਦੇ ਬਹੁਤ ਵੱਡੇ ਪਛਤਾਵੇ ਦਾ ਕਾਰਣ ਬਣ ਸਕਦੀ ਹੈ, ਜਦ ਹਰ ਘਰ ਵਿਚ ਧੀਆਂ-ਪੁੱਤਰ ਫਿਲਮਾਂ ਦੇ ਦੱਸੇ ਰਾਹ ਉਪਰ ਤੁਰ ਪੈਣਗੇ।

**ਅੱਜ ਆਮ ਤੌਰ ਤੇ ਸਿੱਖ ਪਰਿਵਾਰ ਗੁਰੂ ਸਾਹਿਬ ਨਾਲ ਹੋਸ਼ਿਆਰੀ ਅਤੇ ਚਾਲਾਕੀ ਕਰਦੇ ਨਜ਼ਰ ਆਉਂਦੇ ਹਨ। ਸੀਸ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਨਿਵਾਉਂਦੇ ਹਨ, ਪਰ ਕਰਮ-ਧਰਮ ਸਾਰੇ ਗੁਰਬਾਣੀ ਦੇ ਉਲਟ ਕਰਦੇ ਹਨ। ਗੁਰੂ ਮਹਾਰਾਜ ਦੀ ਸਿਖਿਆ ਨੂੰ ਸਮਝ ਕੇ ਪੂਰਨ ਤੌਰ ਤੇ ਅਪਨਾਉਣਾ ਚਾਹੀਦਾ ਹੈ, ਗੁਰੂ ਨਾਲ ਦਗ਼ਾ ਨਹੀਂ ਕਰਨਾ ਚਾਹੀਦਾ।**

(ਅ) ਦਰਸ਼ਨ (ਯਾਤਰਾ) ਇਤਿਹਾਸਕ ਗੁਰਦੁਆਰਿਆਂ ਦੀ ਹੀ ਕਰਨੀ ਚਾਹੀਦੀ ਹੈ। ਬਹੁਤ ਸਾਰੇ ਬਨਾਵਟੀ ਸਥਾਨ ਕਿਸੇ ਗੁਰੂ ਦੀ ਯਾਦ ਨਾਲ ਜੋੜ ਕੇ, ਗਲਤ-ਸਲਤ ਕਹਾਣੀਆਂ ਘੜ੍ਹ ਕੇ ਪ੍ਰਚਲਿਤ ਕੀਤੇ ਜਾ ਰਹੇ ਹਨ, ਸਾਵਧਾਨ ਰਹਿਣ ਦੀ ਲੋੜ ਹੈ। ਹਰ ਸ਼ਹਿਰ ਨਾਲ 'ਸਾਹਿਬ' (ਇਤਿਹਾਸਕ ਅਸਥਾਨ ਦਾ ਧੋਖਾ ਦੇਣ ਲਈ) ਲਿਖਣ ਦਾ ਰਿਵਾਜ ਪਾ ਦਿਤਾ ਗਿਆ ਹੈ, ਜਿਵੇਂ ਬੜੂ ਸਾਹਿਬ, ਦੋਧੜਾ ਸਾਹਿਬ, ਰਾੜ੍ਹਾ ਸਾਹਿਬ, ਸੋਹਾਣਾ ਸਾਹਿਬ, ਊਨਾ ਸਾਹਿਬ ਰਤਵਾੜਾ ਸਾਹਿਬ, ਜਵੱਦੀ ਸਾਹਿਬ। ਇਸੇ ਤਰਾਂ ਚੰਡੀਗੜ੍ਹ ਸਾਹਿਬ, ਬਨੂੜ ਸਾਹਿਬ, ਕਪੂਰਥਲਾ.. ਸਾਹਿਬ ਪ੍ਰਚਲਿਤ ਹੋ ਜਾਵੇਗਾ।

**ਮਨੀਕਰਨ, ਬੜੂ, ਪਹੇਵਾ, ਸੋਹਾਣਾ, ਹੇਮਕੁੰਟ, ਜਵੱਦੀ, ਦੋਧੜਾ, ਰਾੜ੍ਹਾ ਇਹ ਇਤਿਹਾਸਕ ਸਥਾਨ ਨਹੀਂ ਹਨ, ਐਵੇਂ ਹਰ ਪਿੰਡ ਨਾਲ 'ਸਾਹਿਬ' ਲਗਾਉਂਦੇ ਜਾਣਾ ਕਿਥੋਂ ਤਕ ਠੀਕ ਹੈ।**

(ੲ) ਹਰ ਸਰਦਾ-ਪੁਜਦਾ ਗੁਰਸਿੱਖ ਪਰਿਵਾਰ ਇਕ ਲੋੜਵੰਦ ਗੁਰਸਿੱਖ ਪਰਿਵਾਰ ਨੂੰ ਸਹਿਯੋਗ ਦੇ ਕੇ ਬੱਚਿਆਂ ਦੀ ਪੜ੍ਹਾਈ, ਕੰਮ-ਕਾਜ ਲਗਾਉਣ ਜਾਂ ਬੱਚੀਆਂ ਦੇ ਵਿਆਹ ਵਿਚ ਮਦਦ ਕਰੇ। ਇਸ ਵਿਚ ਅੰਗ-ਹੀਣ ਤੇ ਲਾਚਾਰ ਵੀ ਸੇਵਾ ਦੇ ਪਾਤਰ ਹਨ।

(ਸ) ਗੁਰਸਿੱਖ, ਗੁਰਸਿੱਖ ਨਾਲ ਮੁਕਦਮੇਬਾਜ਼ੀ ਤੋਂ ਪਰਹੇਜ਼ ਕਰੇ। ਇਕ ਦੂਜੇ ਵਿਰੁੱਧ ਇਸ਼ਤਿਹਾਰਬਾਜ਼ੀ ਕਰਨੋ ਗੁਰੇਜ਼ ਕਰੇ। ਭਾਵੇਂ ਆਗੂਆਂ ਨੇ ਇਹ ਕੰਮ ਕਰਦੇ ਰਹਿਣਾ ਹੈ, ਪਰ ਆਮ ਗੁਰਸਿੱਖ ਇਸ ਬਿਰਤੀ ਦੀ ਰੋਕ-ਥਾਮ ਵੱਲ ਪੂਰਾ ਧਿਆਨ ਦੇਣ।

(ਹ) ਹਰ ਗੁਰਸਿੱਖ ਘਰਾਣੇ ਵਿਚ ਧਾਰਮਿਕ ਪੁਸਤਕਾਂ ਭਾਵ ਗੁਰਬਾਣੀ ਟੀਕੇ ਤੇ ਸਿੱਖ ਇਤਿਹਾਸ ਦੀਆਂ ਪ੍ਰਮਾਣਿਕ ਪੁਸਤਕਾਂ ਜ਼ਰੂਰ ਚਾਹੀਦੀਆਂ ਹਨ। (ਪੁਸਤਕਾਂ ਦੀ ਚੋਣ ਲਈ ਇਸ ਕਾਲਜ ਦੀ ਸੇਵਾ ਲਈ ਜਾ ਸਕਦੀ ਹੈ।)

(ਕ) ਹਰ ਗੁਰਦੁਆਰਾ ਸਾਹਿਬ ਵਿਖੇ ਬਚਿਆਂ ਦੀ ਧਾਰਮਿਕ ਪੜ੍ਹਾਈ ਅਤੇ ਗੁਰਬਾਣੀ ਵੀਚਾਰ ਦਾ ਯੋਗ ਪ੍ਰਚਾਰਕ ਰਾਹੀਂ ਪ੍ਰਬੰਧ ਕਰਨ ਲਈ ਪ੍ਰਬੰਧਕਾਂ ਉਤੇ ਜ਼ੋਰ ਪਾਉਣਾ ਚਾਹੀਦਾ ਹੈ। ਹਰ ਗੁਰਸਿੱਖ ਨੂੰ ਪੰਜਾਬੀ ਪੜ੍ਹਨੀ ਤੇ ਵਰਤੋਂ ਕਰਨੀ ਚਾਹੀਦੀ ਹੈ। ਇਹ ਬਹੁਤ ਮਿਠੀ ਜ਼ੁਬਾਨ ਹੈ, ਐਵੇਂ ਪੰਜਾਬੀ ਵਿਰੋਧੀ ਲੋਕਾਂ ਦੇ ਗਲਤ ਪ੍ਰਚਾਰ ਦਾ ਸ਼ਿਕਾਰ ਨਾ ਬਨਣ। ਅੱਜ ਕੱਲ ਦੇ ਮਾਹੌਲ ਵਿਚ ਪੰਜਾਬੀ ਭਾਸ਼ਾ ਨੂੰ ਵਿਗਾੜਨ ਵਾਲੇ ਗੀਤਕਾਰਾਂ ਨੂੰ ਮੂੰਹ ਨਾ ਲਗਾਉਣ, ਇਹ ਗੁਰਮੁਖਾਂ ਅਤੇ ਸਚੇ-ਸੁਚੇ ਰੱਬ ਦੇ ਬੰਦਿਆਂ ਦੀ ਬੋਲੀ ਹੈ ਅਤੇ ਇਸ ਨੂੰ ਰੁਸ਼ਣਾਉਣ ਦਾ ਹਰ ਪੰਜਾਬੀ ਨੂੰ ਯਤਨ ਕਰਨਾ ਚਾਹੀਦਾ ਹੈ।

**13-14 ਸਾਲ ਦੀ ਉਮਰ ਤੱਕ ਬੱਚਿਆਂ ਨੂੰ ਸਿੱਖ ਧਰਮ ਦੀ ਮੁਢਲੀ ਜਾਣਕਾਰੀ ਮਿਲ ਜਾਣੀ ਚਾਹੀਦੀ ਹੈ, ਤਾਂ ਹੀ ਬੱਚਾ ਧਾਰਮਿਕ ਰਵਾਇਤਾਂ ਉਪਰ ਪਹਿਰਾ ਦੇ ਸਕੇਗਾ।**

(ਖ) ਸੰਤਾਂ-ਸਾਧਾਂ, ਬਾਬਿਆਂ ਤੇ ਪਖੰਡੀਆਂ ਦੇ ਡੇਰਿਆਂ ਦੀ ਰੌਣਕ ਵਧਾਉਣ ਦੀ ਬਜਾਏ ਕੇਵਲ ਸ੍ਰੀ ਗੁਰੂ ਸਿੰਘ ਸਭਾ ਜਾਂ ਇਤਿਹਾਸਕ ਗੁਰਦੁਆਰੇ ਦੀ ਹੀ ਹਾਜ਼ਰੀ ਭਰਨ।

(ਗ) ਘਰਾਂ ਵਿਚ ਕਿਸੇ ਵੀ ਗੁਰੂ ਦੀ ਫੋਟੋ ਜਾਂ ਫੋਟੋ ਵਾਲਾ ਕੈਲੰਡਰ ਨਾ ਲਗਾਓ। ਆਮ ਤੌਰ ਤੇ ਦੇਖਣ ਨੂੰ ਮਿਲਦਾ ਹੈ ਕਿ ਨਕਲ-ਨਵੀਸ ਸਿੱਖ ਵਪਾਰੀ, ਸਵੇਰੇ ਦੁਕਾਨ ਜਾਂ ਵਰਕਸ਼ਾਪ ਖੋਹਲ ਕੇ ਪਾਣੀ ਦਾ ਛੱਟਾ ਮਾਰਦੇ ਹਨ, ਲਕਸ਼ਮੀ ਦੇਵੀ, ਗਣੇਸ਼ ਜਾਂ ਗੁਰੂ ਨਾਨਕ ਸਾਹਿਬ ਦੀ ਫੋਟੋ ਜਾਂ ਮੂਰਤੀ ਅਗੇ ਧੂਪ ਜਾਂ ਅਗਰਬੱਤੀ ਘੁਮਾ ਕੇ ਮੂੰਹ ਵਿਚ ਕੁਝ ਗੁਣ ਗੁਣ ਕਰਦੇ ਹਨ ਅਤੇ ਅੱਖਾਂ ਮੀਟ ਕੇ ਮੱਥਾ ਟੇਕਦੇ ਹਨ। ਇਹ ਗੁਰਬਾਣੀ ਦਾ ਅਨਾਦਰ ਹੈ।

**(ਜੋ ਪਰਿਵਾਰ ਸਿੱਖ ਪੰਥ ਦਾ ਭਲਾ ਲੋਚਦੇ ਹਨ, ਉਹਨਾਂ ਨੂੰ ਪੱਕਾ ਇਰਾਦਾ ਕਰਨਾ ਚਾਹੀਦਾ ਹੈ ਕਿ ਸਿੰਘ ਸਭਾ ਗੁਰਦੁਆਰਾ ਸਾਹਿਬ ਜਾਂ ਇਤਿਹਾਸਕ ਗੁਰਦੁਆਰਾ ਸਾਹਿਬ ਹੀ ਹਾਜ਼ਰੀ ਭਰਨੀ ਹੈ।)**

ਜ਼ਿਆਦਾਤਰ ਇਹ ਮੂਰਤੀ-ਪੂਜਕ ਜਾਣਦੇ ਹਨ ਕਿ ਇਹ ਗੁਰੂ ਦੀ ਹੁਕਮ-ਅਦੂਲੀ ਹੈ, ਪਰ ਚੋਰੀ-ਚੋਰੀ ਕਰਦੇ ਹਨ। ਫੋਟੋ, ਮੂਰਤੀ ਜਾਂ ਪੱਥਰ ਦੇ ਬੁੱਤ (ਭਾਵੇਂ ਸਿੱਖ ਸ਼ਹੀਦਾਂ ਦੇ ਹੋਣ) ਦੀ ਪੂਜਾ ਗੁਰਬਾਣੀ ਦੇ ਹੁਕਮਾਂ ਦੇ ਉਲਟ ਹੈ। ਅੱਜ ਕੱਲ ਵਿਸ਼ਕਰਮਾ ਦਾ ਜਨਮ-ਦਿਨ ਗੁਰਦੁਆਰਿਆਂ ਵਿਚ ਜਾਂ ਫੈਕਟਰੀਆਂ ਵਿਚ, ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰਕੇ, ਰਾਗੀਆਂ ਪਾਸੋਂ ਕੀਰਤਨ ਕਰਵਾ ਕੇ ਮਨਾਉਣਾ ਪ੍ਰਚਲਿਤ ਹੋ ਗਿਆ ਹੈ। ਕੋਈ ਗੁਰੂ ਦਾ ਕੀਰਤਨੀਆਂ ਜਾਂ ਪ੍ਰਚਾਰਕ ਜਾਂ ਵਿਦਵਾਨ ਇਸਦੇ ਵਿਰੁੱਧ ਆਵਾਜ਼ ਨਹੀਂ ਉਠਾਉਂਦਾ। ਰਾਮਗੜੀਆ ਬਰਾਦਰੀ ਦੇ ਕੁਝ ਸਿੰਘ ਗੁਰਦੁਆਰਾ ਸਾਹਿਬ ਨੂੰ 'ਰਾਮਗੜੀਆ ਭਵਨ' ਲਿਖਕੇ ਵਖਰੀ ਜਮਾਤ ਪ੍ਰਗਟ ਕਰ ਰਹੇ ਹਨ। ਇਹ ਠੀਕ ਨਹੀਂ ਹੈ।

**ਕਿਸੇ ਪ੍ਰਕਾਰ ਦੀ ਫੋਟੋ-ਮੂਰਤੀ ਨਾ ਲਗਾਉਣੀ ਚਾਹੀਦੀ ਹੈ ਨਾ ਹੀ ਉਸ ਅਗੇ ਅਰਦਾਸ ਕਰਨੀ ਚਾਹੀਦੀ ਹੈ। ਜੇਕਰ ਨਿਤਨੇਮ ਅਤੇ ਅਰਦਾਸ ਕਰਕੇ ਗੁਰੂ ਮਹਾਰਾਜ ਦੇ ਦਰਸ਼ਨ ਕਰ ਆਏ ਹਾਂ ਤਾਂ ਇਸੇ ਨਾਲ ਹੀ ਕੰਮ-ਕਾਜ ਬਹੁਤ ਚਲੇਗਾ ਅਤੇ ਕੋਈ ਘਾਟ ਨਹੀਂ ਆਵੇਗੀ। ਗੁਰੂ ਮਹਾਰਾਜ ਤੇ ਭਰੋਸਾ ਤਾਂ ਹੋਣਾ ਚਾਹੀਦਾ ਹੈ।**

ਸਿੱਖ ਬੀਬੀਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਹਫਤਾਵਾਰੀ ਕੀਰਤਨ ਜਾਂ ਸੁਖਮਨੀ ਸਾਹਿਬ ਦੇ ਪਾਠ ਸਮਾਗਮ ਵਿਚ ਸ਼ੁੱਧ ਉਚਾਰਨ ਅਤੇ ਪਾਠ ਦੇ ਅਰਥ ਵੀ ਦਸਣੇ ਚਾਹੀਦੇ ਹਨ। ਇਸਤਰੀ ਸਤਸੰਗ ਦੇ ਪ੍ਰੋਗਰਾਮਾਂ ਵਿਚ ਕਈ ਥਾਵਾਂ ਤੇ ਗੁਰੂ ਸਾਹਿਬ ਦੀ ਫਰਜੀ ਫੋਟੋ ਰੱਖ ਕੇ ਮੱਥੇ ਟਿਕਾਏ ਜਾਂਦੇ ਹਨ, ਇਹ ਠੀਕ ਨਹੀਂ।

(...ਚੱਲਦਾ)

लड़ी जोड़ने के लिए पिछला अंक देखें



# साहिब-ए-कमाल श्री गुरू गोबिन्द सिंघ जी का विलक्षण व्यक्तित्व- भाई नंद लाल गोया जी की नज़र में

## नासिरो मंसूर गुरू गोबिंद सिंघ ईज़दी- मैं मनजूर गुरू गोबिंद सिंघ

संग्रह कर्ता:
अमृत पाल बंसल, लुधियाना

**वासफाने ज़ात गुरू गोबिंद सिंघ**

**वासिल अज़ बरकात गुरू गोबिंद सिंघ (13 2)**

वासफाने (वासिफ का बहुवचन) प्रसंसा करने वाला, समझाने वाला। ज़ात-सार, स्वयं, व्यक्तिगत। वासिल-एकजुट, जुड़ा, प्राप्त। अज़ से बरकात-बरकत।

जो लोग श्री गुरू गोबिंद सिंह के चरित्र के गुणों की प्रशंसा करते हैं तथा उनका गुणगान करने वालों के साथ एकजुट (जुड़ना) हो गए, उन लोगों को गुरू गोबिंद सिंह जी का आर्शीवाद और अनुग्रह प्राप्त होता है।

**राकमाने वसफ गुरू गोबिंद सिंघ**

**नामवर अज़ लुतफ गुरू गोबिंद सिंघ (13 3)**

राकमाने-लेखक। वसफ-विशेषता, गुणवतता, विवरण। नामवर-प्रसिद्ध, शानदार। अज़-उससे। लुतफ-दया, अनुग्रह से।

श्री गुरू गोबिंद सिंह के गुणों तथा तारीफों के लेखक गुरू साहिब जी की कृपा तथा दया से दुनिया भर में प्रसिद्धी पाते हैं।

**नाज़राने रूए गुरू गोबिंद सिंघ**

**मसत हक दर कूए गुरू गोबिंद सिंघ (13 4)**

नाजरान-(नजीर का बहुवचन) देखना, गवाह। रूए-चेहरा। मसत-नशा। हक-भगवान। दर-में। कूए-सड़क, गली।

जिन लोगों ने श्री गुरू गोबिंद सिंह जी की गली में उनका चेहरा देखा है, वह उनके प्रेम में मुग्ध हो जाते हैं और उन्हें भगवान के नाम का नशा चड़ जाता है।

**ख़ाक बोसे पाए गुरू गोबिंद सिंघ**

**मुकबल अज़ आलाऐ गुरू गोबिंद सिंघ (13 5)**

ख़ाक-धूल, मिट्टी। बोसे-चूमना। पाए-पैर। मुकबल-भाग्यशाली। अज़-का, से। आलाए-उंचा, भव्य।

जो लोग श्री गुरू गोबिंद सिंह जी के चरणों की धूल चूमते हैं; वह भाग्यशाली, गुरू साहिब जी के आर्शीवाद से जीवन में उंचे हो जाते हैं।

**कादरे हर कार गुरू गोबिंद सिंघ।**

**वे-कासन रा यार गुरू गोबिंद सिंघ। (13 6)**

कादरे-सक्षम, कुशल। हर-प्रत्येक। कार-काम, मामला। बेकासन-गरीब, रा-कण, यार-मित्र

इस समय जो कुछ भी हो रहा है, उसके कर्ताधर्ता श्री गुरू गोबिंद सिंघ जी ही हैं और प्रत्येक कार्य में समर्थ हैं, वह गरीबों के मित्र हैं।

**साजिदो मसजूद गुरू गोबिंद सिंघ।**

**जुमले फैज़-ओ जूद गुरू गोबिंद सिंघ (13 7)**

साजिद-उपासक। गसजूद-जिस की पूजा की जाती है। जुमले-पूरा, सब। फ़ैज-इनाम, आर्शीवाद जूद-उदारता।

श्री गुरू गोबिंद सिंघ जी पुजारीं हैं, वह भगवान की पूजा करते है तथा उपासक हैं, संपूर्ण सुष्टि भी उनकी पूजा करती है। वह कृपा और उदारता के अवतार हैं।

**सरवरां रा ताज गुरू गोबिंद सिंघ।**

**बरतरी मि-आराज गुरू गोबिंद सिंघ। (13 8)**

सरवरां-स्वामी, मुखिया। रा-कण, ताज-मुकुट। बरतरी-श्रेष्ठता, वरीयत मि-आराज-स्वर्ण की और।

श्री गुरू गोबिंद सिंघ जी सभी राजाओं के प्रमुख है; वह ईश्वर प्राप्ति का सर्वोतम साधन तथा सीढ़ी हैं।

**अशर कुदसी राम गुरू गोबिंद सिंघ।**

**वासिफ-ए इकराम गुरू गोबिंद सिंघ। (13 9)**

अशर-दस। कुदसी-देवदूत, दिव्य। राम-वश में, पालतू। वासिफ-प्रशंसा करने वाला, समझाने वाला। इकराम-आदर करना।

दस (युनानी) पवित्र देवदूत श्री गुरू गोबिंद सिंघ जी के अनुयायी हैं और वह श्रद्धापूर्वक गुरू साहिब जी की कृपा की स्तुति तथा गुणगान करते है।

**उम कुदस ब-कार गुरू गोबिंद सिंघ**

**गाशीआ बरदार गुरू गोबिंद सिंघ (140)**

उम-मां, स्त्रोत। कुदस-पवित्रता। कार-नौकरी, काम। गाशीआ बरदार-काठी, आवरण। बरदार-लेना, हटाना। गीशीआ बरदार-काठी ढोने वाला (नौकर)।

विश्व की पवित्र देवियां भी श्री गुरू गोबिंद सिंघ जी के लिए कार्य कर रही है, उनकी सेवा में रहती हैं और वह उनकी नौकर हैं।

**कदरो कुदरत पैश गुरू गोबिंद सिंघ।**

**इंकियाद अंदेश गुरू गोबिंद सिंघ (141)**

कदर-ईश्वरीय आदेश, नियति, कुदरत-शक्ति, अधिकार, ताकत। पैश-सामने, आगे। इंकियाद-समर्पण, आज्ञाकारिता। अंदेश-सोचें

श्री गुरू गोबिंद सिंघ जी के सामने प्रकृति का क्या मुल्य, वह भी गुरू

➡

Continues from previous Issue



# Praises of Shri Guru Gobind Singh Ji By Bhai Nand Lal Goya Ji

-Compiled by:
Amrit Paul Bansal
Ludhiana

## "Nasar-O Mansoor Guru Gobind Singh Eezad-I Manzoor Guru Gobind Singh"

ਵਾਸਫ਼ਾਨਿ ਜ਼ਾਤਿ ਗੁਰੂ ਗੋਬਿੰਦ ਸਿੰਘ
ਵਾਸਿਲ ਅਜ਼ ਬਰਕਾਤ ਗੁਰੂ ਗੋਬਿੰਦ ਸਿੰਘ ॥

Waasif-Aan-E zaat Guru Gobind Singh
Wasil Az Barkaat Guru Gobind Singh (132)

Waasif-Aan praises, explainer, Zaat-essence, self, individual, Wasil-united

Those who sang the praises of Guru Gobind Singh; were united with God.

ਰਾਕਿਮਾਨਿ ਵਸਫ਼ਿ ਗੁਰੂ ਗੋਬਿੰਦ ਸਿੰਘ
ਨਾਮਵਰ ਅਜ਼ ਲੁਤਫ਼ਿ ਗੁਰੂ ਗੋਬਿੰਦ ਸਿੰਘ ॥

Raaqmaane Wasf Guru Gobind Singh
Naamwar Az Lutf Guru Gobind Singh (133)

Raaqmaane-writer Wasf-attribute, Quality, description Naamwar-famed, renowned, illustrious Az-of, From Lutf-Kindness, grace

Those who wrote in praise of Guru Gobind Singh; received fame the world over with His grace, kindness and blessings.

ਨਾਜ਼ਿਰਾਨਿ ਰੂਇ ਗੁਰੂ ਗੋਬਿੰਦ ਸਿੰਘ
ਮਸਤਿ ਹੱਕ ਦਰ ਕੂਇ ਗੁਰੂ ਗੋਬਿੰਦ ਸਿੰਘ ॥

Naazran-E Roo-E Guru Gobind Singh
Mast Haq Dar Koo-E Guru Gobind Singh (134)

Naazran-seeing, watching, witness Roo-E-Face Mast-intoxicated Haq-God, Dar-in,at Koo-E-street, lane, Quarter

Those who had seen the face of Guru Gobind Singh; moved in the lanes intoxicated with God's Name

ਖ਼ਾਕ ਬੋਸਿ ਪਾਇ ਗੁਰੂ ਗੋਬਿੰਦ ਸਿੰਘ
ਮੁਕਬਲ ਅਜ਼ ਆਲਾਇ ਗੁਰੂ ਗੋਬਿੰਦ ਸਿੰਘ ॥

Khaak Bos-E Paa-E Guru Gobind Singh
Muqbal Az Aalaa-E Guru Gobind Singh (135)

Khaak-dust,soil Bos-E-(from Boseedan) Kiss Paa-Feet Muqbal-fortunate Az-of, from Aalaa-E (from Aali)-elevated, grand, lofty

Those who kissed the dust under the lotus feet of Guru Gobind Singh; were fortunate and were elevated in life and become accepted in divine court due to His blessings and boons.

ਕਾਦਿਰਿ ਹਰ ਕਾਰ ਗੁਰੂ ਗੋਬਿੰਦ ਸਿੰਘ
ਬੇਕਸਾਂ–ਰਾ ਯਾਰ ਗੁਰੂ ਗੋਬਿੰਦ ਸਿੰਘ ॥

Aqdir-E Har Kar Guru Gobind Singh
Be-Kassan Ra Yaar Guru Gobind Singh (136)

Qadir-able,efficient, competent Har-every,each Kar-

---

साहिब जी के बंधन में रहना चाहती है।

**तिसया उलवी खाक गुरू गोबिंद सिंघ।**
**चाकर – ए चालाक गुरू गोबिंद सिंघ (142)**

तिसया – नौ। उलवी – उदात्त दिव्य। खाक – धूल। चाकर – सेवक। चालाक – शीघ्र, फुर्तीली।

नौ देवता श्री गुरू गोबिंद सिंघ जी के चरणों की धूल के समान हैं; वह गुरू साहिब जी के अच्छे सेवक हैं।

**तख्त – ओ बाला ज़ेर गुरू गोबिंद सिंघ।**
**ला – मकान – ए सैर गुरू गोबिंद सिंघ। (143)**

तख्त – सिंहासन। बाला – शीर्ष, ऊंचाई, कद। जेर – नीचे। ला मकान – सर्वव्यापी, ईश्वर, स्वर्ग। सैर – यात्रा, भ्रमण।

श्री गुरू गोबिंद सिंघ जी सर्वोच्च सिंहासनों से ऊपर हैं; वह स्वर्ग में भ्रमण करते हैं।

**बरतर अज़ हर कदर गुरू गोबिंद सिंघ।**
**जाविदानी सदर गुरू गोबिंद सिंघ। (144)**

बरतर – उच्च, श्रेष्ठ, सवोच्च। अज़ – से। हर – सभी। कदर – मुल्य, परिमाण। जाविदानी – शाश्वत, अमर। सदर – शीर्ष, सब से ऊपर।

श्री गुरू गोबिंद सिंघ जी में सभी सवोच्च गुण हैं; वह अमर तख्त के मालिक हैं।

**आलम – ए रौशन ज़ गुरू गोबिंद सिंघ**
**जान – ओ दिल गुलशन ज़ गुरू गोबिंद सिंघ (145)**

आलम – दुनिया। रौशन – उज्वल। जान – जिंदगी। दिल – दिल। गुलशन – फूलों का बगीचा।

श्री गुरू गोबिंद सिंघ जी के कारण यह जगत उजियारा (रौशन) है; उनके कारण ही हमारे हृदय और जीवन में उजियारा (प्रकाश) है।

**रोज अफ़ज़ून जाह गुरू गोबिंद सिंघ।**
**ज़ेब तख़्तों गाह गुरू गोबिंद सिंघ। (146)**

रोज – दिन। अफ़ज़ून – अधिक। रोज अफ़ज़ून – प्रतिदिन बढ़ता है। जाह – पद, गरिमा। जेब़ – आभूषण, सुंदरता। तखत – सिंहासन। गाह – समय, स्थान, पर।

श्री गुरू गोबिंद सिंघ जी का रूतबा दिन – ब – दिन बढ़ता जा रहा है; वह सभी सिंहासनों की सुंदरता और शान हैं।

(शेष अगले अंक में)

work, affair Be-Kassan (plural of Be-Kas) forloon, poor, Ra-particle Yaar-friend.

Guru Gobind Singh is the doer of all that is happening in this world and He is capable to tackle any problem and issue; He is friend of the poor and is the supporter of those, who do not have any support.

ਸਾਜਿਦੋ ਮਸਜੂਦ ਗੁਰੂ ਗੋਬਿੰਦ ਸਿੰਘ
ਜੁਮਲਾ ਫੈਜ਼ੋ ਜੂਦ ਗੁਰੂ ਗੋਬਿੰਦ ਸਿੰਘ ॥

Saajid-O Masjood Guru Gobind Singh
Jumleh Faiz-O Jood Guru Gobind Singh (137)

Saajid-prostrate(Worshipper) Masjood-the one who is worshipped Jumleh-the whole, all Faiz-bounty, blessings, Jood-generosity

Guru Gobind Singh worships God; He is also worshipped by the Whole creation, He is genearous with all the blessings , he gives and is the composite of grace and largess.

ਸਰਵਰਾਂ ਰਾ ਤਾਜ ਗੁਰੂ ਗੋਬਿੰਦ ਸਿੰਘ
ਬਰ ਤਰੀਂ ਮਿਅਰਾਜ ਗੁਰੂ ਗੋਬਿੰਦ ਸਿੰਘ ॥

Sarwraan Ra Taj Guru Gobind Singh
Bartareen Mi-Araj Guru Gobind Singh (138)

Sarwraan- (plural of Sarwar) master, lord, chief Ra-particle Taj- crown Bartareen-superiority, preference Mi Araj-ascension (to heaven)

Guru Gobind Singh is the chief of all the kings; He occupies the loftiest (greatest) position and is the best means and instrument to attain the Almighty.

ਅਸ਼ਰ ਕੁੱਦਸੀ ਰਾਮਿ ਗੁਰੂ ਗੋਬਿੰਦ ਸਿੰਘ
ਵਾਸਿਫ਼ਿ ਇਕਰਾਮ ਗੁਰੂ ਗੋਬਿੰਦ ਸਿੰਘ ॥

Ashar Qudsi Ram Guru Gobind Singh
Wasif-E Ikram Guru Gobind Singh (139)

Ashar-ten Qudsi-angel, celestial Ram-tame, domesticated Wasif-praiser, explainer Ikram-honouring, revering

All the holy angles obey the command of Guru Gobind Singh and they Sing His praises in reverence; they are the admirers of His imumerable blessings.

ਉੱਮਿ ਕੁੱਦਸ ਬਕਾਰਿ ਗੁਰੂ ਗੋਬਿੰਦ ਸਿੰਘ
ਗਾਸ਼ੀਆ ਬਰਦਾਰਿ ਗੁਰੂ ਗੋਬਿੰਦ ਸਿੰਘ ॥

Um Qudas B-Kar Guru Gobind Singh
Gaashia Bardaar Guru Gobind Singh (140)

Um-mother, source Qudas-sainliness, sacredness Kar-Job, work Gaashia-saddle,cover,mantle, Bardaar-to take, to remove Gaashia Bardar- one who carries the saddle(servant)

The sacred goddesses of the world are also working in the service of Guru Gobind Singh and they are His servants.

ਕਦਰ ਕੁਦਰਤ ਪੇਸ਼ਿ ਗੁਰੂ ਗੋਬਿੰਦ ਸਿੰਘ
ਇਨਕਿਯਾਦ ਅੰਦੇਸ਼ਿ ਗੁਰੂ ਗੋਬਿੰਦ ਸਿੰਘ ॥

Qadr-O Qudrat Peish Guru Gobind Singh
Inkiyaad Andesh Guru Gobind Singh (141)

Qadr-divine decree, destiny Kudrat-Power, might, authority, strength, Peish-front, forward, ahead Inkiyaad-Submission, obedience Andesh-think

Guru Gobind Singh controls our destinies; still He meditates on God in submission.

ਤਿੱਸਅ ਉਲਵੀ ਖ਼ਾਕਿ ਗੁਰੂ ਗੋਬਿੰਦ ਸਿੰਘ
ਚਾਕਰਿ ਚਾਲਾਕਿ ਗੁਰੂ ਗੋਬਿੰਦ ਸਿੰਘ ॥

Tisya ulvi Khaak Guru Gobind Singh
Chaakar-E chalaak Guru Gobind Singh (142)

Tisya-nine Ulvi-sublime,celetrial,lofty Khaak-dust, Chaakar-servant challak-quick,agile.

All the nine gods are the dust of the feet of Guru Gobind Singh; they serve Him well.

ਤਖ਼ਤਿ ਬਾਲਾ ਜ਼ੇਰਿ ਗੁਰੂ ਗੋਬਿੰਦ ਸਿੰਘ
ਲਾਮਕਾਨਿ ਸੈਰ ਗੁਰੂ ਗੋਬਿੰਦ ਸਿੰਘ ॥

Takht-O Bala Zer Guru Gobind Singh
Laa-Makaan-E Seir Guru Gobind Singh (143)

Takht-Throne Bala-top,height,stature Zer-below La-Makaan-Omnipresent, God, heaven's Seir, travelling, excursion

Guru Gobind Singh is above the highest thrones; He moves in the heavens

ਬਰ ਤਰ ਅਜ਼ ਹਰ ਕਦਰ ਗੁਰੂ ਗੋਬਿੰਦ ਸਿੰਘ
ਜਾਵਿਦਾਨੀ ਸਦਰ ਗੁਰੂ ਗੋਬਿੰਦ ਸਿੰਘ ॥

Bartar Az Har Qadr Guru Gobind Singh
Jaawdani sadr Guru Gobind Singh (144)

Bartar-higher,Superior, Supreme , Az-than Har-all Qadr-worth, magnitude Jaawdani-eternal, immortal sadr-top, uppermost

Guru Gobind Singh is supreme in all virtues; He is eternal and above everyone else.

ਆਲਮੇ ਰੌਸ਼ਨ ਜ਼ਿ ਗੁਰੂ ਗੋਬਿੰਦ ਸਿੰਘ
ਜਾਨੋ ਦਿਲ ਗੁਲਸ਼ਨ ਜ਼ਿ ਗੁਰੂ ਗੋਬਿੰਦ ਸਿੰਘ ॥

Aalam-E Raushan z Guru Gobind Singh
Jaan-o Dil Gulshan z Guru Gobind Singh (145)

Aalam-the world, Raushan-bright Jaan-life, Dil-heart Gulshan-flower Garden

Guru Gobind Singh gives light to the world; our hearts and souls blossom because of Him and are pleasant like a garden of flowers.

ਰੂਜ਼ ਅਫ਼ਜ਼ੂੰ ਜਾਹਿ ਗੁਰੂ ਗੋਬਿੰਦ
ਜ਼ੇਬਿ ਤਖ਼ਤੋ ਗਾਹਿ ਗੁਰੂ ਗੋਬਿੰਦ ਸਿੰਘ ॥

Roz Afzoon Jaah Guru Gobind Singh
Zeb takht-o Gaah Guru Gobind Singh (146)

Roz-day Afzoon-more, exceeding Roz Afzoon-Increases daily, Jaah-rank, dignity, position Zeb-ornament, beauty, Takht-Thorne Gaah-time, place at.

Guru Gobind Singh's stature is increasing everyday; He is the beauty, pride and praise of both the throne and place.

**(continued on next issue)**

ਸਿਹਤ ਸੰਭਾਲ

ਡਾ. ਹਰਸ਼ਿੰਦਰ ਕੌਰ, ਐੱਮ.ਡੀ. 0175-2216783

# ਜੋੜ ਤੰਦਰੁਸਤ ਰੱਖਣ ਲਈ ਕੀ ਕਰੀਏ?

ਅੱਜ ਕੱਲ ਗੋਡੇ ਬਦਲਣ ਦਾ ਰਿਵਾਜ਼ ਓਨਾ ਹੀ ਆਮ ਹੈ ਜਿੰਨਾ ਕਾਰ ਜਾਂ ਸਕੂਟਰ ਬਦਲਣ ਦਾ। ਬਹੁਤਿਆਂ ਦੇ ਗੋਡੇ ਇਕ ਵਾਰ ਬਦਲਣ ਤੋਂ ਬਾਅਦ ਕਦੇ ਵੀ ਦੁਬਾਰਾ ਨਾਰਮਲ ਵਾਂਗ ਹੋ ਨਹੀਂ ਸਕਦੇ। ਕਈਆਂ ਦੇ ਦੂਜੀ ਜਾਂ ਤੀਜੀ ਵਾਰ ਵੀ ਬਦਲਣੇ ਪੈ ਜਾਂਦੇ ਹਨ। ਇਸੇ ਲਈ ਜੇ ਸ਼ੁਰੂ ਤੋਂ ਹੀ ਗੋਡਿਆਂ ਦਾ ਧਿਆਨ ਰੱਖ ਲਈਏ ਤਾਂ ਦੇਰ ਤੱਕ ਤੰਦਰੁਸਤ ਰਿਹਾ ਜਾ ਸਕਦਾ ਹੈ।

ਸਭ ਤੋਂ ਅਹਿਮ ਹੈ ਗੋਡਿਆਂ ਉੱਤੇ ਪੈਂਦਾ ਭਾਰ! ਜੇ ਸਰੀਰ ਦਾ ਭਾਰ ਇੱਕ ਪੌਂਡ ਵੀ ਵਧ ਜਾਵੇ ਤਾਂ ਗੋਡਿਆਂ ਉੱਤੇ ਚਾਰ ਗੁਣਾ ਜ਼ੋਰ ਪੈ ਜਾਂਦਾ ਹੈ ਜੋ ਨਾ ਸਿਰਫ਼ ਗੋਡੇ, ਬਲਕਿ ਪਿੱਠ, ਕਮਰ, ਲੱਤਾਂ ਅਤੇ ਪੈਰਾਂ ਉੱਤੇ ਵੀ ਤਗੜਾ ਅਸਰ ਪਾ ਕੇ ਉਨ੍ਹਾਂ ਦਾ ਘਸਣਾ ਵਧਾ ਦਿੰਦਾ ਹੈ। ਇਸੇ ਨਾਲ ਹੌਲੀ-ਹੌਲੀ ਲਗਾਤਾਰ ਪੀੜ ਰਹਿਣੀ ਸ਼ੁਰੂ ਹੋ ਜਾਂਦੀ ਹੈ। ਜੇ ਭਾਰ ਵਧਣਾ ਲਗਾਤਾਰ ਜਾਰੀ ਰਹੇ ਤਾਂ ਬਾਕੀ ਦੇ ਜੋੜ, ਜਿਵੇਂ ਹੱਥ ਜਾਂ ਮੋਢੇ ਵਿਚ ਵੀ ਖਿੱਚ ਅਤੇ ਪੀੜ ਮਹਿਸੂਸ ਹੋਣ ਲੱਗ ਪੈਂਦੀ ਹੈ ਕਿਉਂਕਿ ਦਿਮਾਗ਼ ਇੱਕੋ ਸੁਨੇਹਾ ਸਾਰੇ ਪਾਸੇ ਭੇਜ ਦਿੰਦਾ ਹੈ। ਇਸੇ ਲਈ ਲੰਮੇ ਸਮੇਂ ਤੱਕ ਗੋਡੇ ਸਹੀ ਰੱਖਣ ਲਈ ਹਰ ਹਾਲ ਭਾਰ ਉੱਤੇ ਕਾਬੂ ਰੱਖਣਾ ਪੈਂਦਾ ਹੈ।

**ਉਂਗਲਾਂ ਅਤੇ ਅੰਗੂਠਾ :-** ਮੋਬਾਈਲ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕਿਆ ਹੋਇਆ ਹੈ। ਇੰਜ ਹੀ ਦੇਰ ਤੱਕ ਲੈਪਟਾਪ ਉੱਤੇ ਅੰਗੂਠੇ ਤੇ ਉਂਗਲਾਂ ਵੱਲੋਂ ਹਰਕਤ ਕਰਨ ਨਾਲ ਜੋੜਾਂ ਉੱਤੇ ਲਗਾਤਾਰ ਜ਼ੋਰ ਪੈਂਦਾ ਹੈ, ਜਿਸ ਨਾਲ ਹੱਥਾਂ ਦੇ ਜੋੜ ਪੀੜ ਕਰਨ ਲੱਗ ਪੈਂਦੇ ਹਨ। ਗਰਦਨ ਨੂੰ ਹੇਠਾਂ ਝੁਕਾ ਕੇ ਮੋਬਾਈਲ ਵੇਖਦੇ ਰਹਿਣ ਨਾਲ ਗਰਦਨ ਦੇ ਜੋੜਾਂ ਉੱਤੇ ਬਹੁਤ ਮਾੜਾ ਅਸਰ ਪੈ ਜਾਂਦਾ ਹੈ। ਖੋਜਾਂ ਦਸਦੀਆਂ ਹਨ ਕਿ ਨਾ ਸਿਰਫ਼ ਗਰਦਨ, ਬਲਕਿ ਮੋਢਿਆਂ ਉੱਤੇ ਵੀ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਹਰ ਇਕ ਇੰਚ ਅੱਗੇ ਝੁਕੇ ਸਿਰ ਨਾਲ ਮੋਢਿਆਂ ਉੱਤੇ ਦੁਗਣਾ ਭਾਰ ਪੈ ਜਾਂਦਾ ਹੈ। ਜੇ ਕਿਤੇ ਠੋਡੀ ਛਾਤੀ ਦੇ ਨੇੜੇ ਹੋ ਜਾਵੇ ਤਾਂ ਗਰਦਨ ਦੀਆਂ ਮਲੂਕ ਹੱਡੀਆਂ ਨੂੰ ਪੰਜ ਸਿਰਾਂ ਜਿੰਨਾ ਭਾਰ ਚੁੱਕਣ ਵਰਗਾ ਅਸਰ ਪੈਂਦਾ ਹੈ। ਇਸੇ ਲਈ ਗਰਦਨ ਤੇ ਮੋਢਿਆਂ ਨੂੰ ਤੰਦਰੁਸਤ ਰੱਖਣ ਲਈ ਮੇਜ਼ ਕੁਰਸੀ ਉੱਤੇ ਸਿੱਧਾ ਬਹਿ ਕੇ ਹੀ ਕੰਮ ਕਰਨਾ ਚਾਹੀਦਾ ਹੈ।

**ਉੱਚੀ ਅੱਡੀ ਵਾਲੀ ਜੁੱਤੀ:-** ਜਿੰਨੀ ਜ਼ਿਆਦਾ ਉੱਚੀ ਅੱਡੀ ਹੋਵੇ, ਓਨਾ ਹੀ ਪੈਰਾਂ ਦੀਆਂ ਉਂਗਲਾਂ ਅਤੇ ਪੰਜੇ ਉੱਤੇ ਵੱਧ ਜ਼ੋਰ ਪੈਂਦਾ ਹੈ। ਪੱਟਾਂ ਦੇ ਪੱਠਿਆਂ ਨੂੰ ਹੱਦੋਂ ਵੱਧ ਜ਼ੋਰ ਲਾ ਕੇ ਗੋਡੇ ਸਿੱਧੇ ਰੱਖਣੇ ਪੈਂਦੇ ਹਨ। ਇਹੀ ਕਾਰਨ ਹੈ ਕਿ ਰੋਜ਼ ਉੱਚੀ ਅੱਡੀ ਪਾਉਣ ਵਾਲਿਆਂ ਦੇ ਜੋੜਾਂ ਵਿਚਲਾ ਨਰਮ ਗੁੱਦਾ ਛੇਤੀ ਘਸ ਜਾਂਦਾ ਹੈ ਤੇ ਉਨ੍ਹਾਂ ਨੂੰ ਓਸਟੀਓ ਆਰਥਰਾਈਟਸ ਦਾ ਰੋਗ ਛੇਤੀ ਹੋ ਜਾਂਦਾ ਹੈ।

**ਘਸੇ ਹੋਏ ਜੁੱਤੇ ਪਾਉਣੇ :-** ਅੱਡੀਆਂ ਅਤੇ ਪੰਜਿਆਂ ਤੋਂ ਘਸੇ ਜੁੱਤੇ ਨਾ ਸਿਰਫ਼ ਪੈਰਾਂ, ਗੋਡੇ, ਕੂਹਲੇ ਬਲਕਿ ਪਿੱਠ ਦੇ ਜੋੜਾਂ ਉੱਤੇ ਵੀ ਮਾੜਾ ਅਸਰ ਪਾ ਦਿੰਦੇ ਹਨ। ਇਸੇ ਲਈ ਜੁੱਤਿਆਂ ਦਾ ਸਹੀ ਹੋਣਾ ਬਹੁਤ ਜ਼ਰੂਰੀ ਹੈ। ਵੱਖੋ-ਵੱਖ ਖੇਡਾਂ ਲਈ ਵੀ ਵੱਖ ਤਰ੍ਹਾਂ ਦੇ ਜੁੱਤੇ ਬਣਾਏ ਗਏ ਹਨ। ਜਿਵੇਂ ਬਾਸਕਟ ਬਾਲ ਲਈ ਰਤਾ ਮੋਟਾ ਥੱਲਾ ਤਾਂ ਜੋ ਗੋਡਿਆਂ ਉੱਤੇ ਜ਼ੋਰ ਨਾ ਪਵੇ। ਬਹੁਤ ਜ਼ਿਆਦਾ ਕੁਸ਼ਨ ਥੱਲਾ, ਜਿਸ ਵਿਚ ਪੈਰ ਦੇ ਅੰਦਰਲੇ ਪਾਸੇ ਵਾਲਾ ਹਿੱਸਾ ਸਖ਼ਤ ਕਰ ਕੇ ਉੱਚਾ ਕੀਤਾ ਹੋਵੇ, ਵੀ ਲੱਤ ਦੇ ਪੱਠਿਆਂ ਉੱਤੇ ਖਿੱਚ ਪਾ ਦਿੰਦਾ ਹੈ।

**ਜੋੜਾਂ ਦੇ ਪਟਾਕੇ ਮਾਰਨੇ :-** ਕੋਈ ਵਿਰਲਾ ਹੀ ਹੋਵੇਗਾ ਜਿਸ ਨੇ ਕਦੇ ਉਂਗਲਾਂ 'ਚ ਪਟਾਕੇ ਨਾ ਮਾਰੇ ਹੋਣ! ਉਂਗਲਾਂ ਦੇ ਜੋੜਾਂ ਨੂੰ ਖਿੱਚ ਕੇ ਜਾਂ ਪੁੱਠਾ ਮੋੜ ਕੇ ਪਟਾਕੇ ਕੱਢਣੇ ਬਹੁਤ ਆਮ ਜਿਹੀ ਆਦਤ ਹੋ ਚੁੱਕੀ ਹੈ। ਇੰਜ ਕਰਨ ਨਾਲ ਆਰਥਰਾਈਟਿਸ ਭਾਵੇਂ ਨਾ ਹੋਵੇ ਪਰ ਹੌਲੀ-ਹੌਲੀ ਵਧਦੀ ਉਮਰ ਨਾਲ ਹੱਥਾਂ ਵਿਚ ਸੋਜ਼ਿਸ਼ ਜਾਂ ਪਕੜ ਵਿਚ ਕਮਜ਼ੋਰੀ ਹੋਣੀ ਸ਼ੁਰੂ ਹੋ ਜਾਂਦੀ ਹੈ।

**ਭਾਰਾ ਪਰਸ ਜਾਂ ਪਿੱਠੂ ਚੁੱਕਣਾ:-** ਰੋਜ਼ ਦੀ ਡਿਊਟੀ ਜਾਂ ਪੜ੍ਹਾਈ ਵੇਲੇ ਚੁੱਕੇ ਭਾਰੇ ਬਸਤੇ, ਪਿੱਠੂ ਜਾਂ ਭਾਰਾ ਪਰਸ ਟੰਗ ਕੇ ਤੁਰਨ ਨਾਲ ਗਲੇ ਜਾਂ ਮੋਢੇ ਦੀ ਪੀੜ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸੇ ਲਈ ਭਾਰੀ ਪਿੱਠੂ ਜਾਂ ਪਰਸ ਦਾ ਪਾਸਾ ਛੇਤੀ-ਛੇਤੀ ਬਦਲਦੇ ਰਹਿਣਾ ਚਾਹੀਦਾ ਹੈ ਤਾਂ ਜੋ ਪੱਠਿਆਂ ਅਤੇ ਜੋੜਾਂ ਵਿਚ ਖਿੱਚ ਨਾ ਪਵੇ।

**ਭਾਰ ਚੁੱਕਣਾ ਜਾਂ ਧੱਕਣਾ:-** ਜੇ ਭਾਰੀ ਚੀਜ਼ ਧੱਕਣੀ ਹੋਵੇ ਤਾਂ ਹਥ ਨਾਲ ਧੱਕਣ ਦੀ ਥਾਂ ਮੋਢੇ ਨਾਲ ਧੱਕਣੀ ਠੀਕ ਰਹਿੰਦੀ ਹੈ। ਇਸੇ ਹੀ ਤਰ੍ਹਾਂ ਭਾਰਾ ਮੰਜਾ ਪਰਾਂ ਧੱਕਣਾ ਜਾਂ ਉੱਤੇ ਚੁੱਕਣਾ ਹੋਵੇ ਤਾਂ ਗੋਡਿਆਂ ਨੂੰ ਮੋੜ ਕੇ ਲੱਤਾਂ ਦੇ ਪੱਠਿਆਂ ਉੱਤੇ ਭਾਰ ਪਾਉਣਾ ਚਾਹੀਦਾ ਹੈ ਨਾ ਕਿ ਸਿੱਧੇ ਕੀਤੇ ਗੋਡੇ ਉੱਤੇ। ਜੇ ਹੱਥ ਨਾਲ ਭਾਰਾ ਥੈਲਾ ਚੁੱਕਣਾ ਪਵੇ ਤਾਂ ਉਂਗਲਾਂ ਨਾਲੋਂ ਪੂਰੀ ਮੁੱਠੀ ਵਿਚ ਘੁੱਟ ਕੇ ਚੁੱਕਣਾ ਚਾਹੀਦਾ ਹੈ ਤਾਂ ਜੋ ਇਕੱਲੀਆਂ ਉਂਗਲਾਂ ਦੇ ਜੋੜ ਖਿੱਚੇ ਨਾ ਜਾਣ।

**ਸੌਣ ਦਾ ਢੰਗ:-** ਸਿੱਧੇ ਲੇਟਣ ਨਾਲ ਜ਼ਿਆਦਾ ਭਾਰ ਚੁਫ਼ੇਰੇ ਵੰਡਿਆ ਜਾਂਦਾ ਹੈ ਪਰ ਪੁੱਠੇ ਢਿੱਡ ਭਾਰ ਲੇਟਣ ਨਾਲ ਸਿਰ ਇੱਕ ਪਾਸੇ ਰੱਖ ਕੇ ਰੀੜ੍ਹ ਦੀ ਹੱਡੀ ਟੇਢੀ ਕਰ ਕੇ ਹਮੇਸ਼ਾ ਲੇਟਣ ਨਾਲ ਹੌਲੀ-ਹੌਲੀ ਰੀੜ੍ਹ ਦੀ ਹੱਡੀ ਤਕਲੀਫ਼ ਦੇਣ ਲੱਗ ਪੈਂਦੀ ਹੈ। ਇੰਜ ਹੀ ਬਹੁਤ ਉੱਚਾ ਸਿਰਹਾਣਾ ਲੈ ਕੇ ਨਹੀਂ ਲੇਟਣਾ ਚਾਹੀਦਾ।

**ਸਰੀਰ ਨੂੰ ਖਿੱਚ ਪਾਉਣੀ :-**

ਬਾਹਵਾਂ ਅਤੇ ਲੱਤਾਂ ਨੂੰ ਖਿੱਚ ਕੇ ਆਕੜ ਲੈਣੀ ਜਾਂ ਰੈਗੂਲਰ ਪੱਠਿਆਂ ਨੂੰ ਪੂਰੀ ਤਰ੍ਹਾਂ ਖਿੱਚ ਕੇ ਸਿੱਧੇ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਪੱਠਿਆਂ ਅਤੇ ਜੋੜਾਂ ਦੀ ਲਚਕ ਬਰਕਰਾਰ ਰਹੇ।

**ਹੱਡੀਆਂ ਤਗੜੀਆਂ ਕਰਨੀਆਂ:-** 40 ਸਾਲਾਂ ਦੀ ਉਮਰ ਪੂਰੀ ਹੋ ਜਾਣ ਉੱਤੇ ਹੱਡੀਆਂ ਕਮਜ਼ੋਰ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸੇ ਲਈ ਹਲਕਾ ਭਾਰ ਚੁੱਕ ਕੇ ਕਸਰਤ ਕਰਨੀ ਅਤੇ ਰੈਗੂਲਰ ਭੱਜਣਾ ਜਾਂ ਤੇਜ਼ ਤੁਰਨਾ ਜਿੱਥੇ ਪੱਠੇ ਮਜ਼ਬੂਤ ਕਰਦਾ ਹੈ, ਉੱਥੇ ਹੱਡੀਆਂ ਵੀ ਛੇਤੀ ਖੁਰਨ ਨਹੀਂ ਦਿੰਦਾ। ਇੰਜ ਜੋੜ ਵੀ ਲਚਕੀਲੇ ਹੋ ਜਾਂਦੇ ਹਨ।

**ਸਿਗਰਟਨੋਸ਼ੀ:-** ਸਿਗਰਟ ਵਿਚਲੀ ਨਿਕੋਟੀਨ ਹੱਡੀਆਂ ਵੱਲ ਜਾਂਦੇ ਲਹੂ ਨੂੰ ਘਟਾ ਦਿੰਦੀ ਹੈ ਤੇ ਜੋੜਾਂ ਨੂੰ ਸਖ਼ਤ ਕਰ ਦਿੰਦੀ ਹੈ। ਹੱਡੀਆਂ ਵਿਚ ਕੈਲਸ਼ੀਅਮ ਦਾ ਜੰਮਣਾ ਵੀ ਘਟਾ ਦਿੰਦੀ ਹੈ ਅਤੇ ਈਸਟਰੋਜਨ ਹਾਰਮੋਨ ਦੀ ਟੁੱਟ ਫੁੱਟ ਵਧਾ ਦਿੰਦੀ ਹੈ ਜਿਸ ਨਾਲ ਹੱਡੀਆਂ ਬਹੁਤ ਕਮਜ਼ੋਰ ਹੋ ਜਾਂਦੀਆਂ ਹਨ ਤੇ ਛੇਤੀ ਤਿੜਕ ਜਾਂਦੀਆਂ ਹਨ। ਜੋੜ ਵੀ ਚੀਕਣ ਲੱਗ ਪੈਂਦੇ ਹਨ।

**ਉਨੀਂਦਰਾ:-** ਜਿਨ੍ਹਾਂ ਨੂੰ ਆਰਥਰਾਈਟਿਸ ਹੋਵੇ, ਉਨ੍ਹਾਂ ਨੂੰ ਉਨੀਂਦਰੇ ਨਾਲ ਵੱਧ ਪੀੜ ਮਹਿਸੂਸ ਹੁੰਦੀ ਹੈ। ਇਸੇ ਲਈ ਪੂਰੇ 8 ਘੰਟੇ ਦੀ ਨੀਂਦਰ ਜ਼ਰੂਰ ਲੈਣੀ ਚਾਹੀਦੀ ਹੈ।

**ਕਾਊਚ ਪੋਟੈਟੋ:-** ਆਰਾਮ ਕੁਰਸੀ ਉੱਤੇ ਪਸਰ ਕੇ ਲੇਟਣ ਵਾਲੇ ਜ਼ਿਆਦਾਤਰ ਜੋੜਾਂ ਦੀ ਦਰਦ ਸਹੇੜ ਲੈਂਦੇ ਹਨ ਕਿਉਂਕਿ ਵੱਖੋ-ਵੱਖ ਜੋੜ ਹੌਲੀ-ਹੌਲੀ ਟੇਡੇ ਹੋ ਕੇ ਜਾਮ ਹੋਣ ਲੱਗ ਪੈਂਦੇ ਹਨ। ਪਿੱਠ ਦਾ ਵੀ ਨਾਸ ਵੱਜ ਜਾਂਦਾ ਹੈ। ਇਸੇ ਲਈ ਸਿੱਧੇ ਕੁਰਸੀ ਉੱਤੇ ਬੈਠਣ ਵਿਚ ਹੀ ਭਲਾਈ ਹੈ।

**ਪੀੜ ਨੂੰ ਜਰਨਾ:-** ਕਸਰਤ ਦੌਰਾਨ ਹਲਕੀ ਪੀੜ ਨੂੰ ਜ਼ਰੂਰ ਜਰਨਾ ਚਾਹੀਦਾ ਹੈ ਤੇ ਕਸਰਤ ਜਾਰੀ ਰੱਖਣੀ ਚਾਹੀਦੀ ਹੈ। ਤਿੱਖੀ ਪੀੜ ਹੋਣ ਲੱਗ ਪਵੇ ਤਾਂ ਡਾਕਟਰੀ ਚੈੱਕਅਪ ਜ਼ਰੂਰੀ ਹੈ।

**ਟੈਨਿਸ ਐਲਬੋ:-** ਜੇ ਇੱਕੋ ਹੀ ਗੇਮ ਖੇਡੀ ਜਾ ਰਹੀ ਹੋਵੇ ਤਾਂ ਇਕ ਜੋੜ ਉੱਤੇ ਪੂਰਾ ਜ਼ੋਰ ਪੈ ਜਾਂਦਾ ਹੈ ਤੇ ਜੋੜ ਖ਼ਰਾਬ ਹੋ ਸਕਦਾ ਹੈ। ਜਿਵੇਂ ਟੈਨਿਸ ਗੇਮ ਖੇਡਦਿਆਂ ਅਰਕ ਦਾ ਆਕੜ ਜਾਣਾ ਜਾਂ ਪੀੜ ਹੋਣ ਲੱਗ ਪੈਣਾ। ਇਸੇ ਲਈ ਬਾਕੀ ਜੋੜਾਂ ਦੀ ਕਸਰਤ ਜ਼ਰੂਰ ਕਰਦੇ ਰਹਿਣਾ ਚਾਹੀਦਾ ਹੈ। ਵਿਚ-ਵਿਚ ਕਿਸੇ ਦਿਨ ਉਹ ਗੇਮ ਛਡ ਕੇ ਹੋਰ ਕਸਰਤਾਂ ਕਰਨ ਦੀ ਲੋੜ ਹੁੰਦੀ ਹੈ।

**ਸਿਹਤਮੰਦ ਜੋੜਾਂ ਲਈ ਖ਼ੁਰਾਕ ਕੀ ਹੋਵੇ?**

ਬਾਕੀ ਸਫਾ 42 'ਤੇ

ਸਾਡੀ ਖੇਤੀ

# ਸਬਜ਼ੀਆਂ 'ਚ ਖੁਰਾਕੀ ਤੱਤਾਂ ਦੀ ਘਾਟ ਤੇ ਪੂਰਤੀ

**ਡਾ. ਬਲਵੀਰ ਕੌਰ, ਡਾ. ਉਪਿੰਦਰ ਸੂੰਧ ਤੇ ਡਾ. ਸੰਜੀਵ ਕੁਮਾਰ ਕਟਾਰੀਆ***

ਹਰ ਫ਼ਸਲ ਦੇ ਵਾਧੇ ਲਈ ਹਵਾ, ਪਾਣੀ, ਧੁੱਪ ਅਤੇ ਸਹੀ ਤਾਪਮਾਨ ਤੋਂ ਇਲਾਵਾ ਵੱਡੇ ਅਤੇ ਛੋਟੇ ਤੱਤਾਂ ਦੀ ਜ਼ਰੂਰਤ ਹੁੰਦੀ ਹੈ। ਵੱਡੇ ਤੱਤਾਂ ਦੀ ਸ਼੍ਰੇਣੀ ਵਿੱਚ ਆਕਸੀਜਨ, ਕਾਰਬਨ, ਹਾਈਡ੍ਰੋਜਨ, ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਗੰਧਕ ਆਉਂਦੇ ਹਨ ਜਦੋਂਕਿ ਲੋਹਾ, ਜ਼ਿੰਕ, ਮੈਂਗਨੀਜ਼, ਤਾਂਬਾ, ਬੋਰੋਨ, ਮੋਲੀਬਰੇਨਮ ਅਤੇ ਕਲੋਰੀਨ ਤੱਤ ਸੂਖਮ/ਛੋਟੇ ਤੱਤਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਇਹ ਸਾਰੇ ਖ਼ੁਰਾਕੀ ਤੱਤ ਬੂਟੇ ਦੇ ਵਾਧੇ ਅਤੇ ਵਧੀਆ ਝਾੜ ਲਈ ਬਹੁਤ ਹੀ ਮਹੱਤਵਪੂਰਨ ਹਨ। ਫ਼ਸਲ ਵਿੱਚ ਕਿਸੇ ਵੀ ਤੱਤ ਦੀ ਘਾਟ ਆਉਣ ਉਪਰੰਤ ਝਾੜ 'ਤੇ ਮਾੜਾ ਅਸਰ ਪੈਂਦਾ ਹੈ ਜਿਸ ਨਾਲ ਕਾਸ਼ਤਕਾਰਾਂ ਨੂੰ ਆਰਥਿਕ ਘਾਟਾ ਪੈਂਦਾ ਹੈ। ਇਹ ਤੱਤਾਂ ਦੀ ਘਾਟ ਨਾਲ ਬੂਟਿਆਂ ਉੱਤੇ ਕੁਝ ਖ਼ਾਸ ਕਿਸਮ ਦੀਆਂ ਨਿਸ਼ਾਨੀਆਂ ਆਉਂਦੀਆਂ ਹਨ, ਜਿਨ੍ਹਾਂ ਦੀ ਸਹੀ ਪਛਾਣ ਕਰ ਕੇ ਘਾਟ ਵਾਲੇ ਤੱਤਾਂ ਦਾ ਪਤਾ ਲਗਾਇਆ ਜਾ ਸਕਦਾ ਹੈ ਅਤੇ ਸਹੀ ਸਮੇਂ 'ਤੇ ਉਸ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਕਿਸਾਨਾਂ ਨੂੰ ਇਨ੍ਹਾਂ ਘਾਟ ਦੀਆਂ ਨਿਸ਼ਾਨੀਆਂ ਅਤੇ ਰੋਕਥਾਮ ਬਾਰੇ ਜਾਣੂ ਹੋਣਾ ਬਹੁਤ ਜ਼ਰੂਰੀ ਹੈ।

**ਨਾਈਟ੍ਰੋਜਨ:** ਇਸ ਦੀ ਘਾਟ ਉਨ੍ਹਾਂ ਜ਼ਮੀਨਾਂ ਵਿਚ ਲਗਾਈ 'ਤੇ ਆਉਂਦੀ ਹੈ, ਜਿਨ੍ਹਾਂ ਵਿਚ ਨਾਈਟ੍ਰੋਜਨ ਵਾਲੀ ਰਸਾਇਣਿਕ ਖਾਦਾਂ ਜਾਂ ਗਲਿਆ-ਸੜਿਆ ਮੱਲ੍ਹੜ ਜਾਂ ਦੇਸੀ ਰੂੜੀ ਨਾ ਪਾਈ ਹੋਵੇ। ਇਸ ਤੱਤ ਦੀ ਘਾਟ ਦੀਆਂ ਨਿਸ਼ਾਨੀਆਂ ਸਭ ਤੋਂ ਪਹਿਲਾਂ ਪੁਰਾਣੇ ਪੱਤਿਆਂ ਉੱਪਰ ਦਿਖਾਈ ਦਿੰਦੀਆਂ ਹਨ। ਸਭ ਤੋਂ ਪਹਿਲਾਂ ਪੱਤਾ ਨੋਕ ਤੋਂ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ ਅਤੇ ਬਾਅਦ ਵਿੱਚ ਪਿਲੱਤਣ ਪੱਤੇ ਦੀ ਮੁੱਖ ਨਾੜੀ ਦੇ ਨਾਲ-ਨਾਲ ਵਧਦੀ ਹੋਈ ਪੱਤੇ ਦੇ ਮੁੱਢ ਤੱਕ ਪਹੁੰਚ ਜਾਂਦੀ ਹੈ। ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਬੂਟੇ ਨੂੰ ਸ਼ਾਖਾਵਾਂ ਅਤੇ ਫਲ-ਫੁੱਲ ਘੱਟ ਲੱਗਦੇ ਹਨ। ਪੌਦਿਆਂ ਦਾ ਕੂਲਾਪਣ ਘਟ ਜਾਂਦਾ ਹੈ।

**ਰੋਕਥਾਮ:** ਫ਼ਸਲ ਦੀ ਸ਼ਿਫ਼ਾਰਸ਼ ਕੀਤੀ ਰੂੜੀ ਅਤੇ ਨਾਈਟ੍ਰੋਜਨ ਦੀ ਖਾਦ ਸਹੀ ਮਾਤਰਾ ਵਿੱਚ ਸਹੀ ਸਮੇਂ 'ਤੇ ਵਰਤੋਂ ਕਰੋ।

**ਫਾਸਫੋਰਸ:** ਇਸ ਦੀ ਘਾਟ ਰੇਤਲੀਆਂ ਅਤੇ ਜੈਵਿਕ ਮਾਦੇ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ ਆਉਂਦੀ ਹੈ। ਜਿਨ੍ਹਾਂ ਜ਼ਮੀਨਾਂ ਵਿੱਚ ਲੋਹੇ ਅਤੇ ਐਲੂਮੀਨੀਅਮ ਦੇ ਆਕਸਾਈਡ ਅਤੇ ਕੈਲਸ਼ੀਅਮ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਉੱਥੇ ਫਾਸਫੋਰਸ ਦੀ ਪ੍ਰਾਪਤੀ ਤੋਂ ਮਾੜਾ ਅਸਰ ਪੈਂਦਾ ਹੈ। ਜਿਸ ਬੂਟੇ ਦੀ ਫਾਸਫੋਰਸ ਦੀ ਘਾਟ ਆ ਜਾਂਦੀ ਹੈ, ਇਸ ਤੱਤ ਦੀ ਘਾਟ ਨਾਲ ਬੂਟੇ ਦੇ ਪੁਰਾਣੇ ਪੱਤੇ ਗੂੜ੍ਹੇ ਹਰੇ ਹੋ ਕੇ ਬਾਅਦ ਵਿੱਚ ਨੁੱਕਰਾਂ ਤੋਂ ਜਾਮਣੀ ਰੰਗ ਦੇ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸ ਨਾਲ ਹੌਲੀ ਹੌਲੀ ਸਾਰੇ ਪੱਤੇ ਵਿੱਚ ਮੁੱਢ ਤੱਕ ਜਾਮਣੀਪਨ ਆ ਜਾਂਦਾ ਹੈ। ਜ਼ਿਆਦਾ ਘਾਟ ਹੋਣ ਦੀਆਂ ਹਾਲਤਾਂ ਵਿੱਚ ਪੂਰਾ ਬੂਟਾ ਹੀ ਜਾਮਣੀ ਹੋ ਜਾਂਦਾ ਹੈ ਅਤੇ ਬੂਟੇ ਦਾ ਵਾਧਾ ਰੁਕ ਜਾਂਦਾ ਹੈ। ਪੱਤਿਆਂ ਦੇ ਨਾਲ-ਨਾਲ ਫੁੱਲ ਵੀ ਜਾਮਣੀ ਹੋ ਜਾਂਦੇ ਹਨ, ਜੋ ਕਿ ਮੰਡੀਕਰਨ ਯੋਗ ਨਹੀਂ ਹੁੰਦੇ।

**ਰੋਕਥਾਮ:** ਫ਼ਸਲ ਮੁਤਾਬਕ ਸ਼ਿਫਾਰਸ਼ ਕੀਤੀ ਹੋਈ ਫਾਸਫੋਰਸ ਖਾਦ ਦੀ ਮਾਤਰਾ ਜ਼ਮੀਨ ਵਿੱਚ ਬਿਜਾਈ ਸਮੇਂ ਪਾਉ। ਫਾਸਫੋਰਸ ਖਾਦਾਂ ਦੀ ਘੁਲਣਸ਼ੀਲਤਾ ਘੱਟ ਹੋਣ ਕਰ ਕੇ ਇਨ੍ਹਾਂ ਦੀ ਵਰਤੋਂ ਬੀਜ/ ਬੂਟੇ ਦੀਆਂ ਜੜ੍ਹਾਂ ਦੇ ਨੇੜੇ ਕਰੋ।

**ਪੋਟਾਸ਼ੀਅਮ:** ਰੇਤਲੀਆਂ ਅਤੇ ਘੱਟ ਜੈਵਿਕ ਮਾਦੇ ਵਾਲੀਆਂ ਜ਼ਮੀਨਾਂ ਵਿਚ ਇਸ ਤੱਤ ਦੀ ਘਾਟ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਪੋਟਾਸ਼ੀਅਮ ਵਾਲੀ ਖਾਦਾਂ ਨਾ ਪਾਉਣ ਵਾਲੀਆਂ ਜ਼ਮੀਨਾਂ ਵਿੱਚ ਇਸ ਦੀ ਘਾਟ ਅਕਸਰ ਆਉਂਦੀ ਹੈ। ਇਸ ਤੱਤ ਦੀ ਘਾਟ ਨਾਲ ਪੁਰਾਣੇ ਪੱਤਿਆਂ ਦੇ ਕੰਢੇ ਅਤੇ ਨੁੱਕਰਾਂ ਪੀਲੀਆ ਹੋ ਜਾਂਦੀਆਂ ਹਨ। ਇਹ ਪੀਲਾਪਣ ਪੱਤੇ ਦੇ ਮੁੱਢ ਵੱਲ ਵਧਦਾ ਹੈ। ਜਿਵੇਂ ਜਿਵੇਂ ਪੀਲਾਪਣ ਵਧਦਾ ਹੈ, ਪੱਤੇ ਦਾ ਪਹਿਲਾਂ ਪੀਲਾ ਪਿਆ ਹਿੱਸਾ ਭੂਰਾ ਹੋ ਜਾਂਦਾ ਹੈ ਜੋ ਕਿ ਪੱਤੇ ਤੇ ਸਾੜ੍ਹ ਦੀ ਤਰ੍ਹਾਂ ਲਗਦਾ ਹੈ। ਜ਼ਿਆਦਾ ਘਾਟ ਦੀਆਂ ਹਾਲਤਾਂ ਵਿੱਚ ਪੁਰਾਣੇ ਅਤੇ ਪੱਤੇ ਭੂਰੇ ਹੋ ਜਾਂਦੇ ਹਨ। ਪੱਤਿਆਂ ਦੀ ਕੰਢੇ ਹੇਠਾਂ ਦਾ ਉਪਰ ਵੱਲ ਨੂੰ ਮੁੜ ਜਾਂਦੇ ਹਨ।

**ਰੋਕਥਾਮ:** ਫ਼ਸਲ ਮੁਤਾਬਕ ਬਿਜਾਈ ਸਮੇਂ ਪੋਟਾਸ਼ੀਅਮ ਵਾਲੀ ਖਾਦ ਦੀ ਸਿਫ਼ਾਰਸ਼ ਮਾਤਰਾ ਪਾਉ।

**ਗੰਧਕ:** ਗੰਧਕ ਦੀ ਘਾਟ ਰੇਤਲੀਆਂ, ਘੱਟ ਜੈਵਿਕ ਮਾਦੇ ਵਾਲੀਆਂ ਅਤੇ ਨਹਿਰੀ ਪਾਣੀ ਦੀ ਸਿੰਜਾਈ ਵਾਲੀਆਂ ਜ਼ਮੀਨਾਂ ਵਿੱਚ ਵਧੇਰੇ ਆਉਂਦੀ ਹੈ। ਇਸ ਤੱਤ ਦੀ ਘਾਟ ਸਭ ਤੋਂ ਪਹਿਲਾਂ ਨਵੇਂ ਪੱਤਿਆਂ 'ਤੇ ਆਉਂਦੀ ਹੈ, ਜੋ ਕਿ ਹਲਕੇ ਹਰੇ ਤੋਂ ਪੀਲੇ ਹੋ ਜਾਂਦੇ ਹਨ ਜਦੋਂਕਿ ਪੱਤਿਆਂ ਦੀਆਂ ਹਰੀਆਂ ਹੀ ਰਹਿੰਦੀਆਂ ਹਨ। ਬੂਟੇ ਦੀ ਘਾਟ ਵਧਣ ਦੀ ਹਾਲਤ ਵਿੱਚ ਪੂਰਾ ਪੱਤਾ ਹੀ ਪੀਲਾ ਪੈ ਜਾਂਦਾ ਹੈ। ਕਈ ਵਾਰ ਪੱਤੇ ਦੀ ਮੁੱਢ ਨਾੜ ਉਭਰੀ ਹੋਈ ਨਜ਼ਰ ਆਉਂਦੀ ਹੈ। ਬੂਟੇ ਕਮਜ਼ੋਰ ਹੋ ਜਾਂਦੇ ਹਨ ਅਤੇ ਇਨ੍ਹਾਂ ਦਾ ਪੂਰਾ ਵਾਧਾ ਨਹੀਂ ਹੁੰਦਾ, ਜਿਸ ਨਾਲ ਝਾੜ 'ਤੇ ਮਾੜਾ ਅਸਰ ਪੈਂਦਾ ਹੈ।

**ਰੋਕਥਾਮ:** ਘਾਟ ਵਾਲੀਆਂ ਜ਼ਮੀਨਾਂ ਵਿੱਚ ਸਿੰਗਲ ਸੁਪਰ ਫਾਸਫੋਰਸ ਦੀ ਵਰਤੋਂ ਨੂੰ ਤਰਜੀਹ ਦਿਉ। ਬਿਜਾਈ ਵੇਲੇ 50-100 ਕਿਲੋ ਜਿਪਸਮ ਪ੍ਰਤੀ ਏਕੜ ਦੀ ਵਰਤੋਂ ਕਰੋਂ ਤਾਂ ਜੋ ਇਸ ਘਾਟ ਤੋਂ ਬਚਿਆ ਜਾ ਸਕੇ।

**ਮੈਂਗਨੀਜ:** ਰੇਤਲੀਆਂ ਅਤੇ ਕੱਲਰ ਵਾਲੀਆਂ ਜ਼ਮੀਨਾਂ ਵਿੱਚ ਇਸ ਦੀ ਘਾਟ ਆਉਂਦੀ ਹੈ। ਇਸ ਦੀ ਘਾਟ ਨਾਲ ਨਵੇਂ ਪੱਤਿਆਂ ਉਪਰ ਨਾੜੀਆਂ ਵਿਚਕਾਰਲਾ ਹਿੱਸਾ ਪੀਲਾ ਪੈ ਜਾਂਦਾ ਹੈ ਜਦੋਂਕਿ ਨਾੜੀਆਂ ਹਰੀਆਂ ਹੀ ਰਹਿੰਦੀਆਂ ਹਨ। ਬਾਅਦ ਵਿੱਚ ਪੀਲੇ ਹਿੱਸੇ ਵਿੱਚ ਭੂਰੇ ਲਾਲ ਜਾਂ ਭੂਰੇ ਕਾਲੇ ਜਾਂ ਸਲੇਟੀ ਗੁਲਾਬੀ ਰੰਗ ਦੀ ਧੱਬੇ ਪੈ ਜਾਂਦੇ ਹਨ। ਜ਼ਿਆਦਾ ਘਾਟ ਵਿੱਚ ਧੱਬਿਆਂ ਵਾਲਾ ਹਿੱਸਾ ਮਰ ਜਾਂਦਾ ਹੈ।

**ਰੋਕਥਾਮ:** ਇਸ ਤੱਤ ਦੀ ਘਾਟ ਦੀ ਰੋਕਥਾਮ ਲਈ 0.2-0.5 ਫ਼ੀਸਦੀ ਮੈਂਗਨੀਜ ਸਲਫੇਟ (200-500 ਗ੍ਰਾਮ/100 ਲਿਟਰ ਪਾਣੀ) ਦੇ ਘੋਲ ਦਾ ਛਿੜਕਾਅ ਕਰੋ। ਹਫ਼ਤੇ ਹਫ਼ਤੇ ਬਾਅਦ 2 ਤੋਂ 4 ਛਿੜਕਾਅ ਘਾਟ ਅਨੁਸਾਰ ਕਰੋ।

**ਲੋਹਾ:** ਰੇਤਲੀਆਂ, ਕੱਲਰ ਅਤੇ ਸੇਮ ਵਾਲੀਆਂ ਜ਼ਮੀਨਾਂ ਵਿੱਚ ਇਸ ਤੱਤ ਦੀ ਘਾਟ ਆਉਂਦੀ ਹੈ। ਤਾਂਬਾਂ, ਜ਼ਿੰਕ ਅਤੇ ਫਾਸਫੋਰਸ ਤੱਤਾਂ ਦੀ ਜ਼ਿਆਦਾ ਮਾਤਰਾ ਨਾਲ ਵੀ ਇਸ ਤੱਤ ਦੀ ਘਾਟ ਹੋ ਜਾਂਦੀ ਹੈ। ਇਸ ਤੱਤ ਦੀ ਘਾਟ ਨਾਲ ਨਵੇਂ ਪੱਤਿਆਂ ਦੀਆਂ ਨਾੜੀਆਂ ਵਿਚਕਾਰਲਾ ਹਿੱਸਾ ਪੀਲਾ ਪੈ ਜਾਂਦਾ ਹੈ ਜਦੋਂਕਿ ਪੁਰਾਣੇ ਪੱਤੇ ਹਰੇ ਹੀ ਰਹਿੰਦੇ ਹਨ। ਇਸ ਤੱਤ ਦੀ ਘਾਟ ਵਧਣ ਨਾਲ ਨਵੇਂ ਪੱਤਿਆਂ ਦੀਆਂ ਨਾੜੀਆਂ ਵੀ ਪੀਲੀਆਂ ਪੈ ਜਾਂਦੀਆਂ ਹਨ। ਜੇ ਘਾਟ ਬਹੁਤ ਜ਼ਿਆਦਾ ਹੋ ਜਾਵੇ ਤੇ ਨਵੇਂ ਨਿੱਕਲੇ ਪੱਤਿਆਂ ਵਿਚ ਹਰਾਪਣ ਬਿਲਕੁਲ ਖ਼ਤਮ ਹੋ ਜਾਂਦਾ ਹੈ ਅਤੇ ਚਿੱਟੇ ਪੱਤੇ ਨਿਕਲ ਲੱਗ ਪੈਂਦੇ ਹਨ।

**ਰੋਕਥਾਮ:** ਇਸ ਦੀ ਘਾਟ ਪੂਰਤੀ ਲਈ 0.2-0.5 ਫ਼ੀਸਦੀ ਫੈਰਸ ਸਲਫੇਟ (200-500 ਗ੍ਰਾਮ/ 100 ਲਿਟਰ ਪਾਣੀ ਵਿੱਚ) ਦੇ ਘੋਲ ਦਾ ਛਿੜਕਾਅ ਕਰੋ। ਇਸ ਘੋਲ ਦੇ 2-3 ਛਿੜਕਾਅ ਹਫ਼ਤੇ-ਹਫ਼ਤੇ ਦੇ ਵਕਫੇ ਅਤੇ ਘਾਟ ਅਨੁਸਾਰ ਕਰੋ।

ਕਿਸਾਨਾਂ ਨੂੰ ਮਿੱਟੀ ਦੀ ਪਰਖ ਜ਼ਰੂਰ ਕਰਵਾਉਣੀ ਚਾਹੀਦੀ ਹੈ, ਤਾਂ ਜੋ ਮਿੱਟੀ ਦੇ ਸਿਹਤ ਬਾਰੇ ਅਤੇ ਇਸ ਵਿਚ ਘਾਟ ਆਉਣ ਵਾਲੇ ਤੱਤਾਂ ਦਾ ਪਤਾ ਲਗਾ ਕੇ ਉਨ੍ਹਾਂ ਦੀ ਸਹੀ ਸਮੇਂ 'ਤੇ ਪੂਰਤੀ ਕਰ ਕੇ ਫ਼ਸਲ ਨੂੰ ਤੱਤਾਂ ਦੀ ਘਾਟ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕੇ।

-0-

# ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 356:** ਦਿੱਲੀ ਵਾਸੀ, ਜਨਮ ਮਿਤੀ 02-03-1992, ਕੱਦ 5'-6", 10+2, Own Restaurant & One Shop Rented in Janakpuri ਲਈ ਯੋਗ ਲੜਕੀ ਦੀ ਲੋੜ ਹੈ- ਸੰਪਰਕ 99147-92225, 98114-49930

**ਫਾਰਮ ਨੰ. 358:** ਲੰਡਨ ਵਾਸੀ, ਗੁਰਸਿੱਖ, ਜਨਮ 1989, ਕੱਦ 6'-1", M.Sc. (Computer) working as a Network Eng. ਲਈ ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ 0044-7904050832

**ਫਾਰਮ ਨੰ. 360:** ਲੁਧਿਆਣਾ ਵਾਸੀ, ਜਨਮ 17-10-1994, ਕੱਦ 5'-11", B. Tech. (ਬਿਜਲੀ ਬੋਰਡ ਵਿਚ JE) ਲਈ ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 85688-22417, 84377-04610

**ਫਾਰਮ ਨੰ. 363:** ਲੁਧਿਆਣਾ ਵਾਸੀ, ਜਨਮ 28-09-1991, ਕੱਦ 5'-7", +2, One year diploma in Manifold, Manifold Operator in Mediway Hospital ਲਈ ਦਾਜ ਰਹਿਤ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98882-91607

**ਫਾਰਮ ਨੰ. 365:** ਲੁਧਿਆਣਾ ਵਾਸੀ, ਜਨਮ 22-01-1991, ਕੱਦ 5'-8", B.A. ਆਪਣਾ ਕਾਰੋਬਾਰ ਲਈ ਘਰੇਲੂ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 92171-13272, 99883-34032

**ਫਾਰਮ ਨੰ. 366:** ਲੁਧਿਆਣਾ ਵਾਸੀ, ਜਨਮ 1991, ਕੱਦ, 5'-9", B.Tech (Mechanical Engg.) ਆਪਣਾ ਕਾਰੋਬਾਰ (ਹਾਰਡਵੇਅਰ) ਲਈ ਪੜ੍ਹੀ-ਲਿਖੀ, ਗੁਰਸਿੱਖ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 94173-86867

**ਫਾਰਮ ਨੰ. 367:** ਲੁਧਿਆਣਾ ਵਾਸੀ, ਜਨਮ ਮਿਤੀ 10-08-1984, ਕੱਦ, 5'-8", 10+2 (Non Medical), Marketing Job in Jivo Canola Oil, ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98723-30471, 83608-14845

**ਫਾਰਮ ਨੰ. 368:** ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163

**ਫਾਰਮ ਨੰ. 369:** ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370:** ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 382:** ਲੁਧਿਆਣਾ ਵਾਸੀ, ਜਨਮ ਮਿਤੀ 1-10-1994, ਕੱਦ 6'-1", M.Tech IIT Kanpur, Service in MNC at Banglore, Earning Twenty Seven Lakh PA, ਲਈ Well Qualified, Tall, Slim, Working Girl ਦੀ ਲੋੜ ਹੈ। ਸੰਪਰਕ: 99142-47653

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659 -0-

## ਲਾੜੇ ਦੀ ਲੋੜ

**ਫਾਰਮ ਨੰ. 344:** ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 374:** ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

# ਜਨਵਰੀ ਮਹੀਨੇ ਦੀਆਂ ਸਰਗਰਮੀਆਂ

**ਮਾਝਾ**

**1. ਮਾਲੂਵਾਲ (98885-20250)**- ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 7 ਪਿੰਡਾਂ ਵਿੱਚ ਅਤੇ 2 ਸਕੂਲਾਂ ਵਿਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਹਫਤੇ ਵਿਚ 2 ਦਿਨ ਪਿੰਡ ਸੁਰ ਸਿੰਘ ਵਿਖੇ ਬੱਚਿਆਂ ਦੀ ਕੀਰਤਨ ਕਲਾਸ ਲਗਾਈ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵੱਖ-ਵੱਖ ਥਾਵਾਂ 'ਤੇ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਗਈ।

**ਮਾਲਵਾ:-**

**2. ਕੁੱਬਾ (98151-07941)**- ਕੇਂਦਰ ਦੇ ਪ੍ਰਚਾਰਕ ਭਾਈ ਸਤਨਾਮ ਸਿੰਘ ਵਲੋਂ 5 ਪਿੰਡਾਂ ਵਿਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਅਤੇ ਸੰਗਤ ਨੂੰ ਗੁਰਬਾਣੀ ਸੰਥਿਆ ਅਤੇ ਸਿੱਖ ਇਤਿਹਾਸ ਨਾਲ ਜੋੜਿਆ ਜਾਂਦਾ ਹੈ। ਗੁਰਦੁਆਰਾ ਸਾਹਿਬ ਵਿਖੇ ਸਵੇਰੇ ਕਥਾ ਅਤੇ ਸ਼ਾਮ ਨੂੰ ਨਿਤਨੇਮ ਦੀ ਸੇਵਾ ਕੀਤੀ ਜਾਂਦੀ ਹੈ। 5 ਜਨਵਰੀ ਨੂੰ ਕੇਂਦਰ ਦੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਤੇ ਕਥਾ-ਵੀਚਾਰ ਕੀਤੀ ਗਈ। 14 ਜਨਵਰੀ ਨੂੰ ਮਾਘੀ ਦਿਹਾੜੇ ਤੇ ਗੁਰਦੁਆਰਾ ਭਾਈ ਤਿਲਕਾ ਜੀ (ਗੜ੍ਹਸ਼ੰਕਰ) ਵਿਖੇ ਭਾਈ ਦਵਿੰਦਰ ਸਿੰਘ ਕੈਰੋਂ ਦੇ ਸਹਿਯੋਗ ਨਾਲ ਅੰਮ੍ਰਿਤ ਸੰਚਾਰ ਸਮਾਗਮ ਕਰਵਾਏ ਗਏ ਅਤੇ 30-35 ਪ੍ਰਾਣੀਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ। 16 ਜਨਵਰੀ ਨੂੰ ਡੀ.ਏ.ਵੀ. ਕਾਲਜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਤੇ ਸੈਮੀਨਾਰ ਕੀਤੇ ਗਏ। ਬਾਬਾ ਬੰਦਾ ਸਿੰਘ ਬਹਾਦਰ, ਚਾਰ ਸਾਹਿਬਜ਼ਾਦੇ ਫਿਲਮ ਦਿਖਾਈ ਗਈ ਅਤੇ ਵਿਦਿਆਰਥੀਆਂ ਨਾਲ ਗੁਰ ਇਤਿਹਾਸ ਦੀ ਸਾਂਝ ਪਾਈ ਗਈ। 17 ਜਨਵਰੀ ਨੂੰ ਇਤਿਹਾਸਕ ਸਥਾਨ ਸ਼ਹੀਦ ਬਾਬਾ ਬਚਿੱਤਰ ਸਿੰਘ (ਰੋਪੜ) ਵਿਖੇ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ। 23 ਜਨਵਰੀ ਨੂੰ ਡੀ.ਏ.ਵੀ. ਕਾਲਜ ਵਿਖੇ ਵਿਸ਼ੇਸ਼ ਸਮਾਗਮ ਵਿਚ ਹਾਜ਼ਰੀ ਭਰ ਕੇ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਬਾਰੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ: ਜੈ ਕਿਸ਼ਨ ਸਿੰਘ, ਪ੍ਰਿੰ: ਡਾ: ਕਮਲ ਇੰਦਰ ਕੌਰ ਵਲੋਂ ਭਾਈ ਸਤਨਾਮ ਸਿੰਘ ਜੀ ਨੂੰ ਪ੍ਰਚਾਰ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। 9 ਵਿਦਿਆਰਥੀ ਐਲੀਮੈਂਟਰੀ ਕੋਰਸ ਕਰ ਰਹੇ ਹਨ ਅਤੇ 6 ਬੱਚੇ ਸਹਿਜ ਪਾਠ ਕਰ ਰਹੇ ਹਨ।

**3. ਰਤਨਗੜ੍ਹ ਸਿੰਧੜਾ (84370-63450)**- ਕੇਂਦਰ ਦੇ ਪ੍ਰਚਾਰਕ ਭਾਈ ਸੁਖਚੈਨ ਸਿੰਘ ਵੱਲੋਂ 4 ਪਿੰਡਾਂ ਵਿਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਐਤਵਾਰ ਤੋਂ ਲੈ ਕੇ ਸ਼ੁੱਕਰਵਾਰ ਤੱਕ ਪਿੰਡ ਮੁਨਸ਼ੀਵਾਲਾ ਅਤੇ ਖਨਾਲ ਕਲਾਂ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ, ਜਿਸ ਵਿਚ ਬੱਚਿਆਂ ਨੂੰ ਇਤਿਹਾਸ, ਰਹਿਤ ਮਰਿਯਾਦਾ ਅਤੇ ਗੁਰਬਾਣੀ ਸੰਥਿਆ ਸਿਖਾਈ ਜਾਂਦੀ ਹੈ। ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**4. ਘਨੌਲੀ (86998-99996)**- ਪ੍ਰਚਾਰਕ ਭਾਈ ਅਜੀਤ ਸਿੰਘ ਵਲੋਂ 20 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। 12 ਪਿੰਡਾਂ ਵਿਚ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਆਰੰਭ ਕੀਤੀਆਂ ਗਈਆਂ ਹਨ।

**5. ਲਤਾਲਾ (98556-27927)**- ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 4 ਪਿੰਡਾਂ ਵਿਚ ਅਤੇ 5 ਸਕੂਲਾਂ ਵਿਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਲਤਾਲਾ ਦੇ ਮਿਡਲ ਸਕੂਲ ਰਾਜਗੜ੍ਹ, ਮਿਡਲ ਸਕੂਲ ਭੈਣੀ ਰੋੜਾ, ਮਿਡਲ ਸਕੂਲ ਲਤਾਲਾ, ਹਾਈ ਸਕੂਲ ਰੰਗੂਵਾਲ ਆਦਿ ਪਿੰਡਾਂ, ਸਕੂਲਾਂ ਦੇ ਵਜੀਫਾ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਨਾਲ ਵੀਰ ਅਮਰਪ੍ਰੀਤ ਸਿੰਘ ਗੁੱਜਰਵਾਲ ਨੇ ਗੱਲਬਾਤ ਕੀਤੀ ਅਤੇ ਪ੍ਰਬੰਧਕਾਂ ਨਾਲ ਵਿਚਾਰ ਕੀਤੀ ਗਈ।

**6. ਬੁਗਰਾ (70097-82466)**- ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਵਲੋਂ 5 ਜਨਵਰੀ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰਖਦਿਆਂ ਗੁਰਮਤਿ ਵਿਚਾਰ ਸਾਂਝੇ ਕੀਤੇ ਗਏ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੰਮ੍ਰਿਤ ਵੇਲੇ ਪ੍ਰਭਾਤ ਫੇਰੀਆਂ ਦੇ ਸਮਾਗਮ ਉਲੀਕੇ ਗਏ। 31 ਜਨਵਰੀ ਨੂੰ ਗੁਰੂ ਹਰਿ ਰਾਇ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਸੰਗਤ ਨਾਲ ਸਾਂਝ ਪਾਈ ਗਈ। 26 ਤਰੀਕ ਨੂੰ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਇਤਿਹਾਸ ਦੀ ਸਾਂਝ ਪਾਈ ਗਈ। ਕੇਂਦਰ ਵਿਖੇ ਹਰ ਰੋਜ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਬੁੱਧਵਾਰ ਅਤੇ ਐਤਵਾਰ ਕੀਰਤਨ ਦੀ ਕਲਾਸ ਅਤੇ ਕੰਪਿਊਟਰ ਦੀ ਕਲਾਸ ਵੀ ਲਗਾਈ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤਾ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**7. ਗੁੱਜਰਵਾਲ (94655-66666)**- ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਵੱਖ-ਵੱਖ ਸਕੂਲਾਂ-ਕਾਲਜਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿਚ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਿਆ ਜਾਂਦਾ ਹੈ। ਪਿੰਡ ਵਿਚ ਧਾਰਮਿਕ ਫਿਲਮ ਦਿਖਾਈ ਗਈ ਅਤੇ ਸੰਗਤ ਨਾਲ ਵੀਚਾਰਾਂ ਦੀ ਸਾਂਝ ਪਾਈ ਗਈ। 25 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 5 ਬੱਚਿਆਂ ਨੇ ਸਹਿਜ ਪਾਠ ਦੀ ਆਰੰਭਤਾ ਕੀਤੀ ਹੈ।

**8. ਬੀਲਾ (98720-92062)**- ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਹਰ ਰੋਜ਼ ਗੁਰਦੁਆਰਾ ਪਾਤਸ਼ਾਹੀ ਦੱਸਵੀਂ ਬੀਲਾ (ਲੁਧਿਆਣਾ) ਵਿਖੇ ਹਰ ਰੋਜ਼ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ। ਸਵੇਰੇ ਕਥਾ ਕੀਤੀ ਜਾਂਦੀ ਹੈ। 2 ਬੱਚੇ ਸਹਿਜ ਪਾਠ ਕਰ ਰਹੇ ਹਨ।

**9. ਗਰੇਸ ਪਬਲਿਕ ਸਕੂਲ (75898-68048)** - ਪ੍ਰਚਾਰਕ ਬੀਬੀ ਹਰਵੀਰ ਕੌਰ ਵਲੋਂ ਸਵੇਰ ਦੀ ਸਭਾ ਵਿਚ ਬੱਚਿਆਂ ਨੂੰ ਜਪੁਜੀ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਹੈ। ਬੱਚਿਆਂ ਨੂੰ ਸਕੂਲ ਵਿਚ ਨੈਤਿਕ ਕਦਰਾਂ ਕੀਮਤਾਂ ਸਿਖਾਈਆਂ ਜਾਂਦੀਆਂ ਹਨ। ਬੱਚੇ ਸਕੂਲ ਵਿਚ ਸਹਿਜ ਪਾਠ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਏ ਸਮਾਗਮ ਵਿਚ ਬੱਚਿਆਂ ਨੇ ਕੀਰਤਨ, ਕਵਿਤਾ ਅਤੇ ਕਵੀਸ਼ਰੀ ਪੇਸ਼ ਕੀਤੇ।

**10. ਚੁੱਪ ਕੀਤੀ (98777-94586)**- ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 4 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤ ਨਾਲ ਕਥਾ-ਵੀਚਾਰਾਂ ਦੀ ਸਾਂਝ ਪਾਈ ਗਈ।

**ਦੁਆਬਾ**

**11. ਨਵਾਂ ਸ਼ਹਿਰ (87290-86035)**- ਪ੍ਰਚਾਰਕ ਭਾਈ ਸਿਮਰਨਪ੍ਰੀਤ ਸਿੰਘ ਵਲੋਂ ਹਰ ਰੋਜ ਬੱਚਿਆਂ ਦੀ ਫ੍ਰੀ ਟਿਊਸ਼ਨ ਕਲਾਸ ਅਤੇ ਫ੍ਰੀ ਕੰਪਿਊਟਰ ਕੋਰਸ ਕਲਾਸ ਲਗਾਈ ਜਾਂਦੀ ਹੈ। ਹਰ ਸੋਮਵਾਰ ਜੈ ਭਾਰਤ ਸਕੂਲ ਅਤੇ ਹਰ ਬੁੱਧਵਾਰ ਬਾਬਾ ਵਜੀਰ ਸਿੰਘ ਪਬਲਿਕ ਸਕੂਲ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**12. ਚੱਕ ਕਲਾਂ (75088-51496)**- ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਇੱਕ ਅਕੈਡਮੀ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਕੇਂਦਰ ਵਿਖੇ ਹਰ ਰੋਜ਼ ਗੁਰਬਾਣੀ ਕੀਰਤਨ ਅਤੇ ਗਤਕੇ ਦੀਆਂ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ ਤੇ 7 ਜਨਵਰੀ ਨੂੰ ਗੁਰਮਤਿ ਕਲਾਸਾਂ ਵਿਚ ਹਾਜਰੀ ਭਰਨ

ਵਾਲੇ ਬੱਚਿਆਂ ਨੂੰ ਬੈਗ ਦੇ ਕੇ ਸਨਮਾਨਿਤ ਕੀਤਾ ਗਿਆ। ਪਿੰਡ ਹੇਰਾਂ ਵਿਖੇ 5 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਏ ਗੁਰਮਤਿ ਸਮਾਗਮ ਵਿਚ ਬੱਚਿਆਂ ਵਲੋਂ ਕਵਿਤਾ, ਕਵੀਸ਼ਰੀ, ਕੀਰਤਨ ਤੇ ਸ਼ਬਦ ਵੀਚਾਰ ਦੀ ਸਾਂਝ ਪਾਈ ਗਈ। ਪਿੰਡ ਚੱਕ ਖੁਰਦ ਵਿਖੇ 40 ਮੁਕਤਿਆਂ ਦੀ ਸ਼ਹੀਦੀ ਨੂੰ ਸਮਰਪਿਤ ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਦਿਤੀ ਗਈ। 12 ਜਨਵਰੀ ਨੂੰ ਬੱਚਿਆਂ ਦਾ ਦਸਤਾਰ ਮੁਕਾਬਲਾ ਕਰਵਾਇਆ ਗਿਆ। 14 ਜਨਵਰੀ ਨੂੰ ਅਵਲ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। 70 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ ਇਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**13. ਚੱਕ ਸਿੰਘਾ (98553-99892)–** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਨਿਤਨੇਮ ਅਤੇ ਕਥਾ-ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਰੋਜ਼ ਸ਼ਾਮ ਨੂੰ ਬੱਚਿਆਂ ਦੀ ਗੁਰਬਾਣੀ ਸੰਥਿਆ ਕਲਾਸ ਅਤੇ ਫ੍ਰੀ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਚ ਹਫਤਾਵਾਰੀ ਸਮਾਗਮ ਕੀਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵੱਖ-ਵੱਖ ਪਿੰਡਾਂ ਵਿਚ ਕਥਾ-ਵੀਚਾਰਾਂ ਕੀਤੀਆਂ ਗਈਆਂ। 10 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**14. ਭੋਗਪੁਰ (99148-38148)–** ਪ੍ਰਚਾਰਕ ਭਾਈ ਸੁਖਦੀਪ ਸਿੰਘ ਵਲੋਂ ਵੱਖ-ਵੱਖ ਪਿੰਡਾਂ ਵਿੱਚ ਕਲਾਸਾਂ ਲਗਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਪਿੰਡ ਮੁਰਾਦਪੁਰ ਜ਼ਿਲਾ ਹੁਸ਼ਿਆਰਪੁਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਏ ਸਮਾਗਮ ਵਿਚ ਕਥਾ ਵੀਚਾਰ ਕੀਤੀ ਗਈ। ਪਿੰਡ ਮਾਧੋਪੁਰ ਵਿਖੇ ਹੋਏ ਸਮਾਗਮ ਵਿਚ ਕਥਾ-ਵੀਚਾਰ ਕੀਤੀ ਗਈ। ਪਿੰਡ ਡੱਲੀ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ ਅਤੇ ਲੜੀਵਾਰ ਗੁਰਬਾਣੀ ਵੀਚਾਰ ਸੰਗਤ ਨਾਲ ਸਾਂਝੇ ਕੀਤੇ ਜਾਂਦੇ ਹਨ।

**ਪੰਜਾਬ ਤੋਂ ਬਾਹਰ ਦੇ ਕੇਂਦਰ–**

**15. ਗਾਂਧੀਧਾਮ (ਗੁਜਰਾਤ) (98057-08111)–** ਪ੍ਰਚਾਰਕ ਭਾਈ ਜਸਪ੍ਰੀਤ ਸਿੰਘ ਵਲੋਂ ਗੁਜਰਾਤ ਵਿੱਚ ਕੱਛ ਜਿਲ੍ਹੇ ਦੇ ਗਾਂਧੀਧਾਮ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੰਘ ਸਭਾ ਦੇ ਸਹਿਯੋਗ ਨਾਲ ਗੁਰਮਤਿ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਵਿੱਚ ਬੱਚੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਪ੍ਰਾਪਤ ਕਰਦੇ ਹਨ।

**16. ਸਿੰਬਲ ਕੈਂਪ (ਜੰਮੂ) (90865-31984)–** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਗੁਰਦੁਆਰਾ ਸਾਹਿਬ ਟਾਹਲੀ ਮੋੜ, ਗੁਰਦੁਆਰਾ ਮੁਰਾਲੀਆਂ ਮੀਰਾਂ ਸਾਹਿਬ ਅਤੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਊਆਂ ਵਿਖੇ ਬੱਚਿਆਂ ਦੀਆਂ ਕਲਾਸਾਂ ਲਗਾ ਕੇ ਉਹਨਾਂ ਨੂੰ ਗੁਰਬਾਣੀ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਗੁਰਦੁਆਰਾ ਫਿੰਦੜ ਆਰ. ਐਸ.ਪੁਰਾ ਵਿਖੇ ਸ਼ਾਮ ਨੂੰ ਬੱਚਿਆਂ ਦੀ ਸਭਾ ਲਗਾਈ ਜਾਂਦੀ ਹੈ। ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਊਆਂ ਆਰ. ਐਸ.ਪੁਰਾ ਵਿਖੇ ਵੱਡਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ।

**17. ਜਰਮਨ (00491631892161)–** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**18. ਜਮਸ਼ੇਦਪੁਰ (ਟਾਟਾ ਨਗਰ)–** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**19. ਬੜਾ ਗੁੜਾ (ਸਿਰਸਾ) (63981-69412)–** ਪ੍ਰਚਾਰਕ ਭਾਈ ਯੁਵਰਾਜ ਸਿੰਘ ਵਲੋਂ ਪਿੰਡ ਬੜਾ ਗੁੜਾ ਦੇ ਗੁਰਦੁਆਰਾ ਭੱਠਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਲੜੀਵਾਰ ਕਥਾ-ਵੀਚਾਰ ਕੀਤੀ ਜਾਂਦੀ ਹੈ। ਕੇਂਦਰ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ।

**20. ਇੰਫਾਲ (ਮਨੀਪੁਰ):–** ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

**ਸਫਾ 38 ਦਾ ਬਾਕੀ**

1. ਓਮੇਗਾ ਤਿੰਨ ਫੈਟੀ ਏਸਿਡ ਜੋੜਾਂ ਨੂੰ ਤੰਦਰੁਸਤ ਰੱਖਣ ਵਿਚ ਮਦਦ ਕਰਦੇ ਹਨ। ਇਸੇ ਲਈ ਸੁੱਕੇ ਮੇਵੇ ਜਿਵੇਂ ਬਦਾਮ, ਅਖਰੋਟ ਅਤੇ ਚੀਆ ਬੀਜ, ਅਲਸੀ ਜ਼ਰੂਰ ਲੈਂਦੇ ਰਹਿਣਾ ਚਾਹੀਦਾ ਹੈ।
2. ਮੱਛੀ
3. ਫਲ ਜਿਵੇਂ ਬਲੂਬੈਰੀਆਂ, ਅਨਾਨਾਸ
4. ਸਬਜ਼ੀਆਂ ਜਿਵੇਂ ਟਮਾਟਰ, ਫੁੱਲ ਗੋਭੀ, ਬਰੋਕਲੀ, ਹਰੀਆਂ ਫਲੀਆਂ ਆਦਿ।
5. ਦਾਲਾਂ, ਸੋਇਆਬੀਨ
6. ਓਲਿਵ ਤੇਲ
7. ਛਾਣਬੂਰੇ ਵਾਲਾ ਆਟਾ, ਖ਼ਾਸ ਕਰ ਰਾਗੀ ਦਾ ਆਟਾ ਅਤੇ ਕੋਧਰਾ
8. ਗੰਢੇ, ਅਦਰਕ, ਥੋਮ, ਹਲਦੀ
9. ਡਾਰਕ ਚਾਕਲੇਟ

**ਕਿਹੜੇ ਖਾਣੇ ਨਹੀਂ ਖਾਣੇ ਚਾਹੀਦੇ :–**

* ਪ੍ਰੋਸੈੱਸਡ ਖਾਣੇ
* ਤਲੇ ਖਾਣੇ
* ਓਮੇਗਾ 6 ਫੈੱਟੀ ਏਸਿਡ, ਸੈਚੂਰੇਟਿਡ ਥਿੰਦਾ
* ਖੰਡ

**ਸਾਰ :–**

ਗੱਡੀ ਵੀ ਜੇ ਬਹੁਤੀ ਦੇਰ ਖੜ੍ਹੀ ਰਹੇ ਤਾਂ ਜਾਮ ਹੋ ਜਾਂਦੀ ਹੈ। ਇੰਜ ਹੀ ਸਰੀਰ ਨੂੰ ਜੇ ਨਾ ਤੋਰਿਆ ਜਾਵੇ ਤਾਂ ਸਰੀਰ ਅੰਦਰਲਾ ਸਾਰਾ ਕਾਰਖ਼ਾਨਾ ਹੀ ਜਾਮ ਹੋ ਜਾਂਦਾ ਹੈ। ਇਸੇ ਲਈ ਰੋਜ਼ਾਨਾ ਦੀ ਕਸਰਤ, ਸੰਤੁਲਿਤ ਖ਼ੁਰਾਕ, ਬੈਠਨ ਦਾ ਸਹੀ ਢੰਗ ਅਪਨਾਉਣ ਤੇ ਬੇਲੋੜੀ ਮੋਬਾਈਲ ਦੀ ਵਰਤੋਂ ਨਾ ਕਰਨਾ ਸਾਨੂੰ ਤੰਦਰੁਸਤ ਰੱਖਣ ਲਈ ਬੇਹਦ ਜ਼ਰੂਰੀ ਹਨ।

-0-

**ਸਫਾ 26 ਦਾ ਬਾਕੀ**

ਧੰਨ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਨੇ ਸਾਡਾ ਪੰਜਾਬੀਓ ਹੱਥ ਫੜਨਾ ਤੇ ਮਾਰਗ ਦਰਸ਼ਨ ਕਰਨਾ ਹੈ। "ਆਪਨ ਹਥੀ ਆਪਨਾ ਆਪੇ ਹੀ ਕਾਜ ਸਵਾਰੀਐ"

ਕਦੋਂ ਉਠਨਾ ਆਪਾਂ ? ਕਿਸ ਦਾ ਇੰਤਜ਼ਾਰ ਹੈ? ਪੰਜਾਬੀਓ ਹੋ ਅੱਜ ਵੀ ਸਭ ਕੁਝ ਸਕਦਾ ਹੈ। ਰਤਾ ਵੀ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਪੰਜਾਬ ਨੂੰ ਆਪਣਾ ਕਹਿਣ ਤੇ ਮੰਨਣ ਦੀ ਸੱਚੇ ਦਿਲੋਂ ਲੋੜ ਹੈ। "ਨਹ ਬਿਲੰਬ ਧਰਮੰ ਬਿਲੰਬ ਪਾਪੰ॥ "

ਆਓ ਜੀ ਪੰਜਾਬੀਓ ਉਠੀਏ ! ਬਿਨਾ ਦੇਰ ਉੱਠੀਏ ! !

ਉੱਠ ਪੰਜਾਬੀਆ ਉੱਠ ਬੈਠ ! ਨਹੀਂ ਜੱਗ ਵਿਚ ਕੋਈ ਸਾਨੀ ਤੇਰਾ।

ਤੇਰੇ ਸੁੱਤੇ ਹੋਣ ਕਰਕੇ ਹੀ ਹੈ ਪੰਜਾਬੀਆ ! ਤੇਰੇ ਚਾਰੇ ਤਰਫ ਅੰਧੇਰਾ।

ਆਓ ਮਨਾਂ ਦੀ ਮੈਲ ਧੋ ਲਈਏ ! ਮੰਨ ਲਈਏ ਪੰਜਾਬ ਸਾਡਾ ਹੈ। ਮੈਂ ਪੰਜਾਬੀ ਹਾਂ, ਮੇਰੀ ਮਾਂ ਬੋਲੀ ਪੰਜਾਬੀ ਸੀ, ਹੈ ਤੇ ਰਹੇਗੀ।

ਜੋੜੀਏ ਸਿਰ ਪੰਜਾਬ ਦੇ ਜਾਏ।

ਭਾਵੇਂ ਪਹਿਲਾਂ ਥੋੜੇ ਹੀ ਉੱਠਣ। ਦਰ- ਦਰ ਸਭ ਕੋਲ ਜਾ ਪੰਜਾਬ ਦੀ ਸਹੀ ਸਲਾਮਤੀ ਲਈ ਸੰਗ ਸ਼ਰਮ ਛੱਡ ਝੋਲੀ ਅੱਡ ਖੈਰ ਮੰਗਣ। -0-

## ਭਾਈ ਸਰਬਜੀਤ ਸਿੰਘ ਧੂੰਦਾ ਪਿੰਡ ਅਲੀਕਾਂ (ਮੰਡੀ ਡੱਬਵਾਲੀ) ਵਿਖੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ










## ਭਾਈ ਸਰਬਜੀਤ ਸਿੰਘ ਧੂੰਦਾ ਪਿੰਡ ਮਾਹਲਾਂ ਕਲਾਂ (ਮੋਗਾ) ਵਿਖੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ





## ਗੁਰਮਤਿ ਮੁਕਾਬਲਿਆਂ ਦੌਰਾਨ ਕਾਲਜ ਦੇ ਵਿਦਿਆਰਥੀਆਂ ਵਲੋਂ ਪੁਜੀਸ਼ਨਾਂ ਹਾਸਲ





4 ਫਰਵਰੀ 2024 ਨੂੰ ਸਾਹਿਬਜ਼ਾਦਾ ਫਤਹਿ ਸਿੰਘ ਨਗਰ ਵਿਖੇ ਹੋਏ ਗੁਰਮਤਿ ਮੁਕਾਬਲਿਆਂ ਵਿਚੋਂ ਕਾਲਜ ਦੇ ਵਿਦਿਆਰਥੀਆਂ ਨੇ ਸਵਾਲ ਜਵਾਬ ਮੁਕਾਬਲੇ ਵਿਚ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ ਹੈ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month









# ਅੰਤਰਰਾਸ਼ਟਰੀ ਸਿੱਖ ਨੌਜਵਾਨ ਅਸੈਂਬਲੀ 2024

24, 25 ਫਰਵਰੀ 2024 ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਪੰਜਾਬੀ ਬਾਗ ਲੁਧਿਆਣਾ ਵਲੋਂ ਅੰਤਰ ਰਾਸ਼ਟਰੀ ਸਿੱਖ ਨੌਜਵਾਨ ਅਸੈਂਬਲੀ ਸਭਾ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ 22 ਸੂਬਿਆਂ ਤੇ ਚਾਰ ਮੁਲਕਾਂ ਦੇ ਨੌਜਵਾਨ ਬੱਚਿਆਂ ਨੇ ਹਿੱਸਾ ਲਿਆ। ਨੌਜਵਾਨਾਂ ਵਿਚ ਭਾਈ ਗੌਰਵਦੀਪ ਸਿੰਘ ਸਿੱਖ ਕੌਮ ਦੇ ਉੱਘੇ ਪੰਥ ਦਰਦੀ ਪ੍ਰਿੰਸੀਪਲ ਜਗਜੀਤ ਸਿੰਘ ਜੀ ਸਿਦਕੀ ਦੇ ਦੋਹਤਰੇ ਹਨ। ਭਾਈ ਗੌਰਵਦੀਪ ਸਿੰਘ ਨੇ ਉਦਮ ਕਰਕੇ ਇਹ ਪ੍ਰੋਗਰਾਮ ਉਲੀਕਿਆ । ਨੌਜਵਾਨਾਂ ਵਿਚ ਨਵੀਂ ਰੂਹ ਫੂਕਣ ਲਈ ਤਿੰਨ ਵਿਸ਼ਿਆਂ ਦੀ ਚੋਣ ਕੀਤੀ ਗਈ। ਪਹਿਲਾ ਸਿੱਖ ਨੌਜਵਾਨਾਂ ਦੀ ਐਜੂਕੇਸ਼ਨ, ਦੂਜਾ ਨੌਜਵਾਨਾਂ ਦਾ ਕੈਰੀਅਰ ਅਤੇ ਤੀਜਾ ਸਿੱਖੀ ਸਰੂਪ।

ਨਿਰਵਾਣਾ ਕਲੱਬ, ਲੁਧਿਆਣਾ ਵਿਖੇ ਪੂਰੀ ਤਰ੍ਹਾਂ ਅਸੈਂਬਲੀ ਵਾਲਾ ਮਾਹੌਲ ਤਿਆਰ ਕੀਤਾ ਗਿਆ। ਸਪੀਕਰ, ਕਨਵੀਨਰ ਅਤੇ ਜਨਰਲ ਸਕੱਤਰ ਸਾਰੀ ਅਸੈਂਬਲੀ ਦੀ ਕਾਰਵਾਈ ਨੂੰ ਚਲਾ ਰਹੇ ਸਨ। ਡਾਕਟਰ ਅਰਸ਼ਦੀਪ ਸਿੰਘ ਨੇ ਸਪੀਕਰ ਅਤੇ ਇੰਜੀ. ਅਰਸ਼ਦੀਪ ਸਿੰਘ ਨੇ ਜਨਰਲ ਸਕੱਤਰ ਦੀ ਭੂਮਿਕਾ ਨਿਭਾਈ। ਦੂਜੀ ਸਟੇਜ 'ਤੇ ਤਿਆਰ ਬਰ ਤਿਆਰ ਪੰਜ ਸਿੰਘ ਬੈਠਾਏ ਗਏ। ਅਸੈਂਬਲੀ ਵਾਂਗ ਨੌਜਵਾਨਾਂ ਦੇ ਬੈਠਣ ਲਈ ਮੇਜ਼, ਮਾਈਕ, ਲਿਖਣ ਵਾਲੀ ਸਮੱਗਰੀ ਰੱਖੀ ਗਈ। ਸਟੇਜ ਦੇ ਖੱਬੇ ਹੱਥ ਪਤਵੰਤੇ ਸੱਜਣਾਂ ਦੇ ਬੈਠਣ ਲਈ ਗੈਲਰੀ ਤਿਆਰ ਕੀਤੀ ਗਈ। ਅਤੇ ਪਿਛਲੇ ਪਾਸੇ ਬਾਕੀ ਸਰੋਤਿਆਂ ਦੇ ਬੈਠਣ ਦਾ ਪ੍ਰਬੰਧ ਕੀਤਾ ਗਿਆ। ਸੈਸ਼ਨ ਦੀ ਅਰੰਭਤਾ ਅਰਦਾਸ ਕਰਕੇ ਕੀਤੀ ਗਈ। ਇਸ ਵਿਚ ਤਕਰੀਬਨ 15 ਬੁਲਾਰਿਆਂ ਨੇ ਭਾਗ ਲਿਆ। ਨੌਜਵਾਨ ਬੱਚਿਆਂ ਨੇ ਬਹੁਤ ਡੂੰਘੀਆਂ ਵਿਚਾਰਾਂ ਰੱਖੀਆਂ। ਹਰ ਬੁਲਾਰੇ ਦੀ ਹਰ ਵਿਚਾਰ ਸੁਣਨ ਵਾਲੀ ਸੀ।

ਇਹ ਸਾਰਾ ਪ੍ਰੋਗਰਾਮ ਸ਼ਾਮ ਮਿੱਥੇ ਸਮੇਂ ਅਨੁਸਾਰ ਛੇ ਵਜੇ ਸਮਾਪਤ ਹੋਇਆ। ਬਾਹਰਲੇ ਸੂਬਿਆਂ ਤੋਂ ਆਏ ਨੌਜਵਾਨਾਂ ਦੇ ਠਹਿਰਨ ਲਈ ਹੋਟਲ ਵਿਚ ਪ੍ਰਬੰਧ ਕੀਤਾ ਗਿਆ ਸੀ। ਰਾਤ ਦਾ ਲੰਗਰ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਿਚ ਰੱਖਿਆ ਗਿਆ। ਅਗਲੇ ਦਿਨ ਦਾ ਪ੍ਰੋਗਰਾਮ ਠੀਕ ਨੌਂ ਵਜੇ ਸ਼ੁਰੂ ਕੀਤਾ ਗਿਆ। ਸਭ ਤੋਂ ਪਹਿਲਾਂ ਉਨ੍ਹਾਂ ਬੁਲਾਰਿਆਂ ਨੂੰ ਸਮਾਂ ਦਿੱਤਾ ਗਿਆ ਜਿਹੜੇ ਪਹਿਲੇ ਦਿਨ ਰਹਿ ਗਏ ਸਨ। ਅਗਲੇ ਪੜਾਅ ਵਿਚ ਪੰਜਾਂ ਦੇ ਪੈਨਲ ਵਲੋਂ ਡਿਸਕਸ਼ਨ ਕੀਤੀ ਗਈ ਅਤੇ ਨੌਜਵਾਨਾਂ ਵਲੋਂ ਪੁੱਛੇ ਸਵਾਲਾਂ ਦੇ ਜਵਾਬ ਦਿੱਤੇ ਗਏ। ਕਾਲਜ ਵਲੋਂ ਆਈਆਂ ਸ਼ਖਸੀਅਤਾਂ ਨੂੰ ਯਾਦਗਾਰੀ ਚਿੰਨ੍ਹ ਦਿੱਤੇ ਗਏ।

ਜੰਮੂ ਤੋਂ ਆਏ ਨੌਜਵਾਨ ਚੰਦਦੀਪ ਸਿੰਘ ਨੇ ਦਿਲ ਚੀਰਵੇਂ ਸ਼ਬਦਾਂ ਵਿਚ ਆਪਣੀ ਜੀਵਨ ਗਾਥਾ ਸੁਣਾਈ। ਇਸ ਪਿਆਰੇ ਬੱਚੇ ਦੀਆਂ ਦੋਵੇਂ ਬਾਹਵਾਂ ਨਹੀਂ ਸਨ। ਇਹ ਬੱਚਾ (ਚੰਦਦੀਪ ਸਿੰਘ) ਅੰਤਰਰਾਸ਼ਟਰੀ ਪੱਧਰ ਤਕ ਕਈ ਖੇਡਾਂ ਵਿਚ ਮੈਡਲ ਲੈ ਚੁੱਕਿਆ ਹੈ। ਇਹ ਸਾਰਾ ਸਮਾਗਮ ਨਵੀਆਂ ਪੈੜਾਂ ਛੱਡਦਾ ਹੋਇਆ ਅਗਲਾ ਸਮਾਗਮ ਦਿੱਲੀ ਵਿਚ ਕਰਨ ਦੀ ਪ੍ਰਵਾਨਗੀ, ਅਰਦਾਸ ਅਤੇ ਜੈਕਾਰਿਆਂ ਦੀ ਗੂੰਜ ਵਿਚ ਸਮਾਪਤ ਹੋਇਆ। ਇਸ ਸਾਰੀ ਅਸੈਂਬਲੀ ਦਾ ਮਨੋਰਥ ਇਹ ਸੀ ਕਿ ਕੌਮ ਦੇ ਚੁਣਿੰਦਾ ਨੌਜਵਾਨਾਂ ਨੂੰ ਇਕ ਪਲੇਟਫਾਰਮ 'ਤੇ ਇਕੱਠਿਆਂ ਪੰਥਕ ਮੁੱਦਿਆਂ ਤੇ ਨਿੱਠ ਕੇ ਵਿਚਾਰ ਕਰਨ ਦਾ ਮੌਕਾ ਦਿੱਤਾ ਜਾਏ। ਇਸ ਅਸੈਂਬਲੀ ਵਿਚ ਤਿੰਨ ਕਮੇਟੀਆਂ ਬਣਾਈਆਂ ਗਈਆਂ, ਜੋ ਅਗਲੇ ਇਕ ਸਾਲ ਲਈ ਕੌਮ ਦੇ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਲਈ ਕੰਮ ਕਰਨਗੀਆਂ।

ਪੇਸ਼ਕਸ਼ ਅਦਾਰਾ ਗੁਰਮਤਿ ਵਿਰਸਾ

